5-OCT-PAGE-1.qxd 10/4/2024 8:17 PM Page 1

ਸ਼ਨੀਵਾਰ, 5 ਅਕਤੂਬਰ, 2024
20 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 125

# ਨਵਾਂ ਜ਼ਮਾਨਾ

DAILY NAWAN ZAMANA • SATURDAY, 5 OCTOBER, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਲੈਫਟੀਨੈਂਟ ਗਵਰਨਰ ! ਏਨੀ ਵੀ ਕਾਹਦੀ ਕਾਹਲੀ, ਜਮਹੂਰੀਅਤ ਨੂੰ ਕਿਉਂ ਖਤਰੇ 'ਚ ਪਾ ਰਹੇ ਹੋ ?

### ਪਟੀਸ਼ਨ ਦੇ ਨਿਬੇੜੇ ਤੱਕ ਦਿੱਲੀ ਨਗਰ ਨਿਗਮ ਦੀ ਸਟੈਂਡਿੰਗ ਕਮੇਟੀ ਦੇ ਚੇਅਰਪਰਸਨ ਦੀ ਚੋਣ 'ਤੇ ਰੋਕ


ਲੈਫਟੀਨੈਂਟ ਗਵਰਨਰ।

**ਨਵੀਂ ਦਿੱਲੀ** : ਨਗਰ ਨਿਗਮ ਦਿੱਲੀ ਦੀ ਸਟੈਂਡਿੰਗ ਕਮੇਟੀ ਦੇ ਛੇਵੇਂ ਮੈਂਬਰ ਦੀ ਚੋਣ ਲਈ ਆਪਣੀਆਂ ਕਾਰਜਕਾਰੀ ਤਾਕਤਾਂ ਦੀ ਵਰਤੋਂ ਕਰਨ ਵਿਚ ਦਿੱਲੀ ਦੇ ਲੈਫਟੀਨੈਂਟ ਗਵਰਨਰ (ਐੱਲ ਜੀ) ਵੀ ਕੇ ਸਕਸੈਨਾ ਵੱਲੋਂ ਦਿਖਾਈ ਕਾਹਲੀ 'ਤੇ ਸ਼ੁੱਕਰਵਾਰ ਕਿੰਤੂ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਜੇ ਉਹ ਨਗਰ ਨਿਗਮ ਕਾਨੂੰਨ ਤਹਿਤ ਮਿਲੀਆਂ ਕਾਰਜਕਾਰੀ ਤਾਕਤਾਂ ਦੀ ਵਰਤੋਂ ਚੋਣ ਕਰਾਉਣ ਲਈ ਕਰਨਗੇ ਤਾਂ ਜਮਹੂਰੀਅਤ ਖਤਰੇ ਵਿਚ ਪੈ ਜਾਵੇਗੀ।

ਜਸਟਿਸ ਪੀ ਐੱਸ ਨਰਸਿਮ੍ਹਾ ਦੀ ਅਗਵਾਈ ਵਾਲੀ ਬੈਂਚ ਨੇ ਐੱਲ ਜੀ ਦੀ ਪੈਰਵੀ ਕਰ ਰਹੇ ਸੀਨੀਅਰ ਵਕੀਲ ਸੰਜੇ ਜੈਨ ਨੂੰ ਕਿਹਾ—ਚੋਣ ਕਰਾਉਣ ਦੀ ਏਨੀ ਕਿਹੜੀ ਕਾਹਲੀ ਸੀ? ਤੁਸੀਂ (ਐੱਲ ਜੀ) ਸੈਕਸ਼ਨ 487 ਤਹਿਤ ਚੋਣ ਕਰਾਉਣ ਦੀ ਤਾਕਤ ਕਿੱਥੋਂ ਲੈ ਲਈ? ਸੈਕਸ਼ਨ 487 ਕਾਰਜਕਾਰੀ ਤਾਕਤ ਹੈ, ਇਹ ਵਿਧਾਨਕ ਕੰਮਕਾਜ ਵਿਚ ਦਖਲ ਦੇਣ ਲਈ ਨਹੀਂ। ਇਹ ਇਕ ਮੈਂਬਰ ਦੀ ਚੋਣ ਹੈ। ਜੇ ਤੁਸੀਂ ਇਸੇ ਤਰ੍ਹਾਂ ਦਖਲਅੰਦਾਜ਼ੀ ਕਰਦੇ ਰਹੇ ਤਾਂ ਜਮਹੂਰੀਅਤ ਦਾ ਕੀ ਬਣੂੰ?

ਜੈਨ ਨੇ ਇਹ ਕਹਿੰਦਿਆਂ ਐੱਲ ਜੀ ਦਾ ਬਚਾਅ ਕੀਤਾ ਕਿ ਮੇਅਰ ਸ਼ੈਲੀ ਓਬਰਾਇ ਨੇ ਖੁਦ ਪੰਜ ਅਕਤੂਬਰ ਨੂੰ ਹੋਣ ਵਾਲੀ ਚੋਣ ਮੁਲਤਵੀ ਕਰਕੇ ਅਸਾਮੀ ਇਕ ਮਹੀਨੇ ਵਿਚ ਪੁਰ ਕਰਨ ਦੇ ਸੁਪਰੀਮ ਕੋਰਟ ਦੇ ਹੁਕਮ ਦੀ ਉਲੰਘਣਾ ਕੀਤੀ। ਜਦੋਂ ਜੈਨ ਨੇ ਕਿਹਾ ਕਿ ਨਵੇਂ ਚੁਣੇ ਗਏ ਮੈਂਬਰ ਨੂੰ ਪਟੀਸ਼ਨ ਵਿਚ ਧਿਰ ਨਹੀਂ ਬਣਾਇਆ ਗਿਆ ਤਾਂ ਬੈਂਚ ਨੇ ਕਿਹਾ ਕਿ ਸਾਰੇ ਇਤਰਾਜ਼ ਸੁਣਾਂਗੇ।

ਦਿੱਲੀ ਨਗਰ ਨਿਗਮ ਦੀ ਸਭ ਤੋਂ ਸ਼ਕਤੀਸ਼ਾਲੀ 18 ਮੈਂਬਰੀ ਸਟੈਂਡਿੰਗ ਕਮੇਟੀ ਦੀ ਆਖਰੀ ਸੀਟ ਦੀ ਚੋਣ 27 ਸਤੰਬਰ ਨੂੰ ਹੋਈ ਸੀ। ਨਗਰ ਨਿਗਮ 'ਤੇ ਕਾਬਜ਼ ਆਮ ਆਦਮੀ ਪਾਰਟੀ ਨੇ ਇਸ ਦਾ ਬਾਈਕਾਟ ਕੀਤਾ ਤੇ ਭਾਜਪਾ ਦੇ ਸੁੰਦਰ ਸਿੰਘ ਬਿਨਾਂ ਮੁਕਾਬਲਾ ਜੇਤੂ ਰਹੇ। ਆਪ ਦੇ ਕੌਂਸਲਰਾਂ ਦੇ ਦੋਸ਼ ਲਾਇਆ ਸੀ ਕਿ ਚੋਣ ਦਿੱਲੀ ਨਗਰ ਨਿਗਮ ਐਕਟ ਦੀ ਉਲੰਘਣਾ ਕਰਕੇ ਕਰਵਾਈ ਜਾ ਰਹੀ ਹੈ। ਇਸ ਚੋਣ ਨੂੰ ਮੇਅਰ ਓਬਰਾਇ ਨੇ ਸੁਪਰੀਮ ਕੋਰਟ ਵਿਚ ਚੈਲਿੰਜ ਕੀਤਾ ਹੈ। ਓਬਰਾਇ ਵੱਲੋਂ ਪੇਸ਼ ਸੀਨੀਅਰ ਵਕੀਲ ਏ ਐੱਮ ਸਿੰਘਵੀ ਨੇ ਕੋਰਟ ਨੂੰ ਅਪੀਲ ਕੀਤੀ ਕਿ ਫੈਸਲਾ ਹੋਣ ਤੱਕ ਉਹ ਸਟੈਂਡਿੰਗ ਕਮੇਟੀ ਦੇ ਚੇਅਰਪਰਸਨ ਦੀ ਚੋਣ ਸਟੇਅ ਕਰ ਦੇਣ।

ਬੈਂਚ, ਜਿਸ ਵਿਚ ਜਸਟਿਸ ਆਰ ਮਹਾਦੇਵਨ ਵੀ ਸ਼ਾਮਲ ਹਨ, ਨੇ ਐੱਲ ਜੀ ਨੂੰ ਕਿਹਾ ਕਿ ਜਦੋਂ ਤੱਕ ਮਾਮਲੇ ਦਾ ਫੈਸਲਾ ਨਹੀਂ ਹੁੰਦਾ, ਉਹ ਚੇਅਰਪਰਸਨ ਦੀ ਚੋਣ ਨਾ ਕਰਾਉਣ। ਬੈਂਚ ਨੇ ਐਡਵੋਕੇਟ ਜੈਨ ਨੂੰ ਕਿਹਾ—ਅਸੀਂ ਤੁਹਾਨੂੰ ਅਜੇ ਸਿਰਫ ਕਹਿ ਰਹੇ ਹਾਂ ਕਿ ਚੋਣ ਨਾ ਕਰਾਇਓ। ਜੇ ਚੇਅਰਪਰਸਨ ਦੀ ਚੋਣ ਕਰਾਈ ਤਾਂ ਗੰਭੀਰਤਾ ਨਾਲ ਲਵਾਂਗੇ।

ਐੱਲ ਜੀ ਦਫਤਰ ਨੂੰ ਓਬਰਾਇ ਦੀ ਪਟੀਸ਼ਨ ਦਾ ਦੋ ਹਫਤਿਆਂ ਵਿਚ ਜਵਾਬ ਦੇਣ ਦਾ ਨੋਟਿਸ ਦਿੰਦਿਆਂ ਬੈਂਚ ਨੇ ਸੁਣਵਾਈ ਦੁਸਹਿਰੇ ਤੋਂ ਬਾਅਦ ਦੀ ਪਾ ਦਿੱਤੀ।

ਕੋਰਟ ਨੇ ਅਗਸਤ ਵਿਚ ਰੂਲਿੰਗ ਦਿੱਤੀ ਸੀ ਕਿ ਕਾਨੂੰਨ ਐੱਲ ਜੀ ਨਗਰ ਨਿਗਮ ਵਿਚ ਐਲਡਰਮੈਨ ਨਾਮਜ਼ਦ ਕਰਨ ਦੀ ਆਗਿਆ ਦਿੰਦਾ ਹੈ ਅਤੇ ਇਸ ਲਈ ਉਸ ਨੂੰ ਮੰਤਰੀ ਪ੍ਰੀਸ਼ਦ ਦੀ ਸਲਾਹ ਲੈਣ ਦੀ ਲੋੜ ਨਹੀਂ।

ਕੋਰਟ ਨੇ ਦਿੱਲੀ ਸਰਕਾਰ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ, ਜਿਸ ਵਿਚ ਉਸ ਨੇ ਮੁੱਖ ਮੰਤਰੀ ਦੀ ਅਗਵਾਈ ਵਾਲੀ ਮੰਤਰੀ ਪ੍ਰੀਸ਼ਦ ਦੀ ਸਲਾਹ ਤੋਂ ਬਿਨਾਂ 10 ਐਲਡਰਮੈਨ ਨਾਮਜ਼ਦ ਕਰਨ ਦੇ ਐੱਲ ਜੀ ਦੇ ਅਧਿਕਾਰ ਨੂੰ ਵੰਗਾਰਿਆ ਸੀ।

ਨਗਰ ਨਿਗਮ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਭਾਜਪਾ ਨੂੰ ਹਰਾ ਦਿੱਤਾ ਸੀ, ਪਰ ਐੱਲ ਜੀ ਵੱਲੋਂ ਐਲਡਰਮੈਨ ਨਾਮਜ਼ਦ ਕਰਨ ਨਾਲ ਵੱਖ-ਵੱਖ ਕਮੇਟੀਆਂ ਵਿਚ ਆਮ ਆਦਮੀ ਪਾਰਟੀ ਦੀ ਪੁਜ਼ੀਸ਼ਨ ਕਮਜ਼ੋਰ ਹੋ ਗਈ ਸੀ।

## ਅਦਾਲਤ ਨੂੰ 'ਸਿਆਸੀ ਮੈਦਾਨ-ਏ-ਜੰਗ' ਬਣਾਉਣ ਖਿਲਾਫ ਚਿਤਾਵਨੀ

### ਲੱਡੂਆਂ ਦੀ ਜਾਂਚ ਲਈ ਨਵੀਂ ਸਿੱਟ ਕਾਇਮ



**ਨਵੀਂ ਦਿੱਲੀ** : ਤਿਰੂਪਤੀ ਲੱਡੂਆਂ ਵਿਚ ਕਥਿਤ ਤੌਰ 'ਤੇ ਪਸ਼ੂਆਂ ਦੀ ਚਰਬੀ ਮਿਲਾਏ ਜਾਣ ਦੇ ਦੋਸ਼ਾਂ ਦੇ ਮਾਮਲੇ ਦੀ ਤਫਤੀਸ਼ ਲਈ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨਵੀਂ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਉਣ ਦਾ ਫੈਸਲਾ ਕੀਤਾ। ਇਸ ਟੀਮ ਵਿਚ ਸੀ ਬੀ ਆਈ, ਆਂਧਰਾ ਪ੍ਰਦੇਸ਼ ਪੁਲਸ ਅਤੇ ਖੁਰਾਕ ਸੰਬੰਧੀ ਭਾਰਤੀ ਅਦਾਰੇ (ਫਸਾਇ) ਦੇ ਇਕ-ਇਕ ਅਧਿਕਾਰੀ ਸ਼ਾਮਲ ਹੋਣਗੇ। ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਇਸ ਜਾਂਚ ਦੀ ਨਿਗਰਾਨੀ ਸੀ ਬੀ ਆਈ ਦੇ ਡਾਇਰੈਕਟਰ ਰੱਖਣਗੇ। ਬੈਂਚ ਨੇ ਨਾਲ ਹੀ ਸਾਫ ਕਰ ਦਿੱਤਾ ਕਿ ਅਦਾਲਤ ਨੂੰ 'ਸਿਆਸੀ ਮੈਦਾਨ-ਏ-ਜੰਗ' ਵਜੋਂ ਵਰਤੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਬੈਂਚ ਨੇ ਇਹ ਫੈਸਲਾ ਇਸ ਸੰਬੰਧੀ ਦਾਇਰ ਵੱਖੋ-ਵੱਖ ਪਟੀਸ਼ਨਾਂ ਉਤੇ ਸੁਣਾਇਆ ਹੈ, ਜਿਨ੍ਹਾਂ ਵਿਚ ਉਹ ਪਟੀਸ਼ਨਾਂ ਵੀ ਸ਼ਾਮਲ ਹਨ, ਜਿਨ੍ਹਾਂ ਵਿਚ ਮਾਮਲੇ ਦੀ ਜਾਂਚ ਅਦਾਲਤ ਦੀ ਨਿਗਰਾਨੀ ਹੇਠ ਕਰਾਉਣ ਦੀ ਮੰਗ ਕੀਤੀ ਗਈ ਸੀ। ਬੈਂਚ ਨੇ ਕਿਹਾ-ਅਸੀਂ ਨਹੀਂ ਚਾਹੁੰਦੇ ਕਿ ਇਹ ਮਾਮਲਾ ਕੋਈ ਸਿਆਸੀ ਡਰਾਮਾ ਬਣ ਜਾਵੇ।

## ਕੋਟੇ 'ਚੋਂ ਕੋਟੇ ਦੇ ਫੈਸਲੇ 'ਤੇ ਨਜ਼ਰਸਾਨੀ ਤੋਂ ਨਾਂਹ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਆਪਣੇ ਉਸ ਫੈਸਲੇ 'ਤੇ ਨਜ਼ਰਸਾਨੀ ਕਰਨ ਦੀ ਮੰਗ ਕਰਦੀਆਂ ਪਟੀਸ਼ਨਾਂ ਸ਼ੁੱਕਰਵਾਰ ਰੱਦ ਕਰ ਦਿੱਤੀਆਂ, ਜਿਸ ਵਿਚ ਉਸ ਨੇ ਕਿਹਾ ਸੀ ਕਿ ਸੂਬਾ ਸਰਕਾਰਾਂ ਨੂੰ ਸੰਵਿਧਾਨਕ ਹੱਕ ਹੈ ਕਿ ਉਹ ਰਿਜ਼ਰਵੇਸ਼ਨ ਦੇਣ ਲਈ ਅਨੁਸੂਚਿਤ ਜਾਤਾਂ ਤੇ ਕਬੀਲਿਆਂ ਵਿਚ ਉਪ-ਜਾਤਾਂ ਬਣਾ ਸਕਦੀਆਂ ਹਨ। ਚੀਫ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਬੀ ਆਰ ਗਵਈ, ਵਿਕਰਮ ਸੇਠ, ਬੇਲਾ ਤ੍ਰਿਵੇਦੀ, ਪੰਕਜ ਮਿੱਤਲ, ਮਨੋਜ ਮਿਸ਼ਰਾ ਤੇ ਸਤੀਸ਼ ਚੰਦਰ ਸ਼ਰਮਾ ਉੱਤੇ ਅਧਾਰਤ ਸੱਤ ਮੈਂਬਰੀ ਸੰਵਿਧਾਨਕ ਬੈਂਚ ਨੇ ਕਿਹਾ ਕਿ ਉਨ੍ਹਾਂ ਨੂੰ ਫੈਸਲੇ ਵਿਚ ਕੋਈ ਤਰੁਟੀ ਨਜ਼ਰ ਨਹੀਂ ਆਉਂਦੀ। ਬੈਂਚ ਨੇ ਨਜ਼ਰਸਾਨੀ ਪਟੀਸ਼ਨਾਂ ਦੀ ਖੁੱਲ੍ਹੀ ਕੋਰਟ ਵਿਚ ਸੁਣਵਾਈ ਦੀ ਮੰਗ ਰੱਦ ਕਰ ਦਿੱਤੀ।

## ਹਰਿਆਣਾ 'ਚ ਅੱਜ ਵੋਟਰਾਂ ਦਾ ਦਿਨ, ਕੱਚਾ ਨਤੀਜਾ ਸ਼ਾਮੀਂ



**ਚੰਡੀਗੜ੍ਹ** : 90 ਮੈਂਬਰੀ ਹਰਿਆਣਾ ਅਸੰਬਲੀ ਲਈ ਸ਼ਨੀਵਾਰ ਵੋਟਾਂ ਪੈਣਗੀਆਂ। 101 ਮਹਿਲਾਵਾਂ ਸਣੇ 1031 ਉਮੀਦਵਾਰ ਮੈਦਾਨ ਵਿਚ ਹਨ।

ਮੁੱਖ ਮੁਕਾਬਲੇਬਾਜ਼ ਕਾਂਗਰਸ, ਭਾਜਪਾ, ਆਪ, ਇਨੈਲੋ-ਬਸਪਾ ਗੱਠਜੋੜ ਤੇ ਜੇ ਜੇ ਪੀ-ਆਜ਼ਾਦ ਸਮਾਜ ਪਾਰਟੀ ਗੱਠਜੋੜ ਹਨ। ਬਾਗੀ ਵੀ ਕਾਫੀ ਹਨ, ਜਿਹੜੇ ਖੇਡ ਵਿਗਾੜਨ ਦੀ ਤਾਕਤ ਰੱਖਦੇ ਹਨ। ਪਿਛਲੇ 10 ਸਾਲ ਤੋਂ ਭਾਜਪਾ ਸੱਤਾ ਵਿਚ ਹੈ, ਜਿਸ ਨੂੰ ਉਖਾੜਨ ਲਈ ਕਾਂਗਰਸ ਨੇ ਪੂਰਾ ਜ਼ੋਰ ਲਾਇਆ ਹੈ। ਇਸ ਤੋਂ ਪਹਿਲਾਂ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਅਸੰਬਲੀ ਲਈ ਇਕ ਅਕਤੂਬਰ ਨੂੰ ਵੋਟਾਂ ਪਈਆਂ ਸਨ। ਦੋਹਾਂ ਦੇ ਨਤੀਜੇ 8 ਅਕਤੂਬਰ ਨੂੰ ਨਿਕਲਣੇ ਹਨ।

ਉਂਜ ਹਰਿਆਣਾ ਵਿਚ ਵੋਟਾਂ ਖਤਮ ਹੋਣ ਤੋਂ ਬਾਅਦ ਸ਼ਾਮ ਨੂੰ ਦੋਹਾਂ ਰਾਜਾਂ ਦੇ ਐਗਜ਼ਿਟ ਪੋਲ ਆ ਜਾਣਗੇ, ਜਿਸ ਵਿਚ ਅੰਦਾਜ਼ਾ ਲੱਗ ਜਾਵੇਗਾ ਕਿ ਕਿਹੜੀ ਪਾਰਟੀ ਤੇ ਗੱਠਜੋੜ ਜਿੱਤਦੇ ਲੱਗਦੇ ਹਨ।

## ਆਲੋਚਨਾ 'ਤੇ ਹੀ ਪੱਤਰਕਾਰ ਫੌਜਦਾਰੀ ਕੇਸ 'ਚ ਨਾ ਟੰਗੇ ਜਾਣ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਇਕ ਅਹਿਮ ਹੁਕਮ ਜਾਰੀ ਕਰਦਿਆਂ ਕਿਹਾ ਕਿ ਸਰਕਾਰਾਂ ਵੱਲੋਂ ਮਹਿਜ਼ ਇਸ ਆਧਾਰ ਉਤੇ ਪੱਤਰਕਾਰਾਂ ਖਿਲਾਫ ਫੌਜਦਾਰੀ ਕੇਸ ਨਾ ਦਰਜ ਕੀਤੇ ਜਾਣ ਕਿ ਉਨ੍ਹਾਂ ਦੀਆਂ ਲਿਖਤਾਂ ਨੂੰ ਸਰਕਾਰ ਦੀ ਆਲੋਚਨਾ ਵਜੋਂ ਦੇਖਿਆ ਜਾਂਦਾ ਹੈ। ਸੁਪਰੀਮ ਕੋਰਟ ਦੇ ਜਸਟਿਸ ਰਿਸ਼ੀਕੇਸ਼ ਰਾਏ ਅਤੇ ਜਸਟਿਸ ਐੱਸ ਵੀ ਐੱਨ ਭੱਟੀ ਨੇ ਕਿਹਾ ਕਿ ਜਮਹੂਰੀ ਮੁਲਕਾਂ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਦੇਸ਼ ਵਿਚ ਪੱਤਰਕਾਰਾਂ ਦੇ ਹੱਕਾਂ ਨੂੰ ਸੰਵਿਧਾਨ ਦੀ ਧਾਰਾ 19 (1) (ਏ) ਤਹਿਤ ਸੁਰੱਖਿਅਤ ਕੀਤਾ ਗਿਆ ਹੈ। ਬੈਂਚ ਨੇ ਇਹ ਹੁਕਮ ਪੱਤਰਕਾਰ ਅਭਿਸ਼ੇਕ ਉਪਾਧਿਆਏ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਣਾਏ। ਉਪਾਧਿਆਏ ਨੇ ਉੱਤਰ ਪ੍ਰਦੇਸ਼ ਵਿਚ ਆਪਣੇ ਖਿਲਾਫ ਸੂਬੇ ਦੇ 'ਆਮ ਪ੍ਰਸ਼ਾਸਨ ਵਿਚ ਜਾਤ ਗਤੀਸ਼ੀਲਤਾ' ਵਿਸ਼ੇ ਉਤੇ ਇਕ ਰਿਪੋਰਟ ਨਸ਼ਰ ਕਰਨ ਬਦਲੇ ਦਾਇਰ ਕੀਤੀ ਗਈ ਐੱਫ ਆਈ ਆਰ ਨੂੰ ਰੱਦ ਕਰਨ ਦੀ ਮੰਗ ਸੁਪਰੀਮ ਕੋਰਟ ਤੋਂ ਕੀਤੀ ਹੈ। ਬੈਂਚ ਨੇ ਆਪਣੇ ਹੁਕਮਾਂ ਵਿਚ ਕਿਹਾ—ਮਹਿਜ਼ ਇਸ ਕਾਰਨ ਕਿ ਕਿਸੇ ਪੱਤਰਕਾਰ ਦੀਆਂ ਲਿਖਤਾਂ ਨੂੰ ਸਰਕਾਰ ਦੀ ਆਲੋਚਨਾ ਵਜੋਂ ਲਿਆ ਜਾਂਦਾ ਹੈ, ਲੇਖਕ ਖਿਲਾਫ ਫੌਜਦਾਰੀ ਮਾਮਲਾ ਦਰਜ ਨਹੀਂ ਕੀਤਾ ਜਾਣਾ ਚਾਹੀਦਾ। ਇਸ ਦੇ ਨਾਲ ਹੀ ਬੈਂਚ ਨੇ ਪਟੀਸ਼ਨ ਉਤੇ ਉੱਤਰ ਪ੍ਰਦੇਸ਼ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ ਹੈ। ਅਦਾਲਤ ਨੇ ਇਹ ਹੁਕਮ ਵੀ ਦਿੱਤਾ ਕਿ ਇਸ ਦੌਰਾਨ ਪਟੀਸ਼ਨਰ ਖਿਲਾਫ ਸੰਬੰਧਤ ਲੇਖ ਨੂੰ ਲੈ ਕੇ ਕੋਈ ਦੰਡਾਤਮਕ ਕਾਰਵਾਈ ਨਾ ਕੀਤੀ ਜਾਵੇ। ਮਾਮਲੇ ਦੀ ਅਗਲੀ ਸੁਣਵਾਈ 4 ਹਫਤੇ ਬਾਅਦ ਹੋਵੇਗੀ।

## ਭਾਜਪਾ ਵੱਲੋਂ ਜ਼ਿਮਨੀ ਚੋਣਾਂ ਲਈ ਇੰਚਾਰਜ ਨਾਮਜ਼ਦ

**ਚੰਡੀਗੜ੍ਹ** : ਪੰਜਾਬ ਅਸੰਬਲੀ ਦੀਆਂ ਚਾਰ ਸੀਟਾਂ ਦੀਆਂ ਜ਼ਿਮਨੀ ਚੋਣਾਂ ਲਈ ਭਾਜਪਾ ਨੇ ਇੰਚਾਰਜ, ਸਹਿ-ਇੰਚਾਰਜ, 18 ਮੰਡਲਾਂ ਲਈ ਕੋਆਰਡੀਨੇਟਰ ਅਤੇ ਕੋ-ਕੋਆਰਡੀਨੇਟਰ ਨਾਮਜ਼ਦ ਕੀਤੇ ਹਨ।

ਅਵਿਨਾਸ਼ ਰਾਏ ਖੰਨਾ ਗਿੱਦੜਬਾਹਾ ਹਲਕੇ ਦੇ ਇੰਚਾਰਜ ਜਦਕਿ ਦਿਆਲ ਸੋਢੀ ਸਹਿ-ਇੰਚਾਰਜ ਬਣਾਏ ਗਏ। ਮਨੋਰੰਜਨ ਕਾਲੀਆ ਬਰਨਾਲਾ ਹਲਕੇ ਦੇ ਇੰਚਾਰਜ ਤੇ ਜਗਮੋਹਨ ਸਿੰਘ ਰਾਜੂ ਸਹਿ-ਇੰਚਾਰਜ, ਸ਼ਵੇਤ ਮਲਿਕ ਚੱਬੇਵਾਲ ਦੇ ਇੰਚਾਰਜ ਤੇ ਪਰਮਿੰਦਰ ਬਰਾੜ ਸਹਿ-ਇੰਚਾਰਜ ਅਤੇ ਅਸ਼ਵਨੀ ਸ਼ਰਮਾ ਡੇਰਾ ਬਾਬਾ ਨਾਨਕ ਦੇ ਇੰਚਾਰਜ ਤੇ ਰਾਕੇਸ਼ ਰਾਠੌਰ ਸਹਿ-ਇੰਚਾਰਜ ਬਣਾਏ ਗਏ ਹਨ।

ਇਸ ਤੋਂ ਇਲਾਵਾ, ਭਾਜਪਾ ਦੇ ਜਨਰਲ ਸਕੱਤਰ ਅਨਿਲ ਸਰੀਨ ਮੀਡੀਆ, ਸੋਸ਼ਲ ਮੀਡੀਆ, ਆਈ ਟੀ ਅਤੇ ਹੋਰ ਪ੍ਰਸ਼ਾਸਨਕ ਮਾਮਲਿਆਂ ਦੇ ਇੰਚਾਰਜ ਹੋਣਗੇ।

## ਕੇਜਰੀਵਾਲ ਦਾ ਹੁਣ ਮਿੱਤਲ ਦੇ ਬੰਗਲੇ 'ਚ ਵਾਸਾ



**ਨਵੀਂ ਦਿੱਲੀ** : ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸ਼ੁੱਕਰਵਾਰ 6, ਫਲੈਗਸਟਾਫ ਰੋਡ ਸਥਿਤ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਖਾਲੀ ਕਰਕੇ ਪਰਵਾਰ ਸਣੇ ਲੁਟੀਅਨਜ਼ ਜ਼ੋਨ ਵਿਚਲੇ ਬੰਗਲੇ ਵਿਚ ਚਲੇ ਗਏ, ਜਿਹੜਾ ਪਾਰਟੀ ਦੇ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਨੂੰ ਸੰਸਦ ਮੈਂਬਰ ਵਜੋਂ ਮਿਲਿਆ ਹੋਇਆ ਹੈ। ਕੇਜਰੀਵਾਲ ਪਤਨੀ, ਪੁੱਤਰ ਤੇ ਮਾਤਾ-ਪਿਤਾ ਸਮੇਤ ਸਿਵਲ ਲਾਈਨਜ਼ ਇਲਾਕੇ ਵਿਚਲੀ ਮੁੱਖ ਮੰਤਰੀ ਦੀ ਰਿਹਾਇਸ਼ ਤੋਂ ਜਾਂਦੇ ਦਿਖਾਈ ਦਿੱਤੇ। ਦਿੱਲੀ ਆਬਕਾਰੀ ਨੀਤੀ ਸੰਬੰਧੀ ਕੇਸ ਕਾਰਨ ਅਸਤੀਫਾ ਦੇਣ ਵਾਲੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਪਾਰਟੀ ਦੇ ਇਕ ਹੋਰ ਸਾਂਸਦ ਹਰਭਜਨ ਸਿੰਘ ਭੱਜੀ ਦੀ ਕੋਠੀ ਵਿਚ ਰਹਿਣਗੇ।

## ਡੇਢ ਕਿੱਲੋ ਹੈਰੋਇਨ ਸਣੇ 2 ਗ੍ਰਿਫਤਾਰ



**ਚੰਡੀਗੜ੍ਹ** : ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਦੱਸਿਆ ਕਿ ਮੁਹਾਲੀ ਪੁਲਸ ਨੇ ਇੰਟਰਨੈਸ਼ਨਲ ਡਰੱਗ ਸਿੰਡੀਕੇਟ ਦਾ ਪਰਦਾਫਾਸ਼ ਕਰਕੇ ਸੁਖਦੀਪ ਸਿੰਘ ਤੇ ਕ੍ਰਿਸ਼ਨ ਨੂੰ ਡੇਢ ਕਿੱਲੋ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਹੈ। ਇਸ ਨੈੱਟਵਰਕ 'ਚ ਦਿੱਲੀ ਸਥਿਤ ਅਫਗਾਨ ਹੈਂਡਲਰਾਂ ਦੀ ਭੂਮਿਕਾ ਵੀ ਸਾਹਮਣੇ ਆਈ ਹੈ। ਯਾਦਵ ਨੇ ਦੱਸਿਆ ਕਿ ਸੁਖਦੀਪ ਸਿੰਘ 2020 ਦੇ ਅਗਵਾ ਦੇ ਇਕ ਕੇਸ ਵਿਚ ਸ਼ਾਮਲ ਸੀ ਅਤੇ ਮਈ 2024 ਵਿਚ ਹੀ ਜ਼ਮਾਨਤ ਉਤੇ ਬਾਹਰ ਆਇਆ ਸੀ। ਮੁਲਜ਼ਮ ਬਿਨਾਂ ਬਾਹਾਂ ਵਾਲੀਆਂ ਜੈਕਟਾਂ ਵਿਚ ਲੁਕਾ ਕੇ ਹੈਰੋਇਨ ਦੀ ਸਮਗਲਿੰਗ ਕਰਦੇ ਸਨ।

## ਬਸਤਰ 'ਚ 7 ਨਕਸਲੀ ਮੁਕਾਬਲੇ 'ਚ ਮਾਰੇ

**ਰਾਏਪੁਰ** : ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ ਸੁਰੱਖਿਆ ਜਵਾਨਾਂ ਨੇ ਸ਼ੁੱਕਰਵਾਰ ਮੁਕਾਬਲੇ ਵਿਚ 7 ਨਕਸਲੀ ਮਾਰ ਦਿੱਤੇ। ਮੁਕਾਬਲਾ ਨਾਰਾਇਣਪੁਰ ਤੇ ਦਾਂਤੇਵਾੜਾ ਜ਼ਿਲ੍ਹਿਆਂ ਦੀ ਹੱਦ 'ਤੇ ਦਿਨੇ ਕਰੀਬ ਇਕ ਵਜੇ ਸ਼ੁਰੂ ਹੋਇਆ ਸੀ। ਗੋਲੀਆਂ ਦੀਆਂ ਆਵਾਜ਼ਾਂ ਖਾਮੋਸ਼ ਹੋਣ ਤੋਂ ਬਾਅਦ ਨਕਸਲੀਆਂ ਦੀਆਂ 7 ਲਾਸ਼ਾਂ ਦੇ ਨਾਲ ਇਕ ਏ ਕੇ 47 ਰਾਈਫਲ, ਇਕ ਐੱਸ ਐੱਲ ਆਰ ਤੇ ਗੋਲੀ-ਸਿੱਕਾ ਮਿਲਿਆ। ਬਸਤਰ ਖੇਤਰ ਵਿਚ ਪੈਂਦੇ 7 ਜ਼ਿਲ੍ਹਿਆਂ ਵਿਚ ਸੁਰੱਖਿਆ ਬਲ ਇਸ ਸਾਲ ਹੁਣ ਤੱਕ 164 ਨਕਸਲੀਆਂ ਨੂੰ ਮਾਰ ਚੁੱਕੇ ਹਨ।



## ਮੋਦੀ ਦੀ ਥਾਂ ਜੈਸ਼ੰਕਰ ਪਾਕਿਸਤਾਨ ਜਾਣਗੇ



**ਨਵੀਂ ਦਿੱਲੀ** : ਸ਼ੰਘਾਈ ਕੋਆਪ੍ਰੇਸ਼ਨ ਆਰਗੇਨਾਈਜ਼ੇਸ਼ਨ (ਐੱਸ ਸੀ ਓ) ਦੇ ਪਾਕਿਸਤਾਨ ਵਿਚ 15 ਤੇ 16 ਅਕਤੂਬਰ ਨੂੰ ਹੋਣ ਵਾਲੇ ਸਿਖਰ ਸੰਮੇਲਨ ਵਿਚ ਭਾਰਤੀ ਵਫਦ ਦੀ ਅਗਵਾਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਥਾਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਕਰਨਗੇ। ਇਸ ਜਥੇਬੰਦੀ ਵਿਚ ਪਾਕਿਸਤਾਨ ਤੇ ਭਾਰਤ ਤੋਂ ਇਲਾਵਾ ਰੂਸ ਤੇ ਚੀਨ ਮੈਂਬਰ ਹਨ। ਪਾਕਿਸਤਾਨ ਨੇ ਮੋਦੀ ਨੂੰ ਸੱਦਾ ਘੱਲਿਆ ਸੀ। ਜਦੋਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਤੋਂ ਪੁੱਛਿਆ ਗਿਆ ਕਿ ਕੀ ਜੈਸ਼ੰਕਰ ਪਾਕਿਸਤਾਨੀ ਵਿਦੇਸ਼ ਮੰਤਰੀ ਨਾਲ ਵੱਖਰੀ ਮੁਲਾਕਾਤ ਵੀ ਕਰਨਗੇ ਤਾਂ ਉਨ੍ਹਾ ਕਿਹਾ ਕਿ ਦੌਰਾ ਖਾਸ ਤੌਰ 'ਤੇ ਸਿਖਰ ਸੰਮੇਲਨ ਲਈ ਹੈ। ਭਾਰਤ ਐੱਸ ਸੀ ਓ ਚਾਰਟਰ ਪ੍ਰਤੀ ਪ੍ਰਤੀਬੱਧ ਹੈ, ਇਸ ਕਰਕੇ ਵਿਦੇਸ਼ ਮੰਤਰੀ ਜਾ ਰਹੇ ਹਨ। ਇਸ ਦਾ ਕੋਈ ਹੋਰ ਮਤਲਬ ਨਾ ਕੱਢਿਆ ਜਾਵੇ।

ਇਸ ਤੋਂ ਪਹਿਲਾਂ 2015 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਚਾਨਕ ਲਾਹੌਰ ਪੁੱਜੇ ਸਨ। ਉਦੋਂ ਉਨ੍ਹਾ ਵੇਲੇ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਮੁਲਾਕਾਤ ਕੀਤੀ ਸੀ। ਉਸ ਤੋਂ ਬਾਅਦ ਦਸੰਬਰ 2015 ਵਿਚ ਵੇਲੇ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਪਾਕਿਸਤਾਨ ਗਈ ਸੀ।

## ਵਿਧਾਇਕ ਤੀਜੀ ਮੰਜ਼ਲ ਤੋਂ ਕੁੱਦੇ



**ਮੁੰਬਈ** : ਅਨੁਸੂਚਿਤ ਕਬੀਲਿਆਂ (ਐੱਸ ਟੀ) ਸੰਬੰਧੀ ਕੋਟੇ ਵਿਚ ਖਾਨਾਬਦੋਸ਼ 'ਧਨਗਰ' ਭਾਈਚਾਰੇ ਨੂੰ ਰਾਖਵਾਂਕਰਨ ਦਿੱਤੇ ਜਾਣ ਦੇ ਵਿਰੋਧ 'ਚ ਨੈਸ਼ਨਲਿਸਟ ਕਾਂਗਰਸ ਪਾਰਟੀ (ਅਜੀਤ ਪਵਾਰ) ਦੇ ਵਿਧਾਇਕ ਅਤੇ ਮਹਾਰਾਸ਼ਟਰ ਵਿਧਾਨ ਸਭਾ ਦੇ ਡਿਪਟੀ ਸਪੀਕਰ ਨਰਹਰੀ ਝਰੀਵਾਲ ਦੀ ਅਗਵਾਈ 'ਚ ਕਈ ਵਿਧਾਇਕਾਂ ਨੇ ਸ਼ੁੱਕਰਵਾਰ ਨੂੰ ਇਥੇ ਸੂਬਾਈ ਸਕੱਤਰੇਤ, ਜਿਸ ਨੂੰ 'ਮੰਤਰਾਲਾ' ਭਵਨ ਕਿਹਾ ਜਾਂਦਾ ਹੈ, ਦੀ ਤੀਜੀ ਮੰਜ਼ਲ ਤੋਂ ਛਾਲਾਂ ਮਾਰ ਦਿੱਤੀਆਂ, ਪਰ ਦੂਜੀ ਮੰਜ਼ਲ ਦੇ ਨਾਲ ਜਾਲ ਲਾਇਆ ਹੋਣ ਕਾਰਨ ਬਚਾਅ ਹੋ ਗਿਆ। ਧਨਗਰ (ਆਜੜੀ) ਭਾਈਚਾਰੇ ਨੂੰ ਇਸ ਵੇਲੇ ਓ ਬੀ ਸੀ ਕੋਟੇ ਵਿਚ ਰਾਖਵਾਂਕਰਨ ਮਿਲਿਆ ਹੋਇਆ ਹੈ, ਪਰ ਉਹ ਐੱਸ ਟੀ ਕੋਟੇ ਵਿੱਚੋਂ ਰਾਖਵਾਂਕਰਨ ਮੰਗ ਰਹੇ ਹਨ। ਉਸ ਵੇਲੇ ਮਹਾਰਾਸ਼ਟਰ ਕੈਬਨਿਟ ਦੀ ਮੀਟਿੰਗ ਹੋ ਰਹੀ ਸੀ ਤੇ ਇਹ ਵਿਧਾਇਕ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਮਿਲਣਾ ਚਾਹੁੰਦੇ ਸਨ। ਸੂਬੇ ਵਿਚ ਅਸੰਬਲੀ ਚੋਣਾਂ ਹੋਣ ਵਾਲੀਆਂ ਹਨ ਤੇ ਧਨਗਰ ਭਾਈਚਾਰੇ ਦੀ ਰਿਜ਼ਰਵੇਸ਼ਨ ਵਿਚ ਕੈਟੇਗਰੀ ਬਦਲਣ ਦਾ ਮਾਮਲਾ ਗਰਮਾਇਆ ਹੋਇਆ ਹੈ। ਇਸ ਵੇਲੇ ਧਨਗਰਾਂ ਨੂੰ ਪੜ੍ਹਾਈ ਤੇ ਨੌਕਰੀਆਂ ਵਿਚ ਸਾਢੇ ਤਿੰਨ ਫੀਸਦੀ ਰਿਜ਼ਰਵੇਸ਼ਨ ਹੈ ਤੇ ਐੱਸ ਟੀ ਕੋਟੇ ਵਿਚ ਆਉਣ ਨਾਲ 7 ਫੀਸਦੀ ਹੋ ਜਾਵੇਗੀ। ਧਨਗਰ ਭਾਈਚਾਰੇ ਦੇ ਛੇ ਬੰਦੇ ਪੰਧਰਪੁਰ ਵਿਚ 9 ਸਤੰਬਰ ਤੋਂ ਭੁੱਖ ਹੜਤਾਲ 'ਤੇ ਵੀ ਬੈਠੇ ਹੋਏ ਹਨ। ਧਨਗਰ ਭਾਈਚਾਰੇ ਵਿੱਚੋਂ ਭਾਜਪਾ ਦੇ ਆਗੂ ਨੇ ਰਾਜਵਿਆਪੀ ਰਸਤਾ ਰੋਕੋ ਦੀ ਵੀ ਧਮਕੀ ਦਿੱਤੀ ਹੋਈ ਹੈ।

## ਆਲੂ, ਟਮਾਟਰ ਤੇ ਪਿਆਜ਼ ਨੇ ਮਹਿੰਗਾ ਕੀਤਾ ਸ਼ਾਕਾਹਾਰੀ ਭੋਜਨ



**ਮੁੰਬਈ** : ਆਲੂ ਅਤੇ ਟਮਾਟਰ ਦੇ ਕਾਰਨ ਸਤੰਬਰ 'ਚ ਘਰੇਲੂ ਸ਼ਾਕਾਹਾਰੀ ਭੋਜਨ ਦੀ ਕੀਮਤ ਵਧ ਗਈ। ਘਰੇਲੂ ਰੇਟਿੰਗ ਏਜੰਸੀ ਕ੍ਰਿਸਿਲ ਵੱਲੋਂ ਸ਼ੁੱਕਰਵਾਰ ਜਾਰੀ ਰਿਪੋਰਟ ਮੁਤਾਬਕ ਪਿਛਲੇ ਮਹੀਨੇ ਘਰ 'ਚ ਬਣੀ ਸ਼ਾਕਾਹਾਰੀ ਥਾਲੀ ਦੀ ਕੀਮਤ 31.3 ਰੁਪਏ ਸੀ। ਇਹ ਸਤੰਬਰ 2023 ਦੀ 28.1 ਰੁਪਏ ਦੀ ਲਾਗਤ ਤੋਂ 11 ਫੀਸਦੀ ਜ਼ਿਆਦਾ ਹੈ। ਇਹ ਇਸ ਸਾਲ ਅਗਸਤ 'ਚ 31.2 ਰੁਪਏ ਸੀ। ਰੇਟਿੰਗ ਏਜੰਸੀ ਨੇ ਸਬਜ਼ੀਆਂ ਦੀ ਕੀਮਤ 'ਚ ਵਾਧੇ ਨੂੰ ਥਾਲੀ ਦੀ ਕੀਮਤ 'ਚ ਵਾਧੇ ਦਾ ਕਾਰਨ ਦੱਸਿਆ ਹੈ। ਥਾਲੀ ਦੀ ਕੁੱਲ ਲਾਗਤ ਦਾ 37 ਫੀਸਦੀ ਹਿੱਸਾ ਸਬਜ਼ੀਆਂ ਦਾ ਹੈ। ਸਤੰਬਰ 'ਚ ਪਿਆਜ਼, ਆਲੂ ਅਤੇ ਟਮਾਟਰ ਦੀਆਂ ਕੀਮਤਾਂ 'ਚ ਕ੍ਰਮਵਾਰ 53, 50 ਅਤੇ 18 ਫੀਸਦੀ ਦਾ ਵਾਧਾ ਹੋਇਆ ਹੈ। ਅਜਿਹਾ ਪਿਆਜ਼ ਅਤੇ ਆਲੂ ਦੀ ਘੱਟ ਆਮਦ ਕਾਰਨ ਹੋਇਆ ਹੈ, ਜਦੋਂਕਿ ਆਂਧਰਾ ਅਤੇ ਮਹਾਰਾਸ਼ਟਰ 'ਚ ਭਾਰੀ ਬਾਰਸ਼ ਨੇ ਟਮਾਟਰ ਦੀ ਪੈਦਾਵਾਰ ਨੂੰ ਪ੍ਰਭਾਵਤ ਕੀਤਾ ਹੈ। ਉਤਪਾਦਨ ਘਟਣ ਕਾਰਨ ਦਾਲਾਂ ਦੀਆਂ ਕੀਮਤਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ 14 ਫੀਸਦੀ ਦਾ ਵਾਧਾ ਹੋਇਆ ਹੈ, ਜਦੋਂ ਕਿ ਸਾਲ ਦੀ ਸ਼ੁਰੂਆਤ ਵਿਚ ਕੀਮਤਾਂ ਵਿਚ ਕਟੌਤੀ ਕਾਰਨ ਈਂਧਨ ਦੀਆਂ ਕੀਮਤਾਂ ਵਿਚ 11 ਫੀਸਦੀ ਦੀ ਗਿਰਾਵਟ ਆਈ ਹੈ। ਇਸ ਦੇ ਨਾਲ ਹੀ ਮਾਸਾਹਾਰੀ ਥਾਲੀ ਦੇ ਖਾਣੇ ਦੀ ਕੀਮਤ ਪਿਛਲੇ ਸਾਲ ਦੇ ਮੁਕਾਬਲੇ ਦੋ ਫੀਸਦੀ ਘਟ ਕੇ 59.3 ਰੁਪਏ ਹੋ ਗਈ, ਜਦੋਂ ਕਿ ਇਸ ਥਾਲੀ ਵਿਚ 50 ਫੀਸਦੀ ਯੋਗਦਾਨ ਪਾਉਣ ਵਾਲੇ ਬਰਾਇਲਰ ਦੀਆਂ ਕੀਮਤਾਂ ਵਿਚ 13 ਫੀਸਦੀ ਦੀ ਗਿਰਾਵਟ ਆਈ ਹੈ। ਮਾਸਾਹਾਰੀ ਥਾਲੀ ਦੀ ਕੀਮਤ ਅਗਸਤ ਦੇ ਮੁਕਾਬਲੇ ਸਥਿਰ ਰਹੀ ਹੈ।

## ਅੱਜ-ਨਾਮਾ

ਪਰਾਲੀ ਸਾੜਨ ਦਾ ਮੁੱਕਿਆ ਨਹੀਂ ਰੱਫੜ,
ਇਹਦੀ ਬਹਿਸ ਆ ਚੱਲੀ-ਚਲਾਈ ਜਾਂਦੀ।
ਔਕੜ ਕਿਸੇ ਤੋਂ ਕਦੀ ਵੀ ਲੁਕੀ ਨਹੀਉਂ,
ਛਤਰੀ ਧੂੰਏਂ ਦੀ ਦਿੱਲੀ 'ਤੇ ਛਾਈ ਜਾਂਦੀ।
ਸਰਦੀਆਂ ਵਿੱਚ ਬਿਮਾਰੀ ਆ ਹੋਰ ਵਧਣੀ,
ਅਗੇਤੀ ਚਿੰਤਾ ਇਹ ਸਾਹ ਸੁਕਾਈ ਜਾਂਦੀ।
ਜ਼ਿੰਮਾ ਆਪਣਾ ਧਿਰ ਕੋਈ ਜਾਣਦੀ ਨਹੀਂ,
ਹੋਰਨਾਂ ਜ਼ਿੰਮੇ ਸਭ ਗੱਲ ਆ ਪਾਈ ਜਾਂਦੀ।
ਬੱਕਰਾ ਬਲੀ ਦਾ ਜਿੱਥੇ ਕੋਈ ਲੱਭਦਾ ਨਾ,
ਓਦੋਂ ਦੋਸ਼ੀ ਫਿਰ ਕਿਹਾ ਕਿਰਸਾਨ ਜਾਂਦਾ।
ਪੂਰੇ ਮੁਲਕ ਦਾ ਪੇਟ ਪਿਆ ਭਰੇ ਜਿਹੜਾ,
ਉਸ ਦਾ ਮੰਨਿਆ ਨਹੀਂ ਅਹਿਸਾਨ ਜਾਂਦਾ।

-ਤੀਸ ਮਾਰ ਖਾਂ

## ਨਾਮਜ਼ਦਗੀਆਂ ਦੇ ਆਖਰੀ ਦਿਨ ਕਈ ਥਾਈਂ ਖੜਕਾ-ਦੜਕਾ



**ਮੋਗਾ** : ਪੰਚਾਇਤੀ ਚੋਣਾਂ ਲਈ ਪਿੰਡ ਲੰਢੇਕੇ ਵਿਖੇ ਨਾਮਜ਼ਦਗੀ ਕੇਂਦਰ ਕੋਲ ਗੋਲੀਬਾਰੀ ਹੋਣ ਕਾਰਨ ਭਗਦੜ ਮਚ ਗਈ। ਇਸ ਮੌਕੇ ਕਈ ਲੋਕਾਂ ਨੂੰ ਸੱਟਾਂ ਵੀ ਲੱਗੀਆਂ। ਇਸ ਮੌਕੇ ਹਾਕਮ ਧਿਰ ਨਾਲ ਜੁੜੇ ਇੱਕੋ ਪਿੰਡ ਦੇ ਦੋ ਸਰਪੰਚੀ ਦੇ ਚਾਹਵਾਨ ਉਮੀਦਵਾਰਾਂ ਵਿਚਾਲੇ ਤਣਾਅ ਪੈਦਾ ਹੋ ਗਿਆ ਅਤੇ ਇੱਕ ਧਿਰ ਦੇ ਕਾਗਜ਼ ਪਾੜ ਕੇ ਸੁੱਟ ਦਿੱਤੇ ਗਏ। ਇਸ ਤੋਂ ਬਾਅਦ ਸ਼ਰਾਰਤੀ ਅਨਸਰਾਂ ਨੇ ਹੋਰਨਾਂ ਉਮੀਦਵਾਰਾਂ ਦੇ ਨਾਮਜ਼ਦਗੀ ਕਾਗਜ਼ ਵੀ ਖੋਹ ਕੇ ਪਾੜ ਦਿੱਤੇ, ਜਿਸ ਦੀ ਵੀਡੀਓ ਵਾਇਰਲ ਹੋਈ ਹੈ।

ਕੋਟ ਈਸੇ ਖਾਂ ਅਤੇ ਧਰਮਕੋਟ ਵਿਖੇ ਵੀ ਨਾਮਜ਼ਦਗੀ ਕਾਗਜ਼ ਪਾੜਨ ਦੇ ਮਾਮਲੇ ਸਾਹਮਣੇ ਆਏ ਹਨ। ਲੋਕਾਂ ਦੀ ਭੀੜ ਨੂੰ ਕੰਟਰੋਲ ਕਰਨ ਲਈ ਪੁਲਸ ਨੂੰ ਹਲਕਾ ਲਾਠੀਚਾਰਜ ਵੀ ਕਰਨਾ ਪਿਆ।

ਅਕਾਲੀ ਦਲ ਦੇ ਹਲਕਾ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ ਅਤੇ ਲੋਕ ਸਭਾ ਹਲਕਾ ਫਰੀਦਕੋਟ ਦੇ ਇੰਚਾਰਜ ਰਾਜਵਿੰਦਰ ਸਿੰਘ ਧਰਮਕੋਟ ਨੇ ਪ੍ਰਸ਼ਾਸਨ ਉੱਤੇ ਵਿਰੋਧੀ ਉਮੀਦਵਾਰਾਂ ਨੂੰ ਨਾਮਜ਼ਦਗੀ ਕਾਗਜ਼ ਦਾਖਲ ਨਾ ਕਰਨ ਦੇਣ ਦੇ ਮਕਸਦ ਨਾਲ ਡਰ ਦਾ ਮਾਹੌਲ ਪੈਦਾ ਕਰਨ ਦੇ ਦੋਸ਼ ਲਗਾਏ। ਅਕਾਲੀ ਆਗੂਆਂ ਦੱਸਿਆ ਕਿ ਪਿੰਡ ਲੁਹਾਰਾ ਅਤੇ ਖੋਸਾ ਰਣਧੀਰ ਦੇ ਉਨ੍ਹਾਂ ਦੇ ਸਮਰਥਕਾਂ ਪਾਸੋਂ ਬਲਾਕ ਕੋਟ ਈਸੇ ਖਾਂ ਵਿਖੇ ਨਾਮਜ਼ਦਗੀ ਦੀਆਂ ਫਾਈਲਾਂ ਖੋਹ ਲਈਆਂ ਗਈਆਂ ਅਤੇ ਉਨ੍ਹਾਂ ਦੀ ਮਾਰ-ਕੁਟਾਈ ਵੀ ਕੀਤੀ ਗਈ ਹੈ। ਇਸ ਮਾਮਲੇ ਦੀ ਅਕਾਲੀ ਆਗੂਆਂ ਨੇ ਇਕ ਵੀਡੀਓ ਵੀ ਸੋਸ਼ਲ ਮੀਡੀਆ ਉੱਤੇ ਪਾਈ ਹੈ।

ਦੂਸਰੇ ਪਾਸੇ ਉਪ ਮੰਡਲ ਪੁਲਸ ਅਧਿਕਾਰੀ ਰਮਨਦੀਪ ਸਿੰਘ ਨੇ ਦੱਸਿਆ ਕਿ ਫੂਡ ਸਪਲਾਈ ਦਫਤਰ ਦੇ ਬਾਹਰ ਕੁਝ ਲੋਕ ਆਪਸ 'ਚ ਉਲਝੇ ਸਨ। ਇਸ ਲਈ ਪੁਲਸ ਨੂੰ ਸਖਤੀ ਕਰਨੀ ਪਈ। ਕੁਝ ਲੋਕਾਂ ਨੂੰ ਇਹਤਿਆਤੀ ਹਿਰਾਸਤ ਵਿਚ ਵੀ ਲਿਆ ਗਿਆ ਹੈ।

ਜਲਾਲਾਬਾਦ 'ਚ ਵੀ ਨਾਮਜ਼ਦਗੀਆਂ ਦੇ ਆਖਰੀ ਦਿਨ ਖੂਨੀ ਝੜਪਾਂ ਹੋਈਆਂ। ਇਸ ਦੌਰਾਨ ਕਈ ਉਮੀਦਵਾਰਾਂ ਦੀਆਂ ਫਾਈਲਾਂ ਵੀ ਖੋਹੀਆਂ ਗਈਆਂ।

ਤਰਨ ਤਾਰਨ ਦੇ ਬਲਾਕ ਨੌਸ਼ਹਿਰਾ ਪਨੂੰਆਂ ਵਿਖੇ ਵੀ ਗੁੰਡਾਗਰਦੀ ਦੀਆਂ ਤਸਵੀਰਾਂ ਸਾਹਮਣੇ ਆਈਆਂ, ਜਿਸ ਦੌਰਾਨ ਨਾਮਜ਼ਦਗੀਆਂ ਭਰਨ ਆਏ ਉਮੀਦਵਾਰਾਂ ਦੀਆਂ ਫਾਈਲਾਂ ਖੋਹ ਕੇ ਪਾੜੀਆਂ ਗਈਆਂ।

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ ਬਲਾਕ ਮਜੀਠਾ 'ਚ ਦਿਨ-ਦਿਹਾੜੇ ਗੁੰਡਾਗਰਦੀ ਕੀਤੀ ਗਈ, ਸਰਕਾਰ ਦੀ ਮਦਦ ਨਾਲ ਆਪ ਦੇ ਕਰਿੰਦੇ ਖਿੜਕੀ ਰਾਹੀਂ ਅੰਦਰ ਆਏ।

## ਚਾਹਲ ਦੀ ਨਹੀਂ ਹੋਈ ਪੇਸ਼ਗੀ ਜ਼ਮਾਨਤ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਰਹਿ ਚੁੱਕੇ ਭਰਤ ਇੰਦਰ ਚਾਹਲ ਨੂੰ ਝਟਕਾ ਦਿੰਦੇ ਹੋਏ ਉਸ ਦੀ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਹੀ ਪਿਛਲੇ ਸਾਲ 4 ਅਕਤੂਬਰ ਨੂੰ ਚਾਹਲ ਨੂੰ ਅੰਤਰਮ ਜ਼ਮਾਨਤ ਦਿੱਤੀ ਸੀ।

ਪੰਜਾਬ ਵਿਜੀਲੈਂਸ ਨੇ 2022 'ਚ ਚਾਹਲ ਦੀਆਂ ਜਾਇਦਾਦਾਂ ਦੀ ਜਾਂਚ ਕੀਤੀ ਸੀ ਅਤੇ ਸਤੰਬਰ 'ਚ ਉਸ ਦੇ ਖਿਲਾਫ ਐੱਫ ਆਈ ਆਰ ਦਰਜ ਕੀਤੀ ਸੀ।

ਅਗਾਊਂ ਜ਼ਮਾਨਤ ਲਈ ਦਾਇਰ ਪਟੀਸ਼ਨ 'ਚ ਚਾਹਲ ਨੇ ਕਿਹਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿਆਸੀ ਰੰਜਿਸ਼ ਕਾਰਨ ਪਿਛਲੀ ਸਰਕਾਰ ਦੇ ਆਗੂਆਂ ਅਤੇ ਨਜ਼ਦੀਕੀਆਂ 'ਤੇ ਕਾਰਵਾਈ ਕਰ ਰਹੀ ਹੈ ਅਤੇ ਇਸ ਤਰ੍ਹਾਂ ਉਸ ਨੂੰ ਵੀ ਫਸਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਚਾਹਲ ਨੇ ਦੱਸਿਆ ਸੀ ਕਿ ਉਸ ਨੇ ਆਪਣੇ ਸਾਰੇ ਬੈਂਕ ਖਾਤਿਆਂ, ਜਾਇਦਾਦਾਂ ਅਤੇ ਆਮਦਨ ਦਾ ਪੂਰਾ ਵੇਰਵਾ ਦਿੱਤਾ ਹੈ, ਇਸ ਦੇ ਬਾਵਜੂਦ ਉਸ ਨੂੰ ਰੰਜਿਸ਼ ਕਾਰਨ ਫਸਾਇਆ ਜਾ ਰਿਹਾ ਹੈ, ਹੁਣ ਉਸ ਦੀ ਉਮਰ 75 ਸਾਲ ਹੈ, ਫਿਰ ਵੀ ਉਹ ਜਾਂਚ 'ਚ ਸਹਿਯੋਗ ਕਰਨ ਲਈ ਤਿਆਰ ਹਨ, ਉਨ੍ਹਾ ਨੂੰ ਅਗਾਊਂ ਜ਼ਮਾਨਤ ਦਿੱਤੀ ਜਾਵੇ। ਹਾਈ ਕੋਰਟ ਨੇ ਪਿਛਲੇ ਸਾਲ ਚਾਹਲ ਨੂੰ ਅੰਤਰਮ ਜ਼ਮਾਨਤ ਦੇ ਦਿੱਤੀ ਸੀ, ਜਿਸ ਨੂੰ ਹੁਣ ਰੱਦ ਕਰ ਦਿੱਤਾ ਹੈ।

## ਮਨਿੰਦਰ ਸਿੰਘ ਸਹਿਮਤੀ ਨਾਲ ਬਣੇ ਲਖਮੀਰਵਾਲਾ ਪਿੰਡ ਦੇ ਸਰਪੰਚ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**- ਪੰਜਾਬ ਵਿੱਚ ਪੰਚਾਇਤੀ ਚੋਣਾਂ ਦਾ ਪੂਰਾ ਜ਼ੋਰ ਹੈ, ਆਉਣ ਵਾਲੀ 15 ਅਕਤੂਬਰ ਨੂੰ ਪੰਜਾਬ ਅੰਦਰ ਪੰਚਾਇਤੀ ਚੋਣਾਂ ਹੋਣੀਆਂ ਹਨ, ਜੋ ਕਿ ਚਾਰ ਤਰੀਕ ਕਾਗਜ਼ ਭਰਨ ਦੀ ਆਖਰੀ ਤਾਰੀਕ ਚੋਣ ਕਮਿਸ਼ਨ ਵੱਲੋਂ ਦਿੱਤੀ ਗਈ ਹੈ। ਕਈ ਪਿੰਡਾਂ ਵਿੱਚ ਸਰਪੰਚਾਂ ਪੰਚਾਂ ਦੀ ਕਾਂਟੇ ਦੀ ਟੱਕਰ ਦੇਖਣ ਨੂੰ ਮਿਲੀ ਹੈ, ਪਰ ਕੁਝ ਪਿੰਡਾਂ ਵਿੱਚ ਚੰਗੇ ਬੰਦਿਆਂ ਨੂੰ ਸਹਿਮਤੀ ਨਾਲ ਸਰਪੰਚ ਚੁਣ ਲਿਆ ਜਾਂਦਾ ਹੈ। ਇਸੇ ਤਰ੍ਹਾਂ ਗੱਲ ਕਰੀਏ ਪਿੰਡ ਲਖਮੀਰਵਾਲਾ ਬਲਾਕ ਸੁਨਾਮ ਦੀ ਤਾਂ ਮਨਿੰਦਰ ਸਿੰਘ ਧਾਲੀਵਾਲ ਨੂੰ ਵੀ ਸਹਿਮਤੀ ਨਾਲ ਪਿੰਡ ਦਾ ਪ੍ਰਧਾਨ ਚੁਣ ਲਿਆ ਹੈ। ਮਨਿੰਦਰ ਸਿੰਘ ਧਾਲੀਵਾਲ ਦਾ ਜੀਵਨ ਬੇਦਾਗ ਹੈ, ਉਹ ਲੰਬੇ ਸਮੇਂ ਤੋਂ ਕੁਝ ਕਲੱਬਾਂ ਤੇ ਕਮੇਟੀਆਂ ਦੇ ਸਿਰ ਕੱਢ ਆਗੂ ਰਹੇ ਹਨ, ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਆਪਣਾ ਜੀਵਨ ਬਤੀਤ ਕੀਤਾ ਹੈ ਅਤੇ ਇੱਕ ਬਹੁਤ ਹੀ ਨੇਕ ਦਿਲ ਇਨਸਾਨ ਹਨ। ਜੇਕਰ ਉਨ੍ਹਾਂ ਦੇ ਪਰਵਾਰ ਦਾ ਪਿਛੋਕੜ ਦੇਖਿਆ ਜਾਵੇ ਤਾਂ ਉਨ੍ਹਾਂ ਦੇ ਸਤਿਕਾਰਯੋਗ ਸਵਰਗੀ ਦਾਦਾ ਮੇਹਰ ਸਿੰਘ ਨੰਬਰਦਾਰ, ਜਿਨ੍ਹਾਂ ਨੇ ਆਪਣੇ ਜੀਵਨ ਵਿੱਚ ਬਹੁਤ ਹੀ ਭਲੇ ਕੰਮ ਕੀਤੇ ਤੇ ਉਸ ਤੋਂ ਬਾਅਦ ਉਨ੍ਹਾਂ ਦੇ ਸਤਿਕਾਰਯੋਗ ਸਵਰਗੀ ਚਾਚਾ ਸਤਵੰਤ ਸਿੰਘ ਨੇ 2003 ਤੋਂ ਲਖਮੀਰਵਾਲਾ ਦੀ ਸਰਪੰਚੀ ਦੀ ਨੁਮਾਇੰਦਗੀ ਕੀਤੀ ਅਤੇ ਕੁਝ ਸਾਲਾਂ ਬਾਅਦ ਉਹ ਇਸ ਦੁਨੀਆ ਤੋਂ ਚਲੇ ਗਏ, ਜਿਸ ਦਾ ਕਿ ਪਿੰਡ ਨੂੰ ਹੀ ਨਹੀਂ ਬਲਕਿ ਸੁਨਾਮ ਦੇ ਪੂਰੇ ਇਲਾਕੇ ਵਿੱਚ ਘਾਟ ਮਹਿਸੂਸ ਅੱਜ ਵੀ ਕੀਤੀ ਜਾ ਰਹੀ ਹੈ। ਪੱਤਰਕਾਰਾਂ ਨਾਲ ਗੱਲ ਕਰਦੇ ਮਨਿੰਦਰ ਸਿੰਘ ਨੇ ਕਿਹਾ ਕਿ ਮੈਂ ਪਿੰਡ ਦਾ ਬਹੁਤ ਰਿਣੀ ਹਾਂ, ਮੇਰੇ ਕੋਲ ਸ਼ਬਦ ਨਹੀਂ ਜੋ ਮੈਂ ਪਿੰਡ ਵਾਸੀਆਂ ਦਾ ਧੰਨਵਾਦ ਕਰ ਸਕਾਂ। ਮੇਰੇ ਤੇ ਮੇਰੇ ਪਰਵਾਰ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਮੈਨੂੰ ਪਿੰਡ ਲਖਮੀਰਵਾਲਾ ਵੱਲੋਂ ਸਹਿਮਤੀ ਮਿਲੀ ਹੈ, ਮੈਂ ਪਹਿਲਾਂ ਵੀ ਕਦੇ ਕੋਈ ਕੰਮ ਵਿੱਚ ਕਸਰ ਨਹੀਂ ਛੱਡੀ ਤੇ ਆਉਣ ਵਾਲੇ ਸਮੇਂ ਵਿੱਚ ਵੀ ਕੋਈ ਕੰਮ ਅਧੂਰਾ ਨਹੀਂ ਰਹਿਣ ਦੇਵਾਂਗਾ।

## ਬਾਬਾ ਮੋਨੀ ਜੀ ਕਾਲਜ ਦਾ ਬੀ.ਐੱਡ ਭਾਗ-2 ਦਾ ਨਤੀਜਾ ਸੌ ਫ਼ੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ.ਐੱਡ ਭਾਗ-ਦੂਜਾ (ਸਮੈਸਟਰ-ਚੌਥਾ) ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਮਹਾਰਾਜ ਕਾਲਜ ਆਫ਼ ਐਜੂਕੇਸ਼ਨ ਦਾ ਨਤੀਜਾ ਸੌ ਫ਼ੀਸਦੀ ਰਿਹਾ। ਕਾਲਜ 'ਚੋਂ ਰਾਜਵਿੰਦਰ ਕੌਰ ਪੁੱਤਰੀ ਗੁਰਦੀਪ ਸਿੰਘ 'ਕੋਠਾ ਗੁਰੂ ਕਾ' ਨੇ ਪਹਿਲਾ, ਉਰਵਸ਼ੀ ਪੁੱਤਰੀ ਰਾਮਕੁਮਾਰ 'ਰਾਮਪੁਰਾ ਫੂਲ' ਨੇ ਦੂਜਾ ਤੇ ਹਰਸਿਮਰਨਜੀਤ ਕੌਰ ਪੁੱਤਰੀ ਗੁਰਪਿਆਰ ਸਿੰਘ 'ਤਪਾ ਮੰਡੀ' ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਇਸ ਮੌਕੇ ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਐਜੂਕੇਸ਼ਨ ਕਾਲਜ ਦੇ ਪ੍ਰਿੰਸੀਪਲ ਡਾ. ਦਿਨੇਸ਼ ਕੁਮਾਰ ਤੇ ਪ੍ਰੋ. ਅਮਨਿੰਦਰ ਕੌਰ ਨੇ ਸ਼ਾਨਦਾਰ ਰਿਜਲਟ ਲਈ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਅੱਗੇ ਤੋਂ ਹੋਰ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਸਟਾਫ ਮੈਂਬਰਜ਼ ਪ੍ਰੋ. ਰਮਨਦੀਪ ਕੌਰ, ਪ੍ਰੋ. ਦਲਜੀਤ ਕੌਰ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਸੁਖਦੀਪ ਕੌਰ, ਪ੍ਰੋ. ਗੁਰਪ੍ਰੀਤ ਰਾਮ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਰੁਚਿਕਾ ਤੇ ਪ੍ਰੋ. ਸੁਮਨ ਰਾਣੀ ਹਾਜ਼ਰ ਸਨ।

## ਹੈੱਡਮਾਸਟਰ, ਹੈੱਡਮਿਸਟ੍ਰੈੱਸ ਦੀ ਟ੍ਰੇਨਿੰਗ 11 ਤੱਕ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬ ਸਰਕਾਰ ਵੱਲੋਂ 50 ਹੈੱਡਮਾਸਟਰ/ਹੈੱਡਮਿਸਟ੍ਰੈਸ ਦੀ ਟ੍ਰੇਨਿੰਗ 7 ਅਕਤੂਬਰ ਤੋਂ 11 ਅਕਤੂਬਰ ਤੱਕ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਅਹਿਮਦਾਬਾਦ ਵਿਖੇ ਕਰਾਈ ਜਾ ਰਹੀ ਹੈ। ਸਿੱਖਿਆ ਵਿਭਾਗ ਵੱਲੋਂ 50 ਹੈੱਡ ਮਾਸਟਰ/ਹੈੱਡ ਮਿਸਟ੍ਰੈਸ ਦੀ ਚੋਣ ਕਰ ਲਈ ਗਈ ਹੈ।ਇਸ ਚੋਣ ਪ੍ਰਕਿਰਿਆ ਵਿੱਚ ਸੰਗਰੂਰ ਜ਼ਿਲ੍ਹੇ ਵਿੱਚੋਂ ਸਿਰਫ਼ ਇੱਕ ਹੈੱਡ ਮਾਸਟਰ/ਹੈੱਡ ਮਿਸਟ੍ਰੈਸ ਸ੍ਰੀਮਤੀ ਗੀਤੂ ਰਾਣੀ, ਹੈੱਡ ਮਿਸਟ੍ਰੈਸ ਸਰਕਾਰੀ ਹਾਈ ਸਕੂਲ ਮੋਜੋਵਾਲ ਦੀ ਚੋਣ ਹੋਈ ਹੈ।ਇਹ ਸੰਗਰੂਰ ਜ਼ਿਲ੍ਹੇ ਲਈ ਬਹੁਤ ਮਾਣ ਦੀ ਗੱਲ ਹੈ।ਪਿੰਡ ਦੇ ਪਤਵੰਤੇ ਸੱਜਣ ਅਵਤਾਰ ਸਿੰਘ, ਗੁਰਚਰਨ ਸਿੰਘ, ਮਨਜੀਤ ਸਿੰਘ, ਹਰਵਿੰਦਰ ਸਿੰਘ ਅਤੇ ਸਮੂਹ ਸਟਾਫ ਮੈਂਬਰ ਸ੍ਰੀਮਤੀ ਹਰਪ੍ਰੀਤ ਕੌਰ, ਸ੍ਰੀਮਤੀ ਰਾਮਜੀਤ ਕੌਰ, ਸ੍ਰੀਮਤੀ ਰਮਨਦੀਪ ਕੌਰ, ਸ੍ਰੀਮਤੀ ਪ੍ਰਿਯੰਕਾ ਜਿੰਦਲ, ਸਰਦਾਰ ਹਰਵਿੰਦਰ ਸਿੰਘ, ਸ੍ਰੀਮਤੀ ਰਜਨੀ ਕੌਰ, ਸ੍ਰੀ ਸੰਜੀਵ ਜੋਸ਼ੀ, ਸ੍ਰੀਮਤੀ ਕੰਚਨ ਬਾਲਾ, ਸਰਦਾਰ ਸੁਖਵਿੰਦਰ ਸਿੰਘ, ਸ੍ਰੀ ਦਵਿੰਦਰ ਸਿੰਘ ਅਤੇ ਇੰਦਰਪਾਲ ਕੌਰ ਵੱਲੋਂ ਸ੍ਰੀਮਤੀ ਗੀਤੂ ਰਾਣੀ ਹੈੱਡ ਮਿਸਟ੍ਰੈਸ ਸਰਕਾਰੀ ਹਾਈ ਸਕੂਲ ਮੋਜੋਵਾਲ ਨੂੰ ਮੁਬਾਰਕਬਾਦ ਦਿੱਤੀ ਗਈ।

## ਕੋਰਸ ਪੂਰਾ ਹੋਣ ਉਪਰੰਤ ਦਿੱਤੇ ਸਰਟੀਫਿਕੇਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਤੇ ਸ਼ਹਿਰਾਂ ਵਿੱਚ ਨੌਜਵਾਨ ਲੜਕੇ-ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਮੁਫ਼ਤ ਸਿਖਲਾਈ ਸੈਂਟਰ (ਸਿਲਾਈ, ਕੰਪਿਊਟਰ, ਬਿਊਟੀ ਪਾਰਲਰ) ਖੋਲ੍ਹੇ ਜਾ ਰਹੇ ਹਨ ਤਾਂ ਜੁ ਇਹ ਨੌਜਵਾਨ ਅਪਣੇ ਪੈਰਾਂ ਤੇ ਖੜੇ ਹੋ ਸਕਣ।ਅਰਵਿੰਦਰਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਿੰਡ ਲੱਖੇਵਾਲੀ ਮੰਡੀ ਦੇ ਗੁਰੂਦੁਆਰਾ ਸਾਹਿਬ ਵਿਖੇ ਮੁਫ਼ਤ ਸਿਲਾਈ ਸਿਖਲਾਈ ਸੈਂਟਰ ਦੇ 6 ਮਹੀਨੇ ਦੇ ਕੋਰਸ ਪੂਰਾ ਹੋਣ ਉਪਰੰਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀਮਤੀ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਕਰ ਕਮਲਾਂ ਨਾਲ ਸਰਟੀਫਿਕੇਟ ਤਕਸੀਮ ਕੀਤੇ ਗਏ ਤੇ ਸ਼੍ਰੀਮਤੀ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਵੱਲੋਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਇਸ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਅਜਿਹੇ 8 ਮੁਫ਼ਤ ਸਿਖਲਾਈ ਸੈਂਟਰ ਚੱਲ ਰਹੇ ਹਨ।ਇਸ ਤੋਂ ਪਹਿਲਾਂ ਸੈਂਕੜਿਆਂ ਦੀ ਗਿਣਤੀ 'ਚ ਨੌਜਵਾਨ ਟ੍ਰੇਨਿੰਗ ਕਰਕੇ ਅਪਣੇ ਪਰਵਾਰਾਂ ਦਾ ਵਧੀਆ ਪਾਲਣ ਪੋਸ਼ਣ ਕਰ ਰਹੇ ਹਨ।

## ਸ੍ਰੀ ਅਗਰਸੈਨ ਮਹਾਰਾਜ ਜਯੰਤੀ ਧੂਮ-ਧਾਮ ਨਾਲ ਮਨਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਅਗਰਸੈਨ ਮਹਾਰਾਜ ਜੀ ਦੀ ਜਯੰਤੀ ਸਮੂਹ ਅਗਰਵਾਲ ਪਰਵਾਰਾਂ ਵੱਲੋਂ ਨਿਹਾਲ ਸਿੰਘ ਵਾਲਾ ਰੋਡ ਵਿਖੇ ਸ੍ਰੀ ਅਗਰਸੈਨ ਮਹਾਰਾਜ ਚੌਕ ਵਿਖੇ ਅਗਰਵਾਲ ਸਭਾ ਦੇ ਪ੍ਰਧਾਨ ਵਿਜੇ ਬਾਂਸਲ ਤੇ ਯੂਥ ਅਗਰਵਾਲ ਸਭਾ ਦੇ ਪ੍ਰਧਾਨ ਪਵਨ ਗੋਇਲ ਦੀ ਅਗਵਾਈ ਵਿੱਚ ਬਹੁਤ ਹੀ ਧੂਮ-ਧਾਮ ਨਾਲ ਮਨਾਈ ਗਈ, ਜਿੱਥੇ ਕਿ ਵੱਡੀ ਗਿਣਤੀ ਵਿੱਚ ਅਗਰਵਾਲ ਪਰਵਾਰ ਪਹੁੰਚੇ ਅਤੇ ਸ੍ਰੀ ਅਗਰਸੈਨ ਮਹਾਰਾਜ ਜੀ ਦੀ ਤਸਵੀਰ ਅੱਗੇ ਆਰਤੀ ਕੀਤੀ ਗਈ।ਪ੍ਰਧਾਨ ਵਿਜੇ ਬਾਂਸਲ ਤੇ ਪ੍ਰਧਾਨ ਪਵਨ ਗੋਇਲ ਨੇ ਮਹਾਰਾਜ ਅਗਰਸੈਨ ਜੀ ਦੀ ਜੀਵਨੀ 'ਤੇ ਚਾਨਣਾ ਪਾਇਆ ਅਤੇ ਬਾਅਦ ਵਿੱਚ ਸ੍ਰੀ ਗਣਪਤੀ ਸੇਵਾ ਮੰਡਲ ਵੱਲੋਂ ਕੁਲਚੇ ਛੋਲਿਆਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਸ੍ਰੀ ਦੁਰਗਾ ਮੰਦਰ ਕਮੇਟੀ ਦੇ ਪ੍ਰਧਾਨ ਰਮਨ ਮਿੱਤਲ ਰਿੰਪੀ, ਯਾਦਵਿੰਦਰ ਬਾਂਸਲ, ਸ੍ਰੀ ਗਣਪਤੀ ਸੇਵਾ ਮੰਡਲ ਦੇ ਪ੍ਰਧਾਨ ਸੁਖਜੀਵਨ ਬਾਂਸਲ ਭਗਤੂ, ਦੀਪਕ ਬਾਂਸਲ ਆੜ੍ਹਤੀ ਨਹਿਰੂ ਮੰਡੀ, ਸੁਖਦਰਸ਼ਨ ਸਿੰਗਲਾ, ਪਵਨ ਗੁਪਤਾ ਸ੍ਰੀ ਬਾਲਾ ਜੀ ਸੀਮਿੰਟ, ਸੰਜੀਵ ਕੁਮਾਰ ਗਰਗ ਪ੍ਰਧਾਨ ਬਾਬਾ ਖੇਤਰਪਾਲ ਮੰਦਰ ਬਾਘਾ ਪੁਰਾਣਾ, ਪ੍ਰਦੀਪ ਕੁਮਾਰ ਗਰਗ ਦੀਪਾ, ਕੇਵਲ ਕ੍ਰਿਸ਼ਨ ਬਾਂਸਲ, ਪ੍ਰਵੀਨ ਕੁਮਾਰ, ਤੀਰਥ ਬਾਂਸਲ, ਹੇਮ ਰਾਜ ਬਾਂਸਲ, ਦਵਿੰਦਰ ਬਾਂਸਲ, ਅਸ਼ੋਕ ਗਰਗ ਸੈਕਟਰੀ, ਕ੍ਰਿਸ਼ਨ ਕਾਂਸਲ ਰਿਟਾਇਰ ਐੱਸ.ਡੀ.ਓ, ਮਨੋਜ ਗੋਇਲ ਸੁਖਮਨੀ ਮੈਡੀਕਲ ਸਟੋਰ, ਰਾਕੇਸ਼ ਬਾਂਸਲ ਰਿੰਪੀ, ਚਤੁਰਭੁਜ, ਗਿਆਨ ਮਿੱਤਲ, ਨਵੀਨ, ਰਾਜੇਸ਼ ਰਾਜਾ, ਪਿਆਰੇ ਲਾਲ, ਮੁਨੀਸ਼ ਗੁਪਤਾ, ਵਿਜੇ ਕੁਮਾਰ, ਰੋਸ਼ਨ ਲਾਲ ਰੋਸ਼ੀ, ਮਿਲਨ ਗਰਗ, ਪ੍ਰੇਮਪਾਲ ਗਰਗ, ਮਨੋਜ ਮਿੱਤਲ, ਰਾਕੇਸ਼ ਤੋਤਾ, ਅਸ਼ੋਕ ਬਾਂਸਲ, ਪਵਨ ਬਾਂਸਲ ਤੇ ਹੋਰ ਸ਼ਾਮਲ ਸਨ।ਇਸ ਮੌਕੇ ਪ੍ਰਧਾਨ ਪਵਨ ਗੋਇਲ ਨੇ ਸਾਰਿਆਂ ਹੀ ਅਗਰਵਾਲ ਪਰਵਾਰਾਂ ਸਮੇਤ ਸ੍ਰੀ ਗਣਪਤੀ ਸੇਵਾ ਮੰਡਲ ਦਾ ਧੰਨਵਾਦ ਕੀਤਾ।

## ਨਰਿੰਦਰ ਕੌਰ ਭਰਾਜ ਨੇ ਬਾਸਮਤੀ ਦੀ ਖਰੀਦ ਮੁੜ ਸ਼ੁਰੂ ਕਰਵਾਈ



**ਸੰਗਰੂਰ (ਪ੍ਰਵੀਨ ਸਿੰਘ)**-ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਦੇ ਅਣਥੱਕ ਯਤਨਾਂ ਸਦਕਾ ਸਥਾਨਕ ਅਨਾਜ ਮੰਡੀ ਵਿੱਚ ਬਾਸਮਤੀ ਝੋਨੇ ਦੀ ਖਰੀਦ ਮੁੜ ਤੋਂ ਸ਼ੁਰੂ ਹੋ ਗਈ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਆੜ੍ਹਤੀਆਂ ਤੇ ਮਜ਼ਦੂਰਾਂ ਵਿੱਚ ਬਾਸਮਤੀ ਝੋਨੇ ਦੀ ਖਰੀਦ ਨੂੰ ਲੈ ਕੇ ਹੋਏ ਮਸਲੇ ਨੂੰ ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਸੁਲਝਾ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਤੇ ਹਰ ਵਰਗ ਦੀਆਂ ਮੁਸ਼ਕਲਾਂ ਤੇ ਮਸਲੇ ਪੂਰੇ ਪਾਰਦਰਸ਼ੀ ਢੰਗ ਨਾਲ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਆੜ੍ਹਤੀਆਂ ਦੇ ਸੂਬਾ ਪੱਧਰ ਦੇ ਮਸਲੇ ਵੀ ਮੁੱਖ ਮੰਤਰੀ ਵੱਲੋਂ ਜਲਦ ਹੱਲ ਕਰਵਾਏ ਜਾਣਗੇ ਤੇ ਕੇਂਦਰ ਦੇ ਪੱਧਰ ਦੇ ਮਸਲੇ ਹੱਲ ਕਰਵਾਉਣ ਲਈ ਵੀ ਲੋੜੀਂਦੇ ਯਤਨ ਜਾਰੀ ਹਨ।ਵਿਧਾਇਕ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨ ਵੀਰਾਂ ਸਮੇਤ ਸਾਰੀਆਂ ਸਬੰਧਤ ਧਿਰਾਂ ਨੂੰ ਅਨਾਜ ਮੰਡੀਆਂ ਵਿੱਚ ਹਰ ਸੁਵਿਧਾ ਉਪਲੱਬਧ ਕਰਵਾਉਣ ਲਈ ਵਚਨਬੱਧ ਹੈ ਤੇ ਮੌਜੂਦਾ ਸੀਜ਼ਨ ਦੌਰਾਨ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਝੋਨੇ ਦੇ ਦਾਣੇ-ਦਾਣੇ ਦੀ ਖਰੀਦ ਤੇ ਚੁਕਾਈ ਕਰਨ ਲਈ ਵਚਨਬੱਧ ਹੈ।ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਆਪਣੀ ਫ਼ਸਲ ਦਾ ਸਹੀ ਮੁੱਲ ਲੈਣ ਲਈ ਉਹ ਸੁਕਾ ਕੇ ਹੀ ਇਸ ਦੀ ਵਾਢੀ ਕਰਨ ਅਤੇ ਖੇਤਾਂ ਵਿੱਚ ਬਚਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਪ੍ਰਹੇਜ ਕਰਨ।ਇਸ ਮੌਕੇ ਜ਼ਿਲ੍ਹਾ ਮੰਡੀ ਅਫ਼ਸਰ ਜਸਪਾਲ ਸਿੰਘ, ਸ਼ਿਸ਼ਨ ਕੁਮਾਰ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਸੁੱਖਾ ਮਾਨ, ਪ੍ਰਦੀਪ ਸਿੰਗਲਾ ਤੇ ਪ੍ਰਾਈਵੇਟ ਵਪਾਰੀਆਂ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ, ਪੱਲੇਦਾਰ ਆਦਿ ਹਾਜ਼ਰ ਸਨ।

# ਵਿਰੋਧੀ ਧਿਰਾਂ ਦੇ ਉਮੀਦਵਾਰਾਂ ਦੀਆਂ ਫਾਈਲਾਂ ਨਾ ਫੜਨ 'ਤੇ ਪੰਚਾਇਤ ਯੂਨੀਅਨ ਹਾਈ ਕੋਰਟ ਜਾਵੇਗੀ : ਨਿਹਾਲ ਸਿੰਘ

### ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਅਫਸਰਾਂ ਵਿਰੁੱਧ ਬਾਏ ਨੇਮ ਅਪੀਲ ਦਾਇਰ ਕਰਨ ਦਾ ਕੀਤਾ ਐਲਾਨ



**ਮੋਗਾ (ਇਕਬਾਲ ਸਿੰਘ ਖਹਿਰਾ)**

ਮੋਗਾ ਜ਼ਿਲ੍ਹੇ ਦੇ ਪੰਜ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਦੇ ਦਫ਼ਤਰਾਂ ਵਿੱਚ ਪੰਚਾਇਤ ਚੋਣਾਂ ਲੜਨ ਦੇ ਚਾਹਵਾਨ ਕੁਝ ਉਮੀਦਵਾਰਾਂ ਨੂੰ ਹਾਲੇ ਤੱਕ ਚੁੱਲ੍ਹਾ ਟੈਕਸ ਜਾਂ ਕਿਸੇ ਤਰ੍ਹਾਂ ਦੇ ਹੋਰ ਨੋ ਡਿਊ ਸਰਟੀਫਿਕੇਟ ਜਾਰੀ ਨਾ ਕਰਨ ਦੇ ਮਾਮਲੇ 'ਤੇ ਜ਼ਿਲ੍ਹਾ ਪੰਚਾਇਤ ਯੂਨੀਅਨ ਨੇ ਸਖ਼ਤ ਨੋਟਿਸ ਲਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਚਾਇਤ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ ਨੇ ਕਿਹਾ ਕਿ ਜ਼ਿਲ੍ਹੇ ਭਰ ਦੀਆਂ 340 ਪੰਚਾਇਤਾਂ ਲਈ ਲਗਭਗ 600 ਤੋਂ ਵਧੇਰੇ ਸਰਪੰਚੀ ਤੇ 2 ਹਜ਼ਾਰ ਦੇ ਕਰੀਬ ਪੰਚੀ ਅਹੁਦਿਆਂ ਲਈ ਉਮੀਦਵਾਰ ਚੋਣ ਲੜਨ ਦੇ ਇੱਛੁਕ ਹਨ। ਉਨ੍ਹਾ ਕਿਹਾ ਕਿ ਯੂਨੀਅਨ ਦੇ ਧਿਆਨ ਵਿੱਚ ਆਇਆ ਹੈ ਕਿ ਸਰਕਾਰੀ ਤੇ ਪੰਚਾਇਤ ਐਕਟ ਦੀਆਂ ਚਿੱਟੇ ਦਿਨ ਧੱਜੀਆਂ ਉਡਾ ਕੇ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰਾਂ ਦੇ ਅਮਲੇ ਫੈਲੇ ਅਤੇ ਨਰੇਗਾ ਸਟਾਫ ਵੱਲੋਂ ਜਾਣ-ਬੁੱਝ ਕੇ ਸੱਤਾਧਾਰੀ ਧਿਰ ਵਿਰੋਧੀ ਉਮੀਦਵਾਰਾਂ ਨੂੰ ਖੱਜਲ-ਖੁਆਰ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪੰਚਾਇਤ ਯੂਨੀਅਨ ਜ਼ਿਲ੍ਹੇ ਭਰ ਦੇ ਚੋਣ ਲੜਨ ਦੇ ਇੱਛੁਕ ਉਮੀਦਵਾਰਾਂ ਨੂੰ ਅਪੀਲ ਕਰਦੀ ਹੈ ਕਿ ਚੋਣ ਲੜਨ ਦੇ ਇੱਛੁਕ ਉਮੀਦਵਾਰ ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ, ਜੇਕਰ ਉਨ੍ਹਾਂ ਨੂੰ ਸਿਵਲ ਜਾਂ ਕੋਈ ਪੁਲਸ ਅਧਿਕਾਰੀ ਤੰਗ ਕਰਦਾ ਹੈ, ਤਾਂ ਉਹ ਇਸ ਦੀ ਸਮੁੱਚੇ ਤੱਥਾਂ ਦੀ ਜਾਣਕਾਰੀ ਪੰਚਾਇਤ ਯੂਨੀਅਨ ਨੂੰ ਦੇਣ ਤਾਂ ਜੋ ਉਸ ਅਧਿਕਾਰੀ ਵਿਰੁੱਧ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਪਟੀਸ਼ਨ ਦਾਇਰ ਕੀਤੀ ਜਾ ਸਕੇ। ਉਨ੍ਹਾ ਕਿਹਾ ਕਿ ਇਹ ਫਾਈਲਾਂ ਭਰਨੀਆਂ ਹੀ ਆਨਲਾਈਨ ਵਿਧੀ ਨਾਲ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਕਿੱਧਰੇ ਵੀ ਉਮੀਦਵਾਰਾਂ ਨੂੰ ਕੋਈ 'ਡੰਮੀ' ਨਹੀਂ ਦਿੱਤੀ ਜਾ ਰਹੀ। ਉਨ੍ਹਾ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਅੱਜ ਪੰਚਾਇਤ ਸੈਕਟਰੀਆਂ ਦੇ ਵੀ ਅੱਗੇ ਪੀ. ਏ. ਰੱਖੇ ਹਨ। ਇਸ ਮੌਕੇ ਉਨ੍ਹਾ ਨਾਲ ਸੀਨੀਅਰ ਅਕਾਲੀ ਆਗੂ ਬਲਦੇਵ ਸਿੰਘ ਮਹਿਰੋਂ ਹਾਜ਼ਰ ਸਨ।

## ਸੂਬੇ 'ਚ ਪਰਾਲੀ ਸਾੜਨ ਦੇ 179 ਮਾਮਲੇ ਸਾਹਮਣੇ ਆਏ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸੂਬੇ 'ਚ 15 ਸਤੰਬਰ ਤੋਂ ਪਰਾਲੀ ਸਾੜਨ ਦਾ ਸਿਲਸਿਲਾ ਸ਼ੁਰੂ ਹੋਇਆ।ਹੁਣ ਮਾਝੇ ਦੇ ਨਾਲ-ਨਾਲ ਦੁਆਬਾ ਤੇ ਮਾਲਵੇ ਦੇ ਜ਼ਿਲ੍ਹਿਆਂ ਵਿੱਚ ਵੀ ਪਰਾਲੀ ਸਾੜਨ ਦੇ ਮਾਮਲੇ ਸਾਹਮਣੇ ਆਉਣ ਲੱਗੇ ਹਨ।ਸ਼ੁੱਕਰਵਾਰ ਨੂੰ ਸੂਬੇ 'ਚ ਪਰਾਲੀ ਸਾੜਨ ਦੇ 8 ਨਵੇਂ ਮਾਮਲੇ ਸਾਹਮਣੇ ਆਏ, ਜਿਸ ਨਾਲ ਸੂਬੇ 'ਚ ਪਰਾਲੀ ਸਾੜਨ ਦੇ ਮਾਮਲੇ ਵਧ ਕੇ 179 ਹੋ ਗਏ ਹਨ।

27 ਸਤੰਬਰ ਤੱਕ ਸੂਬੇ 'ਚ ਪਰਾਲੀ ਸਾੜਨ ਦੇ 98 ਮਾਮਲੇ ਸਾਹਮਣੇ ਆਏ ਸੀ, ਜੋ ਸਿਰਫ਼ ਛੇ ਦਿਨਾਂ ਵਿੱਚ ਵੱਧ ਕੇ 171 ਹੋ ਗਏ ਹਨ।ਪਰਾਲੀ ਸਾੜਨ ਦੇ ਸਭ ਤੋਂ ਵੱਧ 86 ਮਾਮਲੇ ਅੰਮ੍ਰਿਤਸਰ ਤੋਂ ਸਾਹਮਣੇ ਆਏ ਹਨ।ਵੀਰਵਾਰ ਨੂੰ ਜ਼ਿਲ੍ਹਾ ਅੰਮ੍ਰਿਤਸਰ 'ਚ ਪਰਾਲੀ ਸਾੜਨ ਦੀਆਂ ਤਿੰਨ, ਗੁਰਦਾਸਪੁਰ 'ਚ ਦੋ, ਜਲੰਧਰ ਵਿੱਚ ਇੱਕ ਤੇ ਤਰਨਤਾਰਨ ਵਿੱਚ ਦੋ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

# ਭਾਕਿਯੂ ਏਕਤਾ ਉਗਰਾਹਾਂ ਪੰਚਾਇਤ ਚੋਣਾਂ 'ਚ ਨਾ ਹਿੱਸਾ ਲਵੇਗੀ ਤੇ ਨਾ ਕਿਸੇ ਦੀ ਹਮਾਇਤ ਕਰੇਗੀ : ਕਿਸਾਨ ਆਗੂ



**ਮਲੋਟ (ਗੁਰਮੀਤ ਸਿੰਘ ਮੱਕੜ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪੰਜਾਬ ਪੰਚਾਇਤ ਚੋਣਾਂ ਬਾਰੇ ਵਧਵੀ ਸਿੱਖਿਆ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਪਿੰਡ ਮਲੋਟ ਵਿਖੇ ਹੋਈ, ਜਿਸ ਵਿਚ ਉਗਰਾਹਾਂ ਜਥੇਬੰਦੀ ਪੰਚਾਇਤੀ ਚੋਣਾਂ ਵਿੱਚ ਨਾ ਹਿੱਸਾ ਲਵੇਗੀ, ਨਾ ਕਿਸੇ ਵੀ ਉਮੀਦਵਾਰ ਦੀ ਹਮਾਇਤ ਕਰੇਗੀ, ਦਾ ਫ਼ੈਸਲਾ ਲਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ ਨੇ ਦੱਸਿਆ ਕਿ ਅੱਜ ਦੀ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸੂਬਾਈ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਸਕੱਤਰ ਸ਼ਿੰਗਾਰਾ ਸਿੰਘ ਮਾਨ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਵੇਂ ਪੰਜਾਬ 'ਚ ਪੰਚਾਇਤੀ ਚੋਣਾਂ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਵਿੱਚ ਸਾਡੇ ਆਪਸੀ ਭਾਈਚਾਰਕ ਸਾਂਝ ਵਿੱਚ ਪਾੜਾ ਹੀ ਪੈਂਦਾ ਹੈ। ਉਨ੍ਹਾਂ ਕਿਹਾ ਕਿ ਵੋਟ ਪਾਉਣਾ ਨਾ ਪਾਉਣਾ ਹਰ ਆਗੂ ਤੇ ਵਰਕਰ ਦਾ ਜਮੂਹਰੀ ਅਧਿਕਾਰ ਹੈ, ਜਿਸ ਕਰਕੇ ਜਥੇਬੰਦੀ ਵੋਟਾਂ ਦੇ ਬਾਈਕਾਟ ਦਾ ਸੱਦਾ ਨਹੀਂ ਦਿੰਦੀ ਹੈ। ਉਨ੍ਹਾਂ ਚੋਣਾਂ ਮੌਕੇ ਵਰਕਰਾਂ ਤੇ ਆਗੂਆਂ ਦੀ ਭੂਮਿਕਾ ਬਾਰੇ ਸਾਫ਼ ਕਰਦਿਆਂ ਦੱਸਿਆ ਕਿ ਜਥੇਬੰਦੀ ਦੇ ਵਿਧਾਨ ਮੁਤਾਬਿਕ ਕਿਸੇ ਵੀ ਸਰਕਾਰੀ ਸੰਸਥਾਗਤ ਚੋਣਾਂ ਸਮੇਂ ਜਥੇਬੰਦੀ ਵੱਲੋਂ ਕੋਈ ਵੀ ਸਥਾਨਕ ਜਾਂ ਸਟੇਟ ਆਗੂ ਤੇ ਵਰਕਰ ਕਿਸੇ ਵੀ ਹਾਕਮ ਜਮਾਤੀ ਸਿਆਸੀ ਧਿਰ ਦੇ ਇਕੱਠਾਂ, ਚੋਣ ਮੁਹਿੰਮ 'ਤੇ ਉਨ੍ਹਾਂ ਬੂਥਾਂ ਤੇ ਪ੍ਰਤੀਨਿਧ ਵੱਜੋਂ ਸ਼ਾਮਲ ਨਹੀਂ ਹੋ ਸਕਦਾ, ਸਗੋਂ ਸਿਰਫ ਨਿਰਪੱਖ ਤੌਰ ਤੇ ਇਹ ਸਿਆਸੀ ਪਾਰਟੀਆਂ ਤੋਂ ਉੱਪਰ ਉੱਠ ਕੇ ਕਿਸਾਨੀ ਕਿੱਤੇ ਨਾਲ ਜੁੜੇ ਕਿਸਾਨਾਂ ਮਜ਼ਦੂਰਾਂ ਦੀ ਰਾਖੀ ਵਾਸਤੇ ਸਾਂਝੇ ਸੰਘਰਸ਼ਾਂ ਦੀ ਲਾਮਬੰਦੀ 'ਤੇ ਜ਼ੋਰ ਲਾਉਣਾ ਹੀ ਬਣਦਾ ਹੈ। ਇਸ ਮੌਕੇ ਜਥੇਬੰਦੀ ਵੱਲੋਂ 'ਸਰਕਾਰਾਂ ਤੋਂ ਨਾ ਝਾਕ ਕਰੋ, ਆਪਣੀ ਰਾਖੀ ਆਪ ਕਰੋ' ਨਾਅਰਾ ਬੁਲੰਦ ਕਰਨ 'ਤੇ ਜ਼ੋਰ ਦਿੱਤਾ ਤੇ ਕਿਸਾਨ ਮਜ਼ਦੂਰ ਦੀਆਂ ਜਥੇਬੰਦੀਆਂ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਪਾਸ਼ ਸਿੰਘ ਸਿੰਘੇਵਾਲਾ ਤੋਂ ਇਲਾਵਾ ਬਲਾਕਾਂ ਦੇ ਕਿਸਾਨ ਆਗੂ ਕੁਲਦੀਪ ਸਿੰਘ ਕਰਮਗੜ੍ਹ, ਬੋਹੜ ਸਿੰਘ, ਸੁਖਦੇਵ ਸਿੰਘ, ਬਗੀਚਾ ਸਿੰਘ ਮਲੋਟ, ਮਲਕੀਤ ਸਿੰਘ ਗੱਗੜ, ਨਿਸ਼ਾਨ ਸਿੰਘ ਕੱਖਾਂਵਾਲੀ, ਗੁਰਤੇਜ ਸਿੰਘ ਖੁੱਡੀਆਂ, ਡਾ. ਹਰਪਾਲ ਸਿੰਘ ਕਿੱਲਿਆਂਵਾਲੀ, ਗੀਤਕਾਰ ਲੋਕ ਮੋਰਚਾ ਦੇ ਹਰਦੀਪ ਸਿੰਘ ਮਲੋਟ ਆਦਿ ਵੱਡੀ ਗਿਣਤੀ ਕਿਸਾਨ ਮਜ਼ਦੂਰ ਹਾਜ਼ਰ ਸਨ।

# ਅਧਿਆਪਕ ਜਥੇਬੰਦੀਆਂ ਵੱਲੋਂ ਪੰਚਾਇਤੀ ਚੋਣ ਡਿਊਟੀਆਂ ਨੂੰ ਲੈ ਕੇ ਏ ਡੀ ਸੀ ਨਾਲ ਮੁਲਾਕਾਤ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਵਿੱਚ ਰਾਜ ਚੋਣ ਕਮਿਸ਼ਨ ਵੱਲੋਂ 15 ਨੂੰ ਪੰਚਾਇਤੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ।ਪਿਛਲੇ ਸਮੇਂ ਵਿੱਚ ਇਨ੍ਹਾਂ ਚੋਣਾਂ ਦੌਰਾਨ ਮਿਆਰੀ ਸੁਰੱਖਿਆ ਪ੍ਰਬੰਧਾਂ ਦੀ ਘਾਟ ਦੇ ਮੱਦੇਨਜ਼ਰ ਕਈ ਥਾਈਂ ਅਣ-ਸੁਖਾਵੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ, ਜਿਸ ਕਰਕੇ ਇਹ ਚੋਣ ਡਿਊਟੀ ਮੁਲਾਜ਼ਮਾਂ ਲਈ ਜਾਨ ਜੋਖ਼ਮ ਵਿੱਚ ਪਾਉਣ ਵਾਲੀ ਸਾਬਿਤ ਹੁੰਦੀ ਹੈ। ਇਸ ਸਭ ਨੂੰ ਵੇਖਦਿਆਂ ਪ੍ਰਮੁੱਖ ਅਧਿਆਪਕ ਜਥੇਬੰਦੀਆਂ ਵੱਲੋਂ ਚੋਣ ਡਿਊਟੀ ਮੁਲਾਜ਼ਮਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਾਂਝੇ ਸੰਘਰਸ਼ੀ ਯਤਨ ਕਰਨ ਦੇ ਫੈਸਲੇ ਤਹਿਤ ਹਰਜਿੰਦਰ ਸਿੰਘ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਾਲ ਮੁਲਾਕਾਤ ਕਰਕੇ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਰੁਪਿੰਦਰ ਪਾਲ ਸਿੰਘ ਗਿੱਲ, ਪਰਮਿੰਦਰ ਸਿੰਘ ਮਲੌਦ, ਜਸਵਿੰਦਰ ਸਿੰਘ ਐਤੀਆਣਾ, ਅਰਮਿੰਦਰ ਸਿੰਘ, ਹਰਜੀਤ ਸਿੰਘ ਸੁਧਾਰ, ਜਗਜੀਤ ਸਿੰਘ ਮਾਨ, ਹਰਵਿੰਦਰ ਸਿੰਘ ਬਿਲਗਾ, ਧਰਮਜੀਤ ਸਿੰਘ ਢਿੱਲੋਂ, ਕੁਲਜਿੰਦਰ ਸਿੰਘ ਬੱਦੋਵਾਲ ਤੇ ਸਤਵੀਰ ਸਿੰਘ ਰੌਣੀਨੇ ਦੱਸਿਆ ਕਿ ਜ਼ਿਲ੍ਹਾ ਅਧਿਕਾਰੀਆਂ ਤੋਂ ਹਰੇਕ ਵੋਟਿੰਗ ਕੇਂਦਰ 'ਤੇ ਢੁੱਕਵੀਂ ਗਿਣਤੀ ਵਿੱਚ ਸੁਰੱਖਿਆ ਕਰਮੀ ਲਗਾਉਣ ਦੀ ਮੰਗ ਕੀਤੀ ਗਈ ਹੈ ਤਾਂ ਜੋ ਡਿਊਟੀ ਮੁਲਾਜ਼ਮਾਂ ਦੀ ਸੁਰੱਖਿਆ ਦੇ ਨਾਲ ਨਾਲ ਨਿਰਪੱਖ ਚੋਣ ਵੀ ਯਕੀਨੀ ਹੋ ਸਕੇ।ਗਿਣਤੀ ਦਾ ਕੰਮ ਵੋਟਿੰਗ ਸਟਾਫ਼ ਤੋਂ ਵੱਖਰੇ ਗਿਣਤੀ ਸਟਾਫ਼ ਲਗਾ ਕੇ ਵੱਖਰੇ ਕੇਂਦਰੀਕ੍ਰਿਤ ਕੇਂਦਰ ਸਥਾਪਤ ਕਰਕੇ ਵਧੇਰੇ ਸੁਰੱਖਿਆ ਪ੍ਰਬੰਧਾਂ ਹੇਠ ਕਰਵਾਉਣ ਦੀ ਮੰਗ ਕੀਤੀ ਗਈ। ਮੁਲਾਜ਼ਮਾਂ ਦੇ ਸੰਬੰਧਤ ਬਲਾਕ ਤੋਂ ਬਾਹਰ ਲੱਗੀਆਂ ਚੋਣ ਡਿਊਟੀਆਂ ਕੱਟਣ, ਵਿਧਵਾ/ਤਲਾਕਸ਼ੁਦਾ/ਛੋਟੇ ਬੱਚਿਆਂ ਦੀਆਂ ਮਾਵਾਂ/ਗਰਭਵਤੀ ਮਹਿਲਾਵਾਂ, ਕਰੋਨੀਕਲ ਬਿਮਾਰੀਆਂ ਤੋਂ ਪੀੜਤਾਂ ਤੇ ਸੇਵਾ ਮੁਕਤੀ ਦੇ ਅਖ਼ਰੀਲੇ ਛੇ ਮਹੀਨੇ ਦੇ ਸਮੇਂ ਵਿਚਲੇ ਮੁਲਾਜ਼ਮਾਂ ਤੇ ਦਿਵਿਆਂਗਾਂ ਦੀਆਂ ਡਿਊਟੀਆਂ ਕੱਟਣ ਲਈ ਸਪੱਸ਼ਟ ਨੀਤੀ ਅਪਣਾਉਣ ਤੇ ਇਸ ਕੰਮ ਲਈ ਜ਼ਿਲ੍ਹਾ/ਤਹਿਸੀਲ ਪੱਧਰ 'ਤੇ ਲੋੜੀਂਦਾ ਬੋਰਡ ਸਥਾਪਤ ਕਰਕੇ ਇਤਰਾਜ਼ ਮੰਗੇ ਜਾਣ।ਇਸ ਤੋਂ ਇਲਾਵਾ ਔਰਤ ਮੁਲਾਜ਼ਮਾਂ ਤੇ ਪਰਖ ਕਾਲ ਅਧੀਨ ਮੁਲਾਜ਼ਮਾਂ ਦੀ ਡਿਊਟੀ ਪ੍ਰਜ਼ਾਈਡਿੰਗ ਅਫਸਰ ਵਜੋਂ ਨਾ ਲਗਾਉਣ, ਕਪਲ ਕੇਸ ਵਿੱਚ ਦੋਨਾਂ ਵਿੱਚੋਂ ਇੱਕ ਮੁਲਾਜ਼ਮ ਦੀ ਹੀ ਚੋਣ ਡਿਊਟੀ ਲਗਾਉਣ, ਪੋਲਿੰਗ ਸਟਾਫ ਨੂੰ ਚੋਣ ਡਿਊਟੀ ਲਈ ਬਣਦਾ ਮਿਹਨਤਾਨਾ ਦੇਣ, ਖਾਣਾ ਬਣਾਉਣ ਵਾਲੀਆਂ ਕੁੱਕਾਂ ਦਾ ਵੀ ਬਣਦਾ ਮਿਹਨਤਾਨਾ ਕੁਕਿੰਗ ਕਾਸਟ ਤੋਂ ਵੱਖਰੇ ਰੂਪ ਵਿੱਚ ਦੇਣ ਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਡਿਊਟੀ ਬਾਕੀ ਵਿਭਾਗਾਂ ਦੇ ਮੁਲਾਜ਼ਮਾਂ ਦੇ ਅਨੁਪਾਤਕ ਹੀ ਲਗਾਉਣ ਦੀ ਮੰਗ ਕੀਤੀ ਗਈ।

ਆਗੂਆਂ ਨੇ ਮੰਗ ਕੀਤੀ ਗਈ ਸਾਰਾ ਸਾਲ ਚੱਲਣ ਵਾਲਾ ਕੰਮ ਹੋਣ ਦੇ ਮੱਦੇਨਜ਼ਰ ਬੀ.ਐੱਲ.ਓਜ਼ ਨੂੰ ਪੋਲਿੰਗ ਸਟਾਫ ਵਜੋਂ ਚੋਣ ਡਿਊਟੀ ਦੇਣ ਤੋਂ ਪੂਰਨ ਛੋਟ ਦਿੱਤੀ ਜਾਵੇ।ਕੰਪਿਊਟਰ ਅਧਿਆਪਕਾਂ ਤੇ ਹੋਰ ਅਧਿਆਪਕਾਂ ਨੂੰ ਲੰਬਾਂ ਸਮਾਂ ਦਫਤਰਾਂ ਵਿੱਚ ਚੋਣ ਡਿਊਟੀ ਅਧੀਨ ਉਲਝਾ ਕੇ ਰੱਖਣ ਦਾ ਗੈਰ-ਵਾਜਿਬ ਚਲਣ ਬੰਦ ਕੀਤਾ ਜਾਵੇ।ਕਿਸੇ ਵੀ ਗਜ਼ਟਿਡ ਛੁੱਟੀ ਵਾਲੇ ਦਿਨ ਚੋਣ ਰੀਹਰਸਲਾਂ ਨਾ ਕਰਵਾਈਆਂ ਜਾਣ।ਚੋਣ ਅਮਲੇ ਨੂੰ ਇੱਕ ਦਿਨ ਦੀ ਰੈਸਟ ਵਜੋਂ ਅਗਲੇ ਵਰਕਿੰਗ ਦਿਨ ਲਈ ਛੁੱਟੀ ਦਾ ਅਗਾਊਂ ਐਲਾਨ ਕੀਤਾ ਜਾਵੇ ਆਦਿ।ਇਸ ਸਮੇਂ ਰਜਿੰਦਰ ਜੰਡਿਆਲੀ, ਜਗਸੀਰ ਮਾਨਕਵਾਲ, ਮਨੋਜ ਕੁਮਾਰ ਆਦਿ ਆਗੂ ਹਾਜ਼ਰ ਸਨ।

# 7 ਅਕਤੂਬਰ ਫਲਸਤੀਨ ਨਾਲ ਇੱਕਮੁੱਠਤਾ ਦਿਨ ਵਜੋਂ ਮਨਾਇਆ ਜਾਵੇਗਾ : ਖੱਬੀਆ ਧਿਰਾਂ

**ਮਾਨਸਾ (ਆਤਮਾ ਸਿੰਘ ਪਮਾਰ)**

ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਤੇ ਸੀ ਪੀ ਆਈ ਐੱਮ ਦੇ ਆਗੂਆਂ ਵੱਲੋਂ ਖੱਬੀਆਂ ਪਾਰਟੀਆਂ ਦੇ ਸੱਦੇ 'ਤੇ 7 ਅਕਤੂਬਰ ਦਾ ਦਿਨ ਫਲਸਤੀਨ ਨਾਲ ਇੱਕਮੁੱਠਤਾ ਵਜੋਂ ਮਨਾਉਣ ਸਬੰਧੀ ਇੱਕ ਮੀਟਿੰਗ ਸਾਥੀ ਰਤਨ ਭੋਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੁਰਿੰਦਰਪਾਲ ਸ਼ਰਮਾ ਤੇ ਸੀ ਪੀ ਆਈ ਐੱਮ ਦੇ ਜ਼ਿਲ੍ਹਾ ਆਗੂ ਕਾਮਰੇਡ ਅਮਰਜੀਤ ਸਿੰਘ ਖੋਖਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ 7 ਅਕਤੂਬਰ ਦਾ ਦਿਨ ਫਲਸਤੀਨ ਨਾਲ ਇੱਕਮੁੱਠਤਾ ਵਜੋਂ ਮਨਾਉਣ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ, ਕਿਉਂਕਿ ਦੇਸ਼ ਦੀਆਂ ਖੱਬੇਪੱਖੀ ਧਿਰਾਂ ਦਿੱਤੇ ਗਏ ਸੱਦੇ ਤਹਿਤ ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਦੀ ਲੜਾਈ ਦਾ ਇੱਕ ਸਾਲ ਪੂਰਾ ਹੋ ਗਿਆ ਹੈ।ਪਿਛਲੇ ਸਾਲ 7 ਅਕਤੂਬਰ ਨੂੰ ਹੀ ਇਜ਼ਰਾਈਲ ਅੰਦਰ ਹਮਾਸ ਦੁਆਰਾ ਕੀਤੇ ਗਏ ਹਮਲੇ ਦਾ ਬਦਲਾ ਲੈਣ ਦੇ ਨਾਂਅ 'ਤੇ ਇਜ਼ਰਾਈਲੀ ਹਥਿਆਰਬੰਦ ਬਲਾਂ ਨੇ ਗਾਜ਼ਾ ਵਿੱਚ ਫਲਸਤੀਨੀਆਂ 'ਤੇ ਬੇਰਹਿਮੀ ਨਾਲ ਅੰਨ੍ਹੇਵਾਹ ਹਮਲਾ ਕੀਤਾ ਗਿਆ ਸੀ।ਇਸ ਜੰਗ ਦੇ ਨਤੀਜੇ ਵਜੋਂ ਲਗਭਗ 42000 ਫਲਸਤੀਨੀਆਂ, ਮੁੱਖ ਤੌਰ 'ਤੇ ਔਰਤਾਂ ਤੇ ਬੱਚਿਆਂ ਨੂੰ ਮਾਰਿਆ ਗਿਆ ਸੀ।ਕਮਿਊਨਿਸਟ ਆਗੂਆਂ ਨੇ ਕਿਹਾ ਕਿ ਖੱਬੀਆਂ ਪਾਰਟੀਆਂ ਵੱਲੋਂ ਫਲਸਤੀਨ ਦੇ ਹੱਕ ਵਿੱਚ 7 ਅਕਤੂਬਰ ਨੂੰ ਰੋਸ ਪ੍ਰਦਰਸ਼ਨ ਵੀ ਕੀਤਾ ਜਾਵੇਗਾ।ਇਸ ਹੋ ਰਹੀ ਵਧੀਕੀ ਖਿਲਾਫ ਇਨਸਾਫ਼ ਪਸੰਦ ਜਥੇਬੰਦੀਆਂ ਤੇ ਸੰਘਰਸ਼ਸ਼ੀਲ ਲੋਕਾਂ ਨੂੰ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ ਗਈ।ਮੀਟਿੰਗ ਨੂੰ ਗਗਨਦੀਪ ਸ਼ਰਮਾ, ਮੇਜਰ ਸਿੰਘ ਦੂਲੋਵਾਲ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਤੂੜੀ ਤੇ ਪਰਾਲੀ ਦੀਆਂ ਟਰਾਲੀਆਂ ਰਾਹਗੀਰਾਂ ਦੀ ਜਾਨ ਦਾ ਖੌਫ਼ ਬਣੀਆਂ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**

ਮੁਕਤਸਰ-ਕੋਟਕਪੂਰਾ ਬਾਈਪਾਸ ਉਪਰ ਸਕੂਟਰੀ ਨੂੰ ਕਰਾਸ ਕਰ ਰਹੀ ਪਰਾਲੀ ਦੀਆਂ ਗੱਠਾਂ ਨਾਲ ਭਰੀ ਟਰਾਲੀ ਦੀ ਫੇਟ ਵੱਜਣ ਨਾਲ ਸਕੂਟਰੀ ਚਲਾ ਰਹੀ ਲੜਕੀ ਡਿੱਗ ਪਈ।ਸਕੂਟਰੀ ਦਾ ਨੁਕਸਾਨ ਹੋ ਗਿਆ ਤੇ ਲੜਕੀ ਦੇ ਸੱਟਾਂ ਵੱਜੀਆਂ।ਰਾਹਗੀਰਾਂ ਨੇ ਲੜਕੀ ਨੂੰ ਸੰਭਾਲਿਆ।

ਮੌਕੇ 'ਤੇ ਮੌਜੂਦ ਕਿਸਾਨ ਪਰਮਜੀਤ ਸਿੰਘ ਬਿੱਲੂ ਸਿੱਧੂ ਨੇ ਦੱਸਿਆ ਕਿ ਸਕੂਟਰੀ ਚਾਲਕ ਲੜਕੀ ਵਾਂਗ ਨਿੱਤ ਦਿਹਾੜੇ ਲੋਕ ਹਾਦਸੇ ਦਾ ਸ਼ਿਕਾਰ ਹੁੰਦੇ ਹਨ।ਤੂੜੀ ਤੇ ਪਰਾਲੀਆਂ ਦੀਆਂ ਗੱਠਾਂ ਨਾਲ ਬਿਨਾਂ ਗਿਣਤੀ-ਮਿਣਤੀ ਦੇ ਭਰੀਆਂ ਟਰਾਲੀਆਂ ਕਾਰਨ ਇਸ ਤਰ੍ਹਾਂ ਦੇ ਹਾਦਸੇ ਅਕਸਰ ਵਾਪਰਦੇ ਰਹਿੰਦੇ ਹਨ।ਇਸ ਦੇ ਨਾਲ ਆਵਾਜਾਈ ਵੀ ਬੁਰੀ ਤਰ੍ਹਾਂ ਪ੍ਰਭਾਵਤ ਹੁੰਦੀ ਹੈ।ਖਾਸ ਤੌਰ 'ਤੇ ਜਦੋਂ ਸਕੂਲਾਂ ਤੇ ਦਫਤਰਾਂ ਵਿੱਚ ਆਉਣ-ਜਾਣ ਦਾ ਸਮਾਂ ਹੁੰਦਾ ਹੈ ਤਾਂ ਸ਼ਹਿਰੀ ਖੇਤਰ ਵਿੱਚ ਦਾਖਲ ਹੋਈਆਂ ਇਹ ਟਰਾਲੀਆਂ ਵੱਡੀ ਮੁਸੀਬਤ ਖੜੀ ਕਰਦੀਆਂ ਹਨ।ਇਨ੍ਹਾਂ ਟਰਾਲੀਆਂ ਦੀ ਚੌੜਾਈ ਤੇ ਲੰਬਾਈ ਆਮ ਬੱਸ ਨਾਲੋਂ ਦੁੱਗਣੀ ਹੁੰਦੀ ਹੈ। ਉਸ ਤੋਂ ਬਾਅਦ ਇਹ ਟਰਾਲੀਆਂ ਜਦੋਂ ਲਾਈਨ ਬਣਾ ਕੇ ਸੜਕ ਉੱਪਰ ਚੱਲਦੀਆਂ ਹਨ ਤਾਂ ਵਾਹਨਾਂ ਦੀਆਂ ਕਈ ਕਿਲੋਮੀਟਰ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਹਨ। ਸੜਕਾਂ ਭੀੜੀਆਂ ਹੋਣ ਕਰਕੇ ਵਾਹਨ ਕਰਾਸ ਨਹੀਂ ਹੁੰਦਾ।ਬੱਸ ਚਾਲਕ ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਸਮਾਂ ਫਿਕਸ ਹੁੰਦਾ ਹੈ, ਜੇ ਉਹ ਸਮੇਂ ਸਿਰ ਅੱਡੇ ਵਿੱਚ ਨਹੀਂ ਜਾਂਦੇ ਤਾਂ ਗੇੜਾ ਕੈਂਸਲ ਹੋ ਜਾਂਦਾ ਹੈ।ਇਸ ਲਈ ਤੂੜੀ ਤੇ ਪਰਾਲੀ ਵਾਲੀਆਂ ਟਰਾਲੀਆਂ ਉਨ੍ਹਾਂ ਲਈ ਵੱਡੀ ਮੁਸੀਬਤ ਹੈ।ਲੋਕਾਂ ਦੀ ਮੰਗ ਹੈ ਕਿ ਕਿ ਤੂੜੀ ਤੇ ਪਰਾਲੀ ਦੀਆਂ ਟਰਾਲੀਆਂ ਨੂੰ ਸੜਕਾਂ ਉਪਰ ਚੱਲਣ ਵਾਸਤੇ ਰਾਤ ਦਾ ਸਮਾਂ ਦਿੱਤਾ ਜਾਵੇ, ਜਿਸ ਵੇਲੇ ਸੜਕਾਂ ਉਪਰ ਆਵਾਜਾਈ ਘੱਟ ਹੁੰਦੀ ਹੈ।ਇਸਦੇ ਨਾਲ ਸੀਮਤ ਮਾਤਰਾ 'ਚ ਤੂੜੀ ਤੇ ਪਰਾਲੀ ਲੱਦਣ ਦੀ ਹਦਾਇਤ ਵੀ ਕੀਤੀ ਜਾਵੇ।

# 10 ਸਾਲਾਂ ਤੋਂ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਕਰ ਰਿਹੈ ਜਗਸੀਰ ਸਿੰਘ

### ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਮੇਲਿਆਂ ਦੌਰਾਨ ਸਨਮਾਨਤ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸੁੱਖਣਵਾਲਾ ਦੇ ਅਗਾਂਹਵਧੂ ਕਿਸਾਨ ਸ੍ਰੀ ਜਗਸੀਰ ਪਿਛਲੇ 10 ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਦੂਸਰੇ ਕਿਸਾਨਾਂ ਲਈ ਮਿਸਾਲ ਬਣ ਕੇ ਸੁਚੱਜੇ ਪਰਾਲੀ ਪ੍ਰਬੰਧਨ ਸਬੰਧੀ ਕਿਸਾਨ ਵੀਰਾਂ ਨੂੰ ਜਾਗਰੂਕ ਕਰ ਰਿਹਾ ਹੈ।ਕਿਸਾਨ ਜਗਸੀਰ ਸਿੰਘ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਕਰਕੇ ਸਫਲ ਕਿਸਾਨ ਵਜੋਂ ਸਾਹਮਣੇ ਆਇਆ ਹੈ।ਕਿਸਾਨ ਜਗਸੀਰ ਸਿੰਘ ਨੇ ਆਪਣੇ ਤਜਰਬਿਆਂ ਸਬੰਧੀ ਜਾਣਕਾਰੀ ਦੇਣ ਲਈ ਆਪਣਾ ਕੰਟੈਕਟ ਨੰਬਰ 9876712106 ਵੀ ਕਿਸਾਨ ਵੀਰਾਂ ਨਾਲ ਸਾਂਝਾ ਕੀਤਾ ਹੈ।ਕਿਸਾਨ ਜਗਸੀਰ ਸਿੰਘ ਆਪਣੀ ਜ਼ਮੀਨ ਵਿੱਚ ਪਿਛਲੇ 10 ਸਾਲਾਂ ਤੋਂ ਕਣਕ/ਝੋਨਾ/ਬਾਸਮਤੀ ਦੀ ਬਿਜਾਈ ਇੰਨਸੀਟੂ ਮੈਨੇਜਮੈਂਟ ਦੁਆਰਾ ਕਰ ਰਿਹਾ ਹੈ।ਇਹ ਕਿਸਾਨ ਝੋਨਾ/ਬਾਸਮਤੀ ਦੀ ਪਰਾਲੀ ਨੂੰ ਖੇਤ ਵਿੱਚ ਹੀ ਪਾਣੀ ਲਾ ਕੇ ਰੋਟਾਵੇਟਰ ਨਾਲ ਮੈਨੇਜ ਕਰਕੇ ਕਣਕ ਦੀ ਬਿਜਾਈ ਕਰਦਾ ਹੈ।ਇਸ ਤੋਂ ਇਲਾਵਾ ਐੱਮ. ਬੀ. ਪਲਾਓ ਤੇ ਸੁਪਰ ਸਟਾਰ ਮੈਨੇਜਮੈਂਟ ਚਲਾ ਕੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰਦਾ ਹੈ।ਇਸ ਤਕਨੀਕ ਨਾਲ ਉਹ ਪਿਛਲੇ 3-4 ਸਾਲਾਂ ਤੋਂ ਆਪਣੇ ਖੇਤ ਵਿੱਚ ਕਣਕ, ਝੋਨੇ ਲਈ ਖਾਦ ਦੀ ਵਰਤੋਂ ਘੱਟ ਕਰਕੇ ਵੱਧ ਮੁਨਾਫਾ ਲੈ ਰਿਹਾ ਹੈ।ਇਸ ਤੋਂ ਇਲਾਵਾ ਇਹ ਕਿਸਾਨ ਖੇਤੀਬਾੜੀ ਮਹਿਕਮੇ ਨਾਲ ਜੁੜਿਆ ਹੋਇਆ ਹੈ।

ਬਲਾਕ ਖੇਤੀਬਾੜੀ ਅਫਸਰ ਡਾ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਿਸਾਨ ਜਗਸੀਰ ਸਿੰਘ ਨੂੰ ਵੱਖ-ਵੱਖ ਕਿਸਾਨ ਮੇਲਿਆਂ ਦੌਰਾਨ ਸਨਮਾਨਤ ਵੀ ਕੀਤਾ ਗਿਆ ਹੈ ਤੇ ਇਹ ਕਿਸਾਨ ਹੋਰਨਾਂ ਕਿਸਾਨਾਂ ਲਈ ਪ੍ਰੇਰਣਾ ਸਰੋਤ ਬਣਿਆ ਹੈ।ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੀ ਕਿਸਾਨ ਜਗਸੀਰ ਸਿੰਘ ਦੀ ਤਰ੍ਹਾਂ ਆਪਣੇ ਖੇਤਾਂ ਵਿੱਚ ਝੋਨੇ ਦੀ ਫਸਲ ਦੀ ਰਹਿਦ ਖੂੰਹਦ ਨੂੰ ਅੱਗ ਨਾ ਲਗਾਉਣ ਤਾਂ ਜੋ ਜ਼ਮੀਨ ਦੀ ਉਪਜਾਊ ਸ਼ਕਤੀ ਬਣੀ ਰਹੇ ਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

## ਸਵੇਰ ਦੀ ਸੈਰ ਸਿਹਤ ਲਈ ਬਹੁਤ ਜ਼ਰੂਰੀ : ਡਾ. ਅਨੁਮੇਹਾ ਭੱਲਾ



**ਨਾਭਾ (ਵਰਿੰਦਰ ਵਰਮਾ)**-ਸਵੇਰ ਦੀ ਸੈਰ ਸਿਹਤ ਬਹੁਤ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਡਾਕਟਰ ਅਨੁਮੇਹਾ ਭੱਲਾ ਨੇ ਮਾਨਵ ਸੇਵਾ ਉੱਤਮ ਸੇਵਨ ਵੱਲੋਂ ਸਵ: ਗੌਰਬ ਗਾਬਾ ਦੀ ਯਾਦ ਵਿੱਚ ਲਾਏ ਗਏ ਖ਼ੂਨਦਾਨ ਤੇ ਮੈਡੀਕਲ ਚੈੱਕਅਪ ਕੈਂਪ ਮੌਕੇ ਕਰਦਿਆਂ ਕਿਹਾ ਕਿ ਮਾਨਸਿਕ ਤਣਾਅ ਤੋਂ ਵੀ ਦੂਰ ਰਹਿਣ ਦੀ ਲੋੜ ਹੈ ਤੇ ਦਿਲ ਸਾਡੇ ਸਰੀਰ ਦਾ ਸਭ ਤੋਂ ਜ਼ਰੂਰੀ ਹਿੱਸਾ ਹੈ।ਦਿਲ ਦੀ ਸਿਹਤ ਦਾ ਧਿਆਨ ਰੱਖਣਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਆਦਮੀ ਨੂੰ ਪਰਵਾਰ ਨਾਲ ਵਕਤ ਬਿਤਾਉਣਾ ਜ਼ਰੂਰੀ ਹੈ। ਕਿਤੇ ਨਾ ਕਿਤੇ ਘੁੰਮਣ-ਫਿਰਨ ਜਾਣਾ, ਛੋਟੀਆਂ-ਛੋਟੀਆਂ ਖ਼ੁਸ਼ੀਆਂ ਆਪਸ ਵਿੱਚ ਸਾਂਝੀਆਂ ਕਰਨੀਆਂ, ਘੱਟ ਤੋਂ ਘੱਟ 6 ਘੰਟੇ ਡੂੰਘੀ ਨੀਂਦ ਲੈਣੀ ਚਾਹੀਦੀ ਹੈ।ਸਰੀਰ ਦੇ ਸਾਰੇ ਟੈੱਸਟ ਸਮੇਂ-ਸਮੇਂ ਕਰਾਉਣੇ ਚਾਹੀਦੇ ਨੇ। ਉਨ੍ਹਾਂ ਦੱਸਿਆ ਕਿ ਉਸਾਰੂ ਸੋਚ, ਰੋਜ਼ਾਨਾ ਕਸਰਤ, ਸਮੇਂ ਸਿਰ ਸਰੀਰਕ ਜਾਂਚ ਤੇ ਚੈੱਕਅਪ ਜ਼ਰੂਰ ਕਰਵਾਓ।ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਵੱਖ-ਵੱਖ ਕੰਮਾਂ 'ਤੇ ਚਾਨਣਾ ਪਾਇਆ ਤੇ ਦੱਸਿਆ ਕਿ ਇਹ ਸੰਸਥਾ ਦੇ ਪ੍ਰਬੰਧਕ ਤੇ ਸਹਿਯੋਗੀ ਸੱਜਣ ਹਰ ਮੁਸ਼ਕਲ ਸਮੇਂ ਲੋਕਾਂ ਦੀ ਮੱਦਦ ਕਰਨ ਲਈ ਅੱਗੇ ਆਏ ਹਨ।ਵਿਕਾਸ ਮਿੱਤਲ ਨੇ ਸੰਸਥਾ ਵੱਲੋਂ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਾਰਿਆਂ ਸ਼ਖ਼ਸੀਅਤਾਂ ਤੇ ਇਸ ਤੋਂ ਇਲਾਵਾ ਸਮਾਜ ਸੇਵੀ ਰਮੇਸ਼ ਗਾਬਾ, ਰਾਜੇਸ਼ ਬਾਂਸਲ ਬੱਬੂ, ਰਾਜੇਸ਼ ਢੀਂਗਰਾ, ਡਾਕਟਰ ਕੰਗ ਲੈਬ, ਸੰਜੀਵ ਗਰਗ ਮੈਨੇਜਰ ਪੰਜਾਬ ਨੈਸ਼ਨਲ ਬੈਂਕ, ਸਮਾਜ ਸੇਵੀ ਰਮਨ ਸਿੰਗਲਾ, ਆੜ੍ਹਤੀਆ ਐਸੋਸੀਏਸ਼ਨ ਨਾਭਾ, ਅਨਿਲ ਬਾਂਸਲ, ਵਿਨੋਦ ਸਿੰਗਲਾ, ਧੀਰਜ ਕਾਲੜਾ ਆਦਿ ਦਾਨੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਇਸ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਅਸੀਂ ਸਾਰੇ ਹਮੇਸ਼ਾ ਸਮਾਜ ਦੇ ਚੰਗੇ ਭਵਿੱਖ ਲਈ ਯਤਨ ਕਰਦੇ ਰਹਾਂਗੇ।

## ਰਣਜੀਤ ਮਣੀ ਦਾ ਗੀਤ 'ਜਹਾਜ਼' ਡੀ ਡੀ ਪੰਜਾਬੀ 'ਤੇ ਅੱਜ



**ਲੁਧਿਆਣਾ/ਅੱਡਾ ਦਾਖਾ (ਭਾਟੀਆ, ਮੈਲਡੇ)**-ਗਾਇਕ ਰਣਜੀਤ ਮਣੀ ਇੱਕ ਵਾਰ ਫੇਰ ਬਿਲਕੁਲ ਨਵਾਂ ਨਕੋਰ ਗੀਤ ਲੈ ਕੇ ਰਾਤੀਂ ਅੱਠ ਵਜੇ ਦੂਰਦਰਸ਼ਨ ਦੇ ਮਸ਼ਹੂਰ ਪ੍ਰੋਗਰਾਮ 'ਛਣਕਾਰ' ਵਿੱਚ ਲੈ ਕੇ ਹਾਜ਼ਰ ਹੋਣਗੇ। ਗੀਤ ਨੂੰ ਸ਼ਬਦਾਂ ਵਿੱਚ ਪਰੋਇਆ ਹੈ ਗੀਤਕਾਰ ਦੇਵ ਥਰੀਕੇ ਵਾਲਾ ਦੇ ਲਾਡਲੇ ਸ਼ਾਗਿਰਦ ਬਲਬੀਰ ਮਾਨ (ਮਾਨ ਜੰਡੀ ਵਾਲਾ) ਨੇ। ਗੀਤ ਦੇ ਪ੍ਰੋਡਿਊਸਰ ਫਿਲਮਕਾਰ ਸੁੱਖਪਾਲ ਸਿੱਧੂ ਰਕਬੇ ਵਾਲੇ ਹਨ, ਸੁਰਬੱਧ ਕਰਨ ਵਾਲੇ ਸੰਗੀਤਕਾਰ ਗੁਰਪ੍ਰੀਤ ਬਸੀ ਨੇ ਵਧੀਆ ਤਰੀਕੇ ਨਾਲ ਸੰਗੀਤ ਤਿਆਰ ਕੀਤਾ ਹੈ। ਗੀਤ ਨੂੰ ਸੰਗੀਤ ਜੰਕਸ਼ਨ ਚੌਕੀਮਾਨ (ਲੁਧਿਆਣਾ) ਤੇ ਤੰਨੂ ਆਡੀਓ ਕੰਪਨੀ ਨੇ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਹੈ।

# ਖੇਡਾਂ ਵਤਨ ਪੰਜਾਬ ਦੀਆਂ ਦੇ ਸੂਬਾ ਪੱਧਰੀ ਖੇਡਾਂ ਲਈ ਟਰਾਇਲ 7 ਤੋਂ

**ਪਟਿਆਲਾ (ਥਿੰਦ)**

ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3 ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਤੋਂ ਬਾਅਦ ਹੁਣ ਸੂਬਾ ਪੱਧਰੀ ਮੁਕਾਬਲਿਆਂ ਲਈ ਖਿਡਾਰੀਆਂ ਦੇ ਟਰਾਇਲ 7 ਅਕਤੂਬਰ ਤੋਂ ਕਰਵਾਏ ਜਾ ਰਹੇ ਹਨ।ਉਨ੍ਹਾ ਦੱਸਿਆ ਕਿ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਿਹੜੀਆਂ ਖੇਡਾਂ ਦੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਨਹੀਂ ਹੋਏ ਹਨ, ਉਨ੍ਹਾਂ ਖੇਡਾਂ ਲਈ ਟੀਮਾਂ ਦੀ ਚੋਣ (ਲੜਕੇ/ਲੜਕੀਆਂ) ਕਰਨ ਲਈ ਟਰਾਇਲ ਰੱਖੇ ਗਏ ਹਨ, ਇਸ ਵਿੱਚ ਜ਼ਿਲ੍ਹਾ ਪਟਿਆਲਾ ਤੇ ਪੰਜਾਬ ਦਾ ਕੋਈ ਵੀ ਵਸਨੀਕ ਭਾਗ ਲੈ ਸਕਦਾ ਹੈ ਅਤੇ ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਟਰਾਇਲ ਦੇਣ ਲਈ ਆਉਣ ਸਮੇਂ ਆਪਣੇ ਨਾਲ ਇੱਕ ਅਧਾਰ ਕਾਰਡ ਦੀ ਕਾਪੀ, ਆਪਣੇ ਬੈਂਕ ਅਕਾਊਂਟ ਦੇ ਪਾਸਬੁੱਕ ਦੀ ਫ਼ੋਟੋ ਕਾਪੀ ਤੇ ਇੱਕ ਪਾਸਪੋਰਟ ਸਾਈਜ਼ ਦੀ ਫ਼ੋਟੋ ਨਾਲ ਲੈ ਕੇ ਆਉਣਗੇ ਅਤੇ ਟਰਾਇਲ ਸਥਾਨਾਂ 'ਤੇ ਖੇਡ ਦੇ ਕਨਵੀਨਰ ਨੂੰ ਰਿਪੋਰਟ ਕਰਨਗੇ। ਹਰਪਿੰਦਰ ਸਿੰਘ ਨੇ ਟਰਾਇਲਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੋਲੋ ਗਰਾਊਂਡ ਵਿਖੇ ਤਾਈਕਵਾਂਡੋ ਦੇ ਟਰਾਇਲ 7 ਤੋਂ 10 ਅਕਤੂਬਰ ਤੱਕ ਹੋਣਗੇ, ਜਦਕਿ ਵੁਸ਼ੂ ਦੇ ਟਰਾਇਲ 7 ਤੇ 8 ਅਕਤੂਬਰ ਨੂੰ, ਰਗਬੀ ਦੇ ਟਰਾਇਲ 10 ਤੇ 11 ਅਕਤੂਬਰ ਤੇ ਫੈਨਸਿੰਗ ਦੇ ਟਰਾਇਲ 11 ਤੇ 12 ਅਕਤੂਬਰ ਨੂੰ ਹੋਣਗੇ।ਪੰਜਾਬੀ ਯੂਨੀਵਰਸਿਟੀ ਵਿਖੇ ਆਰਚਰੀ ਦੇ ਟਰਾਇਲ 10 ਤੇ 11 ਅਕਤੂਬਰ ਨੂੰ ਤੇ ਸਾਈਕਲਿੰਗ ਦੇ 11 ਤੇ 12 ਅਕਤੂਬਰ ਨੂੰ ਹੋਣਗੇ।ਉਨ੍ਹਾਂ ਦੱਸਿਆ ਕਿ ਸਰਕਾਰੀ ਮਲਟੀਪਰਪਜ਼ ਸਕੂਲ ਪਾਸੀ ਰੋਡ ਵਿਖੇ 10 ਤੇ 11 ਅਕਤੂਬਰ ਨੂੰ ਬੇਸਬਾਲ ਦੇ ਟਰਾਇਲ ਹੋਣਗੇ ਤੇ ਰੋਲਰ ਸਕੇਟਿੰਗ ਦੇ ਟਰਾਇਲ 10 ਤੋਂ 12 ਅਕਤੂਬਰ ਤੱਕ ਰਿੰਕ ਹਾਲ ਬਾਰਾਂਦਰੀ ਵਿਖੇ ਕਰਵਾਏ ਜਾਣਗੇ।

# ਸੀਰਤ ਕੌਰ ਨੇ ਗ੍ਰੈਪਲਿੰਗ 'ਚ ਜਿੱਤਿਆ ਗੋਲਡ ਮੈਡਲ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਗੁਰਸੇਵਕ ਸਿੰਘ ਕਾਲਜ ਆਫ਼ ਫ਼ਿਜ਼ੀਕਲ ਵਿਖੇ ਹੋਈ ਪਹਿਲੀ ਸਟੇਟ ਗ੍ਰੈਪਲਿੰਗ ਖੇਡ ਪ੍ਰਤੀਯੋਗਤਾ ਵਿੱਚ ਆਦਰਸ਼ ਪਬਲਿਕ ਸਕੂਲ ਵਿੱਚ ਪੜ੍ਹ ਰਹੀ ਢਿੱਲੋਂ ਪਰਿਵਾਰ ਦੀ ਧੀ ਸੀਰਤ ਕੌਰ ਨੇ ਗੋਲਡ ਮੈਡਲ ਜਿੱਤ ਕੇ ਜਿੱਥੇ ਆਪਣੇ ਸਕੂਲ ਦਾ ਨਾਂਅ ਰੁਸ਼ਨਾਇਆ ਹੈ, ਉਥੇ ਉਸ ਨੇ ਆਪਣੇ ਮਾਂ ਬਾਪ ਦਾ ਨਾਂਅ ਵੀ ਰੌਸ਼ਨ ਕੀਤਾ ਹੈ। ਰਾਜ ਪੱਧਰੀ ਹੋਏ ਖੇਡ ਮੁਕਾਬਲੇ ਵਿਚ ਸੀਰਤ ਕੌਰ ਨੇ ਆਪਣੇ ਵਿਰੋਧੀ ਖਿਡਾਰੀਆਂ ਨੂੰ ਚਾਰੇ ਖਾਨੇ ਚਿਤ ਕਰਦਿਆਂ ਜਦੋਂ ਪਹਿਲਾ ਸਥਾਨ ਹਾਸਲ ਕੀਤਾ ਤਾਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਸੰਜੀਵ ਸ਼ਰਮਾ ਡੀ. ਈ. ਓ ਸੈਕੰਡਰੀ, ਦਲਜੀਤ ਸਿੰਘ ਰਾਣਾ ਐੱਸ. ਐੱਸ. ਪੀ ਪਟਿਆਲਾ (ਵਿਜੀਲੈਂਸ) ਤੇ ਹੋਰ ਬਹੁਤ ਸਾਰੀਆਂ ਉੱਘੀਆਂ ਸ਼ਖ਼ਸੀਅਤਾਂ ਵੱਲੋਂ ਸੀਰਤ ਕੌਰ ਨੂੰ ਸੋਨੇ ਦੇ ਤਮਗੇ ਨਾਲ ਸਨਮਾਨਤ ਕੀਤਾ ਗਿਆ।ਸੀਰਤ ਦੇ ਗੋਲਡ ਮੈਡਲ ਜਿੱਤਣ ਦਾ ਪਤਾ ਲੱਗਦਿਆਂ ਹੀ ਸੀਰਤ ਦੇ ਮਾਪਿਆਂ ਘਰ ਵਧਾਈਆਂ ਦੇਣ ਲਈ ਲੋਕਾਂ ਵੱਲੋਂ ਉਚੇਚੇ ਤੌਰ 'ਤੇ ਪਹੁੰਚ ਕੇ ਖ਼ੁਸ਼ੀ ਵਿੱਚ ਧੀਆਂ 'ਤੇ ਮਾਣ ਕਰਦਿਆਂ ਵਧਾਈਆਂ ਦਿੱਤੀਆਂ।

## ਹਮਲੇ ਦੇ ਦੋਸ਼ 'ਚ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਅਧੀਨ ਆਉਂਦੇ ਪਿੰਡ ਬੱਧਨੀ ਜੈਮਲ ਸਿੰਘ ਵਾਲਾ ਵਿਖੇ ਇੱਕ ਵਿਅਕਤੀ 'ਤੇ ਹਮਲਾ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿੱਚ ਪੁਲਸ ਨੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 8 ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਪ੍ਰੀਤ ਸਿੰਘ ਪੁੱਤਰ ਮੰਦਰ ਸਿੰਘ ਵਾਸੀ ਪਿੰਡ ਬੱਧਨੀ ਜੈਮਲ ਸਿੰਘ ਵਾਲਾ ਨੇ ਦੱਸਿਆ ਕਿ ਦੋਸ਼ੀਆਨ ਬਲਜੀਤ ਸਿੰਘ ਪੁੱਤਰ ਦਰਸ਼ਨ ਸਿੰਘ, ਨਿਰਮਲ ਸਿੰਘ ਪੁੱਤਰ ਦਰਸ਼ਨ ਸਿੰਘ, ਸੁਖਵਿੰਦਰ ਸਿੰਘ ਪੁੱਤਰ ਬਲਜੀਤ ਸਿੰਘ, ਗੁਰਵਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਬੱਧਨੀ ਜੈਮਲ ਸਿੰਘ ਵਾਲਾ ਤੇ 4 ਅਣਪਛਾਤੇ ਵਿਅਕਤੀਆਂ ਵੱਲੋਂ ਟਰੈਕਟਰ 'ਤੇ ਸਵਾਰ ਹੋ ਕੇ ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਟਰੈਕਟਰ ਦੀ ਟੱਕਰ ਮਾਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਹੁਸ਼ਿਆਰੀ ਵਿਖਾ ਕੇ ਘਰ ਅੰਦਰ ਵੜ ਗਿਆ ਤਾਂ ਉਨ੍ਹਾਂ ਟਰੈਕਟਰ ਸਿੱਧਾ ਘਰ ਦੇ ਗੇਟ ਵਿੱਚ ਮਾਰਿਆ ਅਤੇ ਲਲਕਾਰਾ ਮਾਰ ਕੇ ਉਸ 'ਤੇ ਹਮਲਾ ਕਰ ਦਿੱਤਾ, ਜਿਸ ਨਾਲ ਉਸ ਦੇ ਕਾਫੀ ਸੱਟਾਂ ਲੱਗੀਆਂ ਤੇ ਲੋਕਾਂ ਦਾ ਇਕੱਠ ਹੁੰਦਾ ਵੇਖ ਕੇ ਦੋਸ਼ੀਆਨ ਉਸ ਦੇ ਘਰ ਇੱਟਾਂ ਰੋੜੇ ਮਾਰਦੇ ਹੋਏ ਮੌਕੇ ਤੋਂ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਬਲਜੀਤ ਸਿੰਘ ਤੇ ਸੁਖਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਮੁੱਖ ਮੰਤਰੀ ਨੂੰ ਵਿਕਾਸ ਕਾਰਜਾਂ 'ਤੇ ਭਰੋਸਾ ਹੈ ਤਾਂ ਪੰਚਾਇਤੀ ਚੋਣਾਂ 'ਚ ਹੇਰਾਫੇਰੀ ਕਿਉਂ : ਗਿੱਲ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਅਮਰਜੀਤ ਸਿੰਘ ਗਿੱਲ ਨੇ ਆਖਿਆ ਹੈ ਕਿ ਪੰਜਾਬ ਵਿੱਚ ਅਕਤੂਬਰ ਮਹੀਨੇ ਹੋ ਰਹੀਆਂ ਪੰਚਾਇਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਜਿਹੜਾ ਜਨਾਜ਼ਾ ਲੋਕਤੰਤਰ ਦਾ ਨਿਕਲ ਰਿਹਾ ਹੈ ਉਹ ਅਕਾਲੀ ਸਰਕਾਰ, ਕਾਂਗਰਸ ਸਰਕਾਰ ਨੂੰ ਵੀ ਮਾਤ ਪਾ ਰਿਹਾ ਹੈ।ਭਾਵੇਂ ਅਜਿਹੀ ਪਿਰਤ ਪਿਛਲੀਆਂ ਸਰਕਾਰਾਂ ਦੀ ਨਾਲਾਇਕੀ ਤੇ ਧੱਕੇਸ਼ਾਹੀ ਦੀ ਹੂਬਹੂ ਨਕਲ ਤੋਂ ਵੀਂ ਵਧ ਕੇ ਹੋ ਰਹੀ ਹੈ, ਪਰ ਭਗਵੰਤ ਸਿੰਘ ਮਾਨ ਨੇ ਜਿਸ ਸੰਵਿਧਾਨ ਦੀ ਸਹੁੰ ਖਾ ਕੇ ਲੋਕਤੰਤਰ ਵਿੱਚ ਰਹਿ ਕੇ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ ਦੀ ਆਵਾਜ਼ 'ਤੇ ਸਰਕਾਰ ਬਣਾਈ ਸੀ, ਅੱਜ ਉਹੀ ਭਗਵੰਤ ਸਿੰਘ ਮਾਨ ਤੇ ਉਸ ਦੇ ਮੰਤਰੀ ਸਾਥੀ ਲੋਕਤੰਤਰ ਦੀ ਪਹਿਲੀ ਕੜੀ ਦਾ ਗਲਾ ਘੁੱਟ ਰਹੇ ਹਨ ਤੇ ਅਫ਼ਸਰਸ਼ਾਹੀ ਤੇ ਦਬਾਅ ਬਣਾ ਕੇ ਸਰਪੰਚੀ ਦੀ ਇਮਾਨਦਾਰੀ ਨਾਲ ਚੋਣ ਲੜਨ ਵਾਲੇ ਵਿਰੋਧੀ ਧਿਰਾਂ ਦੇ ਆਗੂਆਂ ਦੇ ਐਨ ਓ ਸੀ ਦੇਣ ਵਾਲੇ ਅਧਿਕਾਰੀਆਂ ਵਲੋਂ ਜ਼ਲੀਲ ਕੀਤਾ ਜਾ ਰਿਹਾ ਹੈ ਤੇ ਸਰਬਸਮਤੀ ਦੇ ਨਾਂਅ 'ਤੇ ਪਿੰਡਾਂ ਵਿੱਚ ਆਪਣੇ ਚਹੇਤਿਆਂ ਨੂੰ ਧੱਕੇਸ਼ਾਹੀ ਨਾਲ ਆਪਣੇ ਹੀ ਵਰਕਰਾਂ ਦੀ ਮੌਜੂਦਗੀ ਵਿੱਚ ਹਾਰ ਪਾਅ ਕੇ ਸਰਪੰਚ ਐਲਾਨਿਆ ਜਾ ਰਿਹਾ ਹੈ, ਜਦੋਂ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਕੋਈ ਸੱਦਾ ਪਤਰ ਨਹੀਂ ਭੇਜਿਆ ਜਾਂਦਾ।

## ਐੱਨ ਸੀ ਡੀ ਕਲੀਨਿਕ 'ਚ ਹਰ ਸ਼ਨੀਵਾਰ ਸਪੈਸ਼ਲ ਓ ਪੀ ਡੀ ਸੇਵਾਵਾਂ ਸ਼ੁਰੂ : ਸਿਵਲ ਸਰਜਨ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸਿਵਲ ਹਸਪਤਾਲ ਵਿੱਚ ਐਨ ਸੀ ਡੀ ਕਲੀਨਿਕ ਵਿਖੇ ਗੈਰ ਸੰਚਾਰੀ ਰੋਗਾਂ (ਬਲੱਡ ਪ੍ਰੈਸ਼ਰ, ਸ਼ੂਗਰ, ਕੈਂਸਰ) ਦੀ ਜਾਂਚ ਲਈ ਅਕਤੂਬਰ ਮਹੀਨੇ ਤੋਂ ਹਰ ਸ਼ਨੀਵਾਰ ਸਪੈਸ਼ਲ ਓ.ਪੀ.ਡੀ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਨੇ ਕੀਤਾ।

ਉਨ੍ਹਾਂ ਦੱਸਿਆ ਕਿ ਸਾਡੇ ਦੇਸ਼ ਵਿੱਚ ਵੱਡੀ ਗਿਣਤੀ ਲੋਕ ਬਲੱਡ ਪ੍ਰੈਸ਼ਰ ਤੇ ਸ਼ੂਗਰ ਤੋਂ ਪੀੜਤ ਹਨ, ਚਿੰਤਾ ਦੀ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਇਹ ਬਿਮਾਰੀ ਹੈ, ਉਨ੍ਹਾਂ ਨੂੰ ਪਤਾ ਹੀ ਨਹੀਂ, ਕਿਉਂਕਿ ਅਸੀਂ ਜਾਂਚ ਹੀ ਨਹੀਂ ਕਰਾਉਂਦੇ।ਇਸ ਤਰ੍ਹਾਂ ਲਗਾਤਾਰ ਗੈਰ ਸੰਚਾਰੀ ਰੋਗਾਂ ਤੋ ਪੀੜਤ ਵਿਅਕਤੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਤੇ ਨੌਜਵਾਨ ਪੀੜ੍ਹੀ ਵੀ ਇਨਾਂ ਰੋਗਾਂ ਦੀ ਲਪੇਟ ਵਿੱਚ ਆ ਰਹੀ ਹੈ।ਉਨ੍ਹਾਂ ਦੱਸਿਆ ਕਿ ਪਿੰਡ ਪੱਧਰ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਪੀੜਤ ਮਰੀਜ਼ਾਂ ਦੀ ਰਜਿਸਟ੍ਰੇਸ਼ਨ, ਜਾਂਚ ਤੇ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।ਪਿੰਡਾਂ ਵਿੱਚ ਇਹ ਸੇਵਾਵਾਂ ਕਮਿਊਨਟੀ ਹੈਲਥ ਅਫਸਰ ਵੱਲੋਂ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਅਪੀਲ ਕੀਤੀ ਕਿ ਜੋ ਮਰੀਜ਼ ਪਿੰਡ ਦੇ ਸਿਹਤ ਕੇਂਦਰ ਤੋਂ ਦਵਾਈ ਲੈ ਰਹੇ ਹਨ ਜਾਂ ਨਵੇਂ ਮਰੀਜ਼ ਰਜਿਸਟਰ ਹੋ ਰਹੇ ਹਨ, ਉਹ ਇੱਕ ਵਾਰ ਮਾਹਿਰ ਡਾਕਟਰ ਦੀ ਸਲਾਹ ਲਈ ਸਿਵਲ ਹਸਪਤਾਲ ਵਿਖੇ ਜ਼ਰੂਰ ਆਉਣ।

ਐਸ.ਐਮ.ਓ ਸਿਵਲ ਹਸਪਤਾਲ ਡਾ. ਪਰਮਜੀਤ ਬਰਾੜ ਨੇ ਕਿਹਾ ਬਲੱਡ ਪ੍ਰੈਸ਼ਰ ਤੇ ਸ਼ੂਗਰ ਤੋ ਪੀੜਤ ਮਰੀਜ਼ਾਂ ਨੂੰ ਦਵਾਈ ਦਾ ਸੇਵਨ ਸਮੇਂ ਸਿਰ ਡਾਕਟਰ ਦੀ ਸਲਾਹ ਅਨੁਸਾਰ ਕਰਨਾ ਚਾਹੀਦਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਿਸਾਨੀ ਅੰਦੋਲਨ ਦੇ ਸ਼ਹੀਦਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸ਼ਹੀਦ ਨਵਪ੍ਰੀਤ ਸਿੰਘ, ਸ਼ਹੀਦ ਗੁਰਵਿੰਦਰ ਸਿੰਘ, ਸ਼ਹੀਦ ਦਿਲਜੀਤ ਸਿੰਘ ਤੇ ਸ਼ਹੀਦ ਨਛੱਤਰ ਸਿੰਘ ਦੀ ਯਾਦ ਵਿੱਚ ਇਨਕਲਾਬੀ ਭਾਵਨਾਵਾਂ ਨਾਲ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਿਲ ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਕਾਰਕੁਨ ਤੇ ਹਮਦਰਦ ਵੱਡੀ ਗਿਣਤੀ 'ਚ ਸ਼ਾਮਿਲ ਹੋਏ ਜਿਸ ਦੀ ਪ੍ਰਧਾਨਗੀ ਜਥੇਬੰਦੀਆਂ ਦੇ ਪ੍ਰਮੁੱਖ ਆਗੂਆਂ ਅਵਤਾਰ ਸਿੰਘ ਜੱਸੜ, ਸੁੱਚਾ ਸਿੰਘ ਤੇੜਾ ਤੇ ਸੀਤਲ ਸਿੰਘ ਤਲਵੰਡੀ ਨੇ ਕੀਤੀ! ਸਮਾਗਮ 'ਚ ਬੋਲਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ; ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਸਿੰਘ ਛੀਨਾ ਤੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੀਨੀਅਰ ਆਗੂ ਸੁੱਚਾ ਸਿੰਘ ਤੇੜਾ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੇ ਬੀਜੇਪੀ ਦੀ ਮੋਦੀ ਸਰਕਾਰ ਤੇ ਯੂਪੀ ਦੀ ਯੋਗੀ ਸਰਕਾਰ ਦੇ ਥੰਮ ਹਿਲਾ ਦਿੱਤੇ ਤੇ ਸੰਯੁਕਤ ਕਿਸਾਨ ਮੋਰਚੇ ਨੂੰ ਪ੍ਰਚੰਡ ਕਰ ਦਿੱਤਾ ਜਿਸ ਸਦਕਾ ਮੋਦੀ ਨੂੰ 19 ਨਵੰਬਰ ਨੂੰ ਦੇਸ਼ ਵਿਰੋਧੀ ਤਿੰਨ ਕਾਲੇ ਕਨੂੰਨ ਵਾਪਿਸ ਲੈਣ ਲਈ ਮਜਬੂਰ ਕਰ ਦਿੱਤਾ। ਇਸ ਸਮੇਂ ਪੁਰਜ਼ੋਰ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਜੋ ਵਾਧਾ ਕੀਤਾ ਗਿਆ ਸੀ ਕਿ ਅਸੀਂ ਬਾਸਮਤੀ ਦਾ ਭਾਅ ਨਹੀਂ ਡਿੱਗਣ ਦਿਆਂਗੇ, ਆਪਣੇ ਵਾਅਦੇ ਤੋਂ ਮੁੱਕਰ ਰਹੀ ਹੈ। ਐੱਸਕੇਐੱਮ ਕਿਸਾਨਾਂ ਤੇ ਮਜ਼ਦੂਰਾਂ ਨੂੰ ਅਪੀਲ ਕਰਦਾ ਹੈ ਕਿ ਮੰਡੀਆਂ ਵਿੱਚ ਹੋ ਰਹੀ ਲੁੱਟ ਦਾ ਡਟ ਕੇ ਵਿਰੋਧ ਕਰੋ। ਪੰਚਾਇਤੀ ਚੋਣਾਂ ਵਿਚ ਬੇਨਿਯਮੀਆਂ ਤੇ ਧੱਕੇਸ਼ਾਹੀਆਂ ਬੰਦ ਕਰਨ ਦੀ ਵੀ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਅਜਨਾਲਾ, ਸਤਨਾਮ ਸਿੰਘ ਝੰਡੇਰ, ਅਵਤਾਰ ਸਿੰਘ ਜੱਸੜ, ਅਵਤਾਰ ਸਿੰਘ ਛੀਨਾ, ਦੇਸਾ ਸਿੰਘ ਭਿੰਡੀ ਔਲਖ, ਦਵਿੰਦਰ ਸਿੰਘ ਰਿਆੜ, ਸੁਖਵਿੰਦਰ ਸਿੰਘ ਕਿਆਮਪੁਰ, ਦੇਸ਼ ਭਗਤ ਗੁਰਨਾਮ ਸਿੰਘ ਦਾਲਮ, ਗਾਇਕ ਗੁਰਪਾਲ ਗਿੱਲ ਸੈਦਪੁਰ, ਬੱਗਾ ਸਿੰਘ ਤੇ ਬੂਰਾ ਸਿੰਘ ਖਾਨਵਾਲ, ਗੁਰਸ਼ਰਨ ਸਿੰਘ ਰਾਣੇਵਾਲੀ ਤੇ ਹਰਨੇਕ ਸਿੰਘ ਨੇਪਾਲ ਨੇ ਵੀ ਆਪਣੇ ਵਿਚਾਰ ਰੱਖੇ। ਸਮਾਗਮ ਉਪਰੰਤ ਲਖੀਮਪੁਰ ਖੀਰੀ ਦੇ ਸ਼ਹੀਦਾਂ ਦੀਆਂ ਫੋਟੋ ਵਾਲੀਆਂ ਤਖ਼ਤੀਆਂ ਹੱਥਾਂ 'ਚ ਲੈ ਕੇ ਅਜਨਾਲਾ ਦੇ ਮੁੱਖ ਬਜ਼ਾਰਾਂ 'ਚ ਰੋਹ ਭਰਿਆ ਪ੍ਰਦਰਸ਼ਨ ਕੀਤਾ ਜਿਥੇ ਸ਼ਹੀਦਾਂ ਦੀ ਯਾਦ ਵਿੱਚ ਅਕਾਸ਼ ਗੂੰਜਾਊ ਨਾਅਰੇ ਲੱਗਦੇ ਰਹੇ ਅਤੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ। ਦੁਕਾਨਦਾਰ ਤੇ ਆਮ ਲੋਕਾਂ ਨੇ ਪ੍ਰਦਰਸ਼ਨ ਕਾਰੀਆਂ ਨੂੰ ਭਰਵਾਂ ਸਮਰਥਨ ਦਿੱਤਾ !

# 'ਪ੍ਰਦੂਸ਼ਣ ਗਰੀਨ ਟੈਕਸ ਲਗਾਉਣ ਤੋਂ ਪਹਿਲਾਂ ਸਰਕਾਰ ਮੁੜ ਵਿਚਾਰੇ'



ਝਬਾਲ (ਹਰਜਿੰਦਰ ਸਿੰਘ ਸੋਨੀ)- ਪੰਜਾਬ ਸਰਕਾਰ ਵੱਲੋਂ ਪ੍ਰਦੂਸ਼ਣ ਗਰੀਨ ਟੈਕਸ ਲਗਾਇਆ ਗਿਆ ਹੈ।ਇਸ ਸਬੰਧ ਵਿੱਚ ਜੋ ਕਿ ਅਸਿੱਧੇ ਤੌਰ ਤੇ ਦਰਮਿਆਨੇ ਵਰਗ ਤੇ ਪੈਣ ਵਾਲਾ ਬੋਝ ਹੈ। ਗੱਲਬਾਤ ਕਰਦਿਆ ਸੀਪੀਆਈ ਐਮ ਦੇ ਤਰਨ ਤਾਰਨ ਸਕੱਤਰ ਕਾਮਰੇਡ ਹੀਰਾ ਸਿੰਘ ਕੰਡਿਆਵਾਲੇ ਨੇ ਕਿਹਾ ਕਿ ਉਕਤ ਟੈਕਸ ਪੁਰਾਣੀ ਗੱਡੀ ਤੇ ਜ਼ਿਆਦਾ ਲੱਗੇਗਾ ਕਿਉਂਕਿ ਇਹ ਟੈਕਸ ਗੱਡੀ ਦੇ ਮਾਡਲ ਅਨੁਸਾਰ ਲਗੇਗਾ ਅਤੇ ਪੁਰਾਣੀਆਂ ਗੱਡੀਆਂ ਤੇ ਲੱਗਣ ਵਾਲਾ ਟੈਕਸ ਜ਼ਿਆਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਟੈਕਸ ਦਰਮਿਆਨੇ ਅਤੇ ਹੇਠਲੇ ਵਰਗ ਨੂੰ ਹੀ ਜਿਆਦਾ ਲੱਗੇਗਾ ਕਿਉਕਿ ਅਮੀਰ ਆਦਮੀ ਇੱਕ ਦੋ ਸਾਲ ਬਾਅਦ ਗੱਡੀ ਬਦਲ ਦਿੰਦਾ ਹੈ ਜਦਕਿ ਦਰਮਿਆਨਾ ਤੇ ਹੇਠਲਾ ਵਰਗ ਖਰੀਦਾ ਹੀ ਪੁਰਾਣੀ ਗੱਡੀ ਹੈ।ਉਨ੍ਹਾ ਕਿਹਾ ਕਿ ਹਰੇਕ ਟੈਕਸ ਗਰੀਬ ਆਦਮੀ ਦੇ ਵਿਰੁੱਧ ਹੀ ਭੁਗਤਦਾ ਹੈ। ਕਾਮਰੇਡ ਹੀਰਾ ਸਿੰਘ ਨੇ ਕਿਹਾ ਕਿ ਪ੍ਰਦੂਸ਼ਣ ਗਰੀਨ ਟੈਕਸ ਲਗਾਉਣ ਬਾਰੇ ਪੰਜਾਬ ਸਰਕਾਰ ਨੂੰ ਫਿਰ ਤੋਂ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ ਕਿਉਕਿ ਮਹਿੰਗਾਈ ਦੇ ਇਸ ਯੁੱਗ ਵਿੱਚ ਦਰਮਿਆਨੇ ਅਤੇ ਹੇਠਲੇ ਵਰਗ ਨੂੰ ਪਹਿਲਾ ਹੀ ਬਹੁਤ ਮਾਰ ਝੱਲਣੀ ਪੈ ਰਹੀ ਹੈ। ਕਾਮਰੇਡ ਨੇ ਕਿਹਾ ਕਿ ਵਾਰ:ਵਾਰ ਕਾਨੂੰਨ ਬਣਾਉਣ ਜਾਂ ਬਦਲਣ ਦੀ ਬਜਾਏ ਜਦ ਕੋਈ ਵਿਅਕਤੀ ਨਵੀਂ ਕਾਰ/ਜੀਪ ਜਾਂ ਹੋਰ ਵਾਹਨ ਸ਼ੋਅ ਰੂਮ ਤੋਂ ਖਰੀਦਦਾ ਹੈ ਤਾਂ ਉਸ ਸਮੇਂ ਹੀ ਸਾਰੇ ਟੈਕਸ ਲਏ ਜਾਣ ਤਾਂ ਕਿ ਜਦ ਕੋਈ ਲੋੜਵੰਦ ਵਿਅਕਤੀ ਪੁਰਾਣਾ ਵਾਹਨ ਕਿਸੇ ਤੋਂ ਖਰੀਦੇ ਤਾਂ ਉਸ ਦਾ ਟੈਕਸ ਪਹਿਲਾਂ ਤੋਂ ਹੀ ਭਰਿਆ ਹੋਵੇ ਤਾਂ ਕਿ ਦਰਮਿਆਨੇ ਅਤੇ ਗਰੀਬ ਲੋਕਾਂ 'ਤੇ ਗਰੀਨ ਟੈਕਸ ਨਾ ਲੱਗ ਸਕੇ।

# ਵਿਦਿਆਰਥੀਆਂ ਨੇ 'ਨਸ਼ਿਆਂ ਨੂੰ ਨਾਂਹ ਕਹੋ' ਵਿਸ਼ੇ 'ਤੇ ਕੱਢੀ ਰੈਲੀ




ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਰਿਆਤ ਬਾਹਰਾ ਇੰਸਟੀਚਿਊਟ ਆਫ ਫਾਰਮੇਸੀ ਵੱਲੋਂ ਸੇ ਨੋ ਟੂ ਡਰੱਗਜ਼ ਵਿਸ਼ੇ 'ਤੇ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਨੂੰ ਪ੍ਰਿੰਸੀਪਲ ਡਾ. ਮਨਿੰਦਰ ਸਿੰਘ ਗਰੋਵਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰੈਲੀ ਵਿੱਚ 200 ਦੇ ਕਰੀਬ ਵਿਦਿਆਰਥੀਆਂ ਨੇ ਬੈਨਰ ਅਤੇ ਤਖ਼ਤੀਆਂ ਲੈ ਕੇ ਭਾਗ ਲਿਆ ਅਤੇ ਨਸ਼ਿਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਵਿਦਿਆਰਥੀਆਂ ਨੇ ਨਸ਼ਿਆਂ ਤੋਂ ਬਚਣ ਅਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਪ੍ਰਣ ਲਿਆ। ਇਹ ਰੈਲੀ ਗਰੀਨ ਵਿਊ ਪਾਰਕ ਤੋਂ ਸ਼ੁਰੂ ਹੋ ਕੇ ਸੈਸ਼ਨ ਚੌਂਕ, ਸੁਥੈਰੀ ਰੋਡ, ਸਰਕਾਰੀ ਕਾਲਜ ਚੌਂਕ ਅਤੇ ਰੇਲਵੇ ਮੰਡੀ ਆਦਿ ਇਲਾਕਿਆਂ ਵਿੱਚੋਂ ਦੀ ਲੰਘੀ। ਇਸ ਦਾ ਮਕਸਦ ਲੋਕਾਂ ਨੂੰ ਨਸ਼ਿਆਂ ਦੇ ਨੁਕਸਾਨ ਬਾਰੇ ਜਾਗਰੂਕ ਕਰਨਾ ਅਤੇ ਮਾਪੇ ਆਪਣੇ ਬੱਚਿਆਂ 'ਤੇ ਨਜ਼ਰ ਰੱਖਣ, ਤਾਂ ਜੋ ਬੱਚੇ ਨਸ਼ੇ ਦਾ ਸ਼ਿਕਾਰ ਨਾ ਹੋਣ।

ਇਸ ਮੌਕੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਕਿਹਾ ਕਿ ਨਸ਼ਾ ਨੌਜਵਾਨਾਂ ਦਾ ਭਵਿੱਖ ਬਰਬਾਦ ਕਰ ਸਕਦਾ ਹੈ । ਉਨ੍ਹਾਂ ਇਸ ਸਮਾਜਿਕ ਬੁਰਾਈ ਨੂੰ ਖਤਮ ਕਰਨ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨ 'ਤੇ ਜ਼ੋਰ ਦਿੱਤਾ।ਡਾ. ਮਨਿੰਦਰ ਸਿੰਘ ਗਰੋਵਰ ਨੇ ਕਿਹਾ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਜਾਗਰੂਕਤਾ ਫੈਲਾਉਣਾ ਹੀ ਸਭ ਤੋਂ ਵਧੀਆ ਤਰੀਕਾ ਹੈ। ਵਿਭਾਗ ਦੇ ਇੰਚਾਰਜ ਡਾ. ਅਮਿਤ ਸ਼ਰਮਾ ਨੇ ਦੱਸਿਆ ਕਿ ਇਹ ਰੈਲੀ ਵਿਸ਼ਵ ਫਾਰਮਾਸਿਸਟ ਦਿਵਸ ਸਮਾਰੋਹ ਦਾ ਹਿੱਸਾ ਸੀ । ਇਸ ਮੌਕੇ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਕੁਇਜ਼, ਵਾਦ-ਵਿਵਾਦ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਰੈਲੀ ਵਿੱਚ ਪ੍ਰੋ. ਦਵਿੰਦਰ ਸਿੰਘ, ਪ੍ਰੋ. ਸਿਮਰਜੀਤ ਕੌਰ, ਪ੍ਰੋ: ਸੰਤੋਸ਼ ਰਾਣੀ, ਪ੍ਰੋ: ਮੋਨਿਕਾ ਦੇਵੀ, ਪ੍ਰੋ: ਹਰਲੀਨ ਕੌਰ, ਪ੍ਰੋ: ਦੀਪਇੰਦਰ ਕੌਰ, ਪ੍ਰੋ: ਅਮਿਤਾ ਰਾਣਾ, ਪ੍ਰੋ: ਪ੍ਰਭਜੋਤ ਅਤੇ ਪ੍ਰੋ: ਆਂਚਲ ਪੁਰੀ ਨੇ ਵੀ ਸ਼ਿਰਕਤ ਕੀਤੀ ।

## ਗੱਡੀ ਦੀ ਫੇਟ ਵੱਜਣ ਨਾਲ ਇੱਕ ਭਰਾ ਦੀ ਮੌਤ, ਦੂਜਾ ਗੰਭੀਰ ਜ਼ਖ਼ਮੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਟਰੇਨ ਦੀ ਫੇਟ ਵੱਜਣ ਦੇ ਨਾਲ ਇੱਕ ਭਰਾ ਦੀ ਮੌਤ ਅਤੇ ਦੂਜੇ ਭਰਾ ਦੇ ਗੰਭੀਰ ਰੂਪ ਜ਼ਖ਼ਮੀ ਹੋਣ ਦਾ ਸਮਾਂਚਾਰ ਮਿਲਿਆ ਹੈ।ਇਸ ਸਬੰਧੀ



ਜਾਣਕਾਰੀ ਸਾਂਝੀ ਕਰਦੇ ਹੋਏ ਰੇਲਵੇ ਪੁਲਸ ਚੌਂਕੀ ਇੰਚਾਰਜ ਏਐੱਸਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਰਤਨ ਲਾਲ ਤੇ ਨਰੇਸ਼ ਕੁਮਾਰ ਦੋਨੋਂ ਪੁੱਤਰ ਹੰਸਰਾਜ ਵਾਸੀ ਮੁਰਗੀ ਮਹੱਲਾ ਚੰਦਰ ਨਗਰ ਬਟਾਲਾ ਜੋ ਦੇਰ ਰਾਤ ਰੇਲਵੇ ਲਾਈਨ ਉੱਤੇ ਬੈਠੇ ਹੋਏ ਸਨ ਤਾਂ ਇਸ ਦੌਰਾਨ ਕਾਦੀਆਂ ਵਾਲੀ ਸਾਈਡ ਤੋਂ ਦੇਰ ਰਾਤ ਟਰੈਕ ਚੈੱਕ ਕਰਕੇ ਆ ਰਹੀ ਇੱਕ ਟ੍ਰੇਨ ਦੇ ਵੱਲੋਂ ਉਨਾਂ ਨੂੰ ਫੇਟ ਮਾਰ ਦਿੱਤੀ ਜਿਸ ਦੌਰਾਨ ਨਰੇਸ਼ ਕੁਮਾਰ ਦੀ ਮੌਤ ਹੋ ਗਈ ਅਤੇ ਉਸਦਾ ਭਰਾ ਰਤਨ ਲਾਲ ਗੰਭੀਰ ਜ਼ਖ਼ਮੀ ਹੋ ਗਿਆ।ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਲਾਸ਼ ਨੂੰ ਬਟਾਲਾ ਸਿਵਿਲ ਹਸਪਤਾਲ ਦੇ ਮੋਰਚਰੀ ਵਿੱਚ ਰਖਵਾ ਦਿੱਤਾ ਗਿਆ ਅਤੇ ਜ਼ਖ਼ਮੀ ਰਤਨ ਲਾਲ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਡਾਕਟਰਾਂ ਵੱਲੋਂ ਉਸਨੂੰ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਗਿਆ।ਉਧਰ ਦੂਜੇ ਪਾਸੇ ਪੁਲਸ ਦੇ ਵੱਲੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਵੱਲੋਂ ਰਾਮ ਲੀਲ੍ਹਾ ਮੰਚਨ ਸ਼ੁਰੂ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਅਜਨਾਲਾ ਵੱਲੋਂ ਭਗਵਾਨ ਰਾਮ ਦੀ ਖੇਡੀ ਜਾ ਰਹੀ ਰਾਮਲੀਲਾ ਦਾ ਇਸ ਵਾਰ ਦਾ ਪਹਿਲੇ ਦਿਨ ਦੀ ਨਾਈਟ ਦਾ ਉਦਘਾਟਨ ਅਜਨਾਲਾ ਨਗਰ ਪੰਚਾਇਤ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ ਵੱਲੋਂ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਭੱਟੀ ਨੂੰ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਜਸਪਾਲ ਸਿੰਘ ਭੱਟੀ ਨੇ ਨਗਰ ਪੰਚਾਇਤ ਦੀ ਤਰਫੋਂ ਕਲੱਬ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਗੱਲ ਕੀਤੀ। ਇਸ ਮੌਕੇ ਜਸਪਾਲ ਸਿੰਘ ਭੱਟੀ ਨੇ ਕਿਹਾ ਕਿ ਅੱਜ ਰਾਮਲੀਲਾ ਦੀ ਪਹਿਲੀ ਨਾਈਟ ਸਰਵਣ ਦੀ ਨਾਈਟ ਹੈ ਜਿਸ ਤੋਂ ਸਾਡੇ ਜੀਵਨ ਨੂੰ ਸਿੱਖਿਆ ਮਿਲਦੀ ਹੈ ਕਿ ਮਾਂ ਪਿਓ ਦੀ ਸੇਵਾ ਕਰਨਾ ਸਾਡਾ ਸਾਰਿਆਂ ਦਾ ਮੁੱਖ ਮਕਸਦ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਅਜੇ ਕੁਮਾਰ, ਗੁਰਨਾਮ ਸਿੰਘ ਸਾਹਿਲ ਗੁਪਤਾ ਹਾਜ਼ਰ ਸਨ। ਇਸ ਤੋਂ ਇਲਾਵਾ ਨਿਊ ਸ਼ਿਵ ਸ਼ੰਕਰ ਡਰਾਮਾਟਿਕ ਕਲੱਬ ਦੇ ਕਲਾਕਾਰ ਦੀਪਕ ਕੌਸ਼ਲ, ਪੁਨੀਤ ਭਾਰਦਵਾਜ, ਵਿੱਕੀ ਭਾਰਦਵਾਜ, ਬੰਟੀ ਸ਼ਰਮਾ, ਨਰਿੰਦਰ ਕੁਮਾਰ ਮਹਿਤਾ, ਪਿੰਕੀ ਭਾਰਦਵਾਜ, ਪਵਨ ਮਹਿਤਾ, ਪ੍ਰਦੀਪ ਕੁਮਾਰ ਤਰੇਹਨ, ਮਨਜੀਤ ਕੁਮਾਰ, ਸੁੱਖ ਨਿੱਜਰ ਆਦਿ ਹਾਜ਼ਰ ਸਨ।

## ਗੱਡੀ ਦੀ ਟੱਕਰ ਵੱਜਣ ਨਾਲ ਜ਼ਖ਼ਮੀ ਔਰਤ ਦੀ ਇਲਾਜ ਦੌਰਾਨ ਮੌਤ, ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਭੈਣੀ ਮੀਆਂ ਖਾਂ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਝੰਡਾ ਲੁਬਾਣਾ ਨੇ ਦੱਸਿਆ ਕਿ ਮੇਰੀ ਭੈਣ ਅਮਨਦੀਪ ਕੌਰ ਉਮਰ 38 ਪਤਨੀ ਜਤਿੰਦਰ ਸਿੰਘ ਵਾਸੀ ਚੱਕ ਸਰੀਫ ਸਾਲ ਜੋ 2 ਅਕਤੂਬਰ ਨੂੰ ਆਪਣੀ ਸਕੂਟਰੀ 'ਤੇ ਆਪਣੀ ਬੇਟੀਆਂ ਤਨਵੀਰ ਕੌਰ ਅਤੇ ਹਰਨੂਰ ਕੌਰ ਨਾਲ ਸਵਾਰ ਹੋ ਕੇ ਮੈਨੂੰ ਨੂੰ ਮਿਲ ਕੇ ਪਿੰਡ ਝੰਡਾ ਲੁਬਾਣਾ ਤੋਂ ਚੱਕ ਸਰੀਫ ਨੂੰ ਜਾ ਰਹੀ ਸੀ ਕਿ ਸ਼ਾਮ ਕਰੀਬ 6.15 ਵਜੇ ਜਦੋਂ ਉਹ 1/2 ਕਿਲੋਮੀਟਰ ਚੱਕ ਸਰੀਫ ਵਾਲੀ ਸਾਈਡ ਪੁੱਜੀ ਤਾਂ ਸਾਹਮਣੇ ਤੋਂ ਇੱਕ ਸਕਾਰਪੀਓ ਗੱਡੀ ਤੇਜ਼ ਰਫ਼ਤਾਰ ਨਾਲ ਆਈ ਜਿਸ ਨੂੰ ਮਨਦੀਪ ਸਿੰਘ ਉੱਕਤ ਚਲਾ ਰਿਹਾ ਸੀ, ਜਿਸ ਨੇ ਆਪਣੀ ਗੱਡੀ ਤੇਜ਼ ਰਫਤਾਰ ਗਲਤ ਸਾਇਡ ਤੋਂ ਲਾਹਪ੍ਰਵਾਹੀ ਨਾਲ ਚਲਾ ਕੇ ਮੇਰੀ ਦੀ ਭੈਣ ਅਮਨਦੀਪ ਕੌਰ ਵਿੱਚ ਮਾਰ ਦਿੱਤੀ ਜਿਸ ਨਾਲ ਉਸ ਦੇ ਸਿਰ ਅਤੇ ਹੋਰ ਸਰੀਰ 'ਤੇ ਗੰਭੀਰ ਸੱਟਾਂ ਲੱਗ ਗਈਆਂ ਤੇ ਬੇਟੀਆਂ ਵੀ ਜਖਮੀ ਹੋ ਗਈਆਂ।ਅਮਨਦੀਪ ਕੌਰ ਦੀ ਦਿਉਲ ਹਸਪਤਾਲ ਗੁਰਦਾਸਪੁਰ ਵਿਖੇ ਇਲਾਜ਼ ਦੌਰਾਨ ਮੌਤ ਹੋ ਗਈ ਹੈ। ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਉਕਤ ਗੱਡੀ ਚਾਲਕ ਖ਼ਿਲਾਫ਼ ਜ਼ੇਰੇ ਧਾਰਾ 106, 281, 125 ਏ, 125 ਬੀ, 324 (4) ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਜਸ਼ਨਪ੍ਰੀਤ ਸਿੰਘ ਨੇ ਬਾਕਸਿੰਗ 'ਚ ਗੋਲਡ ਮੈਡਲ ਜਿੱਤਿਆ



ਝਬਾਲ (ਹਰਜਿੰਦਰ ਸਿੰਘ ਸੋਨੀ)—ਡਾਕਟਰ ਪੂਨਮ ਸੂਰੀ, ਡਾਇਰੈਕਟਰ ਵੀ. ਕੇ. ਚੋਪੜਾ ਦੇ ਦਿਸ਼ਾ ਨਿਰਦੇਸ਼ਨ, ਚੇਅਰਮੈਨ ਮਹੇਸ਼ ਚੋਪੜਾ ਦੀ ਪ੍ਰੇਰਨਾ ਸਦਕਾ ਡੀਏਵੀ ਰਾਜ ਪੱਧਰੀ ਟੂਰਨਾਮੈਂਟ 2024 ਲੁਧਿਆਣਾ ਵਿਖੇ ਕਰਵਾਏ ਗਏ ਜਿਸ ਵਿਚ ਪੰਜਾਬ ਜ਼ੋਨ ਸੀ ਦੇ ਆਰ. ਓ. ਮੈਡਮ ਡਾਕਟਰ ਅੰਜਨਾ ਗੁਪਤਾ, ਸਕੂਲ ਦੇ ਮੈਨੇਜਰ ਡਾ. ਨੀਰਾ ਸ਼ਰਮਾ ਅਤੇ ਪ੍ਰਿੰ. ਅਸ਼ਵਨੀ ਕੁਮਾਰ ਦੀ ਪ੍ਰੇਰਨਾ ਸਦਕਾ ਜੇ. ਆਰ. ਐਸ. ਡੀ. ਏ., ਵੀ. ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਨੇ ਮੈਡਮ ਆਸ਼ੂ ਦੀ ਯੋਗ ਅਗਵਾਈ ਵਿੱਚ ਬਾਕਸਿੰਗ, ਵੁਸ਼ੋ ਅਤੇ ਖੋ-ਖੋ (ਅੰਡਰ 14) ਖੇਡਾਂ ਵਿੱਚ ਭਾਗ ਲਿਆ ਜਿਸ ਵਿੱਚ ਅੱਠਵੀਂ ਜਮਾਤ ਦੇ ਵਿਦਿਆਰਥੀ ਜਸ਼ਨਪ੍ਰੀਤ ਸਿੰਘ ਨੇ ਬਾਕਸਿੰਗ ਵਿਚ ਗੋਲਡ ਮੈਡਲ ਹਾਸਿਲ ਕੀਤਾ ।ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਮੈਂਬਰਾਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਉੱਚੇ ਮੁਕਾਮ ਹਾਸਿਲ ਕਰਨ ਦਾ ਅਸ਼ੀਰਵਾਦ ਦਿੱਤਾ।

## ਬਾਬਾ ਬੁੱਢਾ ਸਾਹਿਬ ਜੀ ਦੇ ਜੋੜ ਮੇਲੇ 'ਤੇ ਛੁੱਟੀ ਕਰਨ ਦੀ ਮੰਗ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਗੌਰਮਿੰਟ ਸਕੂਲ ਟੀਚਰ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਜੀਤ ਟਾਮ, ਗੁਰਪ੍ਰੀਤ ਮਾੜੀਮੇਘਾ, ਨਰਿੰਦਰ ਨੂਰ ਦੀ ਪ੍ਰਧਾਨਗੀ ਹੇਠ ਹੋਈ।ਆਗੂਆਂ ਨੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਬਾਬਾ ਬੁੱਢਾ ਸਾਹਿਬ ਜੀ ਦੇ ਜੋੜ ਮੇਲਾ ਦੀ 7 ਅਕਤੂਬਰ ਨੂੰ ਜ਼ਿਲੇ 'ਚ ਛੁੱਟੀ ਕੀਤੀ ਜਾਵੇ ਕਿਉਂਕਿ ਇਸ ਮੌਕੇ ਸਾਰੇ ਪੰਜਾਬ ਤੋਂ ਸੰਗਤਾਂ ਪੂਰੇ ਸ਼ਰਧਾ ਉਤਸ਼ਾਹ ਨਾਲ ਠੱਠਾ ਪਿੰਡ ਵਿਖੇ ਨਤਮਸਤਕ ਹੋਣ ਆਉਂਦੀਆਂ ਨੇ ਅਤੇ ਇਸ ਦਿਨ ਸੜਕਾਂ ਤੇ ਬਹੁਤ ਭਾਰੀ ਟ੍ਰੈਫਿਕ ਹੁੰਦੀ ਹੈ ਅਤੇ ਸਕੂਲਾਂ ਚ ਬੱਚਿਆਂ ਦੀ ਹਾਜ਼ਰੀ ਵੀ ਘੱਟ ਹੁੰਦੀ ਹੈ ਕਿਉਂਕਿ ਇਹ ਮੇਲਾ ਹਰ ਸਾਲ 5 ਅਕਤੂਬਰ ਤੋਂ ਲੈ ਕੇ 7 ਅਕਤੂਬਰ ਤੱਕ ਬੜੀ ਧੂਮ ਨਾਲ ਮਨਾਇਆ ਜਾਂਦਾ ਹੈ।ਉਪਰੋਕਤ ਆਗੂਆਂ ਨੇ ਕਿਹਾ ਕਿ ਜਿਵੇਂ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਗੁਰਪੁਰਬ ਅਤੇ ਜਲੰਧਰ 'ਚ ਬਾਬਾ ਸੋਢਲ ਦੇ ਮੇਲੇ 'ਤੇ ਛੁੱਟੀਆਂ ਹੋਈਆਂ ਹਨ ਓਸੇ ਤਰ੍ਹਾਂ ਤਰਨ ਤਾਰਨ 'ਚ ਵੀ ਬਾਬਾ ਬੁੱਢਾ ਜੀ ਦੇ ਜੋੜ ਮੇਲੇ 'ਤੇ 7 ਅਕਤੂਬਰ ਦੀ ਛੁੱਟੀ ਕੀਤੀ ਜਾਵੇ ਤਾਂ ਕਿ ਸਾਰੇ ਮੁਲਾਜ਼ਮ ਵੀ ਸ਼ਰਧਾ ਭਾਵਨਾ ਨਾਲ ਬੀੜ ਸਾਹਿਬ ਜਾ ਕੇ ਮੱਥਾ ਟੇਕ ਸਕਣ।ਇਸ ਮੌਕੇ ਗੁਰਵੇਲ ਠੱਠਾ, ਹਰਜੀਤ ਕਸੇਲ ਹਾਜ਼ਰ ਸਨ।

## ਆੜ੍ਹਤੀਆਂ ਤੇ ਸ਼ੈਲਰ ਮਾਲਕਾਂ ਨਾਲ ਕੀਤੇ ਵਾਅਦੇ ਅੱਜ ਵੀ ਅਧੂਰੇ: ਅਰਵਿੰਦ ਖੰਨਾ

ਚੰਡੀਗੜ੍ਹ: ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਝੋਨੇ ਦੇ ਖਰੀਦ ਅਤੇ ਸਾਂਭ ਸੰਭਾਲ ਦੇ ਪ੍ਰਬੰਧ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ।ਜਾਰੀ ਇੱਕ ਬਿਆਨ ਵਿੱਚ ਖੰਨਾ ਨੇ ਕਿਹਾ ਕਿ ਸਰਕਾਰ ਨੂੰ ਆੜ੍ਹਤੀਆਂ, ਕਿਸਾਨਾਂ ਅਤੇ ਸ਼ੈਲਰ ਮਾਲਕਾਂ ਦੀ ਸਮੱਸਿਆ ਵੱਲ ਫੌਰੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ਪਰ ਇਹ ਸਰਕਾਰ ਮੰਡੀਆਂ ਦੇ ਪ੍ਰਧਾਨਾਂ ਤੇ ਦਬਾਅ ਬਣਾ ਰਹੀ ਹੈ ਕਿ ਖਰੀਦ ਅਤੇ ਸਾਂਭ-ਸੰਭਾਲ ਦੇ ਪ੍ਰਬੰਧ ਖੁਦ ਕਰਨ।ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਵੱਡੀ ਸਮੱਸਿਆ ਦੇ ਹੱਲ ਲਈ ਪੰਜਾਬ ਸਰਕਾਰ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਈ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜਣਾ ਚਾਹੀਦਾ ਬਲਕਿ ਸਥਿਤੀ ਨੂੰ ਸੰਭਾਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਪਿਛਲੇ ਸਾਲ ਵਾਅਦਾ ਕੀਤਾ ਸੀ ਕਿ ਆੜ੍ਹਤੀਆਂ ਦਾ ਕਮਿਸ਼ਨ 2.5 ਫੀਸਦੀ ਕੀਤਾ ਜਾਵੇਗਾ ਅਤੇ ਸ਼ੈਲਰ ਮਾਲਕਾਂ ਦੀਆਂ ਸਟੋਰੇਜ਼, ਬਾਰਦਾਨਾ ਅਤੇ ਬਕਾਇਆ ਪੇਮੈਂਟ ਸਮੇਤ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ।

## ਐੱਚ ਐਂਡ ਐੱਮ ਦਾ ਨਵਾਂ ਫੈਸਟਿਵ ਕੁਲੈਕਸ਼ਨ ਪੇਸ਼

ਮੋਹਾਲੀ : ਕੱਪੜਿਆਂ ਦੇ ਪ੍ਰਮੁੱਖ ਬ੍ਰਾਂਡ ਐੱਚ ਐਂਡ ਐੱਮ ਨੇ ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਲਈ ਇੱਕ ਸਪੈਸ਼ਲ ਕੁਲੈਕਸ਼ਨ ਦਾ ਖੁਲਾਸਾ ਕੀਤਾ ਹੈ ਜੋ ਜਸ਼ਨਾਂ ਦੀ ਭਾਵਨਾ ਨੂੰ ਕੈਪਚਰ ਕਰਦਾ ਹੈ।ਇਸ ਫੈਸਟਿਵ ਸੀਜ਼ਨ ਵਿੱਚ ਇਹ ਕੈਪਸੂਲ ਕਲੈਕਸ਼ਨ ਔਰਤਾਂ ਦੇ ਵੱਖ-ਵੱਖ ਅਵਸਰਾਂ ਤੇ ਇੱਕ ਵੱਖਰੀ ਲੁੱਕ ਅਤੇ ਖੂਬਸੂਰਤ ਦਿੱਸਣ ਲਈ ਬਣਾਏ ਗਏ ਪਹਿਰਾਵੇ ਨੂੰ ਪ੍ਰਦਰਸ਼ਿਤ ਕਰਦਾ ਹੈ।ਐੱਚ ਐਂਡ ਐੱਮ ਦੀ ਕੰਸੈਪਟ ਡਿਜ਼ਾਈਨਰ ਐਲੀਆਨਾ ਮਾਸਗਾਲੋਸ ਕਹਿੰਦੇ ਹਨ, ਅਸੀਂ ਫੈਸਟਿਵ ਸੀਜ਼ਨ ਨੂੰ ਦਿਲਚਸਪ ਅਤੇ ਵਿਸ਼ੇਸ਼ ਬਣਾਉਣਾ ਚਾਹੁੰਦੇ ਹਾਂ।ਆਪਣੇ ਗਾਹਕਾਂ ਨੂੰ ਇੱਕ ਅਜਿਹੇ ਕਲੈਕਸ਼ਨ ਨਾਲ ਪ੍ਰੇਰਿਤ ਕਰਨਾ ਚਾਹੁੰਦੇ ਹਾਂ ਜੋ ਸਟਾਈਲਿਸ਼, ਸ਼ਾਨਦਾਰ ਅਤੇ ਆਤਮ-ਵਿਸ਼ਵਾਸ ਨਾਲ ਭਰਪੂਰ ਹੋਵੇ— ਜੋ ਸੈਲਫ-ਐਕਸਪ੍ਰੈਸ਼ਨ ਲਈ ਇਕਦਮ ਸਹੀ ਹੋਵੇ।ਇਹ ਕਲੈਕਸ਼ਨ 2 ਅਕਤੂਬਰ 2024 ਤੋਂ ਐੱਚਐੱਮ.ਕਾਮ, ਮਿੰਤਰਾ ਅਤੇ ਅਜਿਓ 'ਤੇ ਸਟੋਰਾਂ ਵਿੱਚ ਅਤੇ ਔਨਲਾਈਨ ਉਪਲਬਧ ਹੋਵੇਗਾ।ਐੱਚਐਂਡਐੱਮ, ਵੀ ਆਰ ਪੰਜਾਬ ਮਾਲ, ਨੈਸ਼ਨਲ ਹਾਈਵੇ 21, ਮੋਹਾਲੀ ਖਰੜ ਰੋਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ , 140301 ਪੰਜਾਬ।

## ਜ਼ਿਲ੍ਹਾ ਕਮਿਸ਼ਨਰ ਜੀ ਐੱਸ ਟੀ ਅਜਲੀ ਸਿੰਘ ਦਾ ਮਾਣ-ਸਨਮਾਨ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਜ਼ਿਲ੍ਹਾ ਕਮਿਸ਼ਨਰ ਸਟੇਟ ਜੀਐੱਸਟੀ ਅਜਲੀ ਸਿੰਘ ਨੇ ਜ਼ਿਲੇ ਦੇ ਵਪਾਰੀਆਂ ਨਾਲ ਮੀਟਿਗ ਕੀਤੀ ਤੇ ਟੈਕਸ ਨੂੰ ਵੱਧ ਤੋਂ ਵੱਧ ਜਮ੍ਹਾਂ ਕਰਵਾਉਣ ਲਈ ਪ੍ਰੇਰਿਤ ਕੀਤਾ।ਟੈਕਸ ਜਮ੍ਹਾ ਕਰਵਾਉਣ ਨਾਲ ਹੀ ਸਰਕਾਰਾਂ ਚੱਲਦੀਆਂ ਹਨ ਤੇ ਦੇਸ਼ ਦੀ ਤਰੱਕੀ ਹੁੰਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਜਲੀ ਸਿੰਘ ਨੇ ਮੀਟਿੰਗ 'ਚ ਮੌਜੂਦ ਹਰੇਕ ਤਰ੍ਹਾਂ ਦੇ ਵਪਾਰੀਆਂ, ਜਿਸ 'ਚ ਰਾਇਸ ਸ਼ੈਲਰ, ਕਰਿਆਨਾ, ਰੈਡੀਮੇਡ, ਹੌਜ਼ਰੀ, ਮੈਰਿਜ ਪੈਲੇਸ ਮਾਲਕਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਪੰਜਾਬ ਰਾਜ ਦੇ ਐੱਫਸੀ ਦੀਆਂ ਹਦਾਇਤਾਂ ਮੁਤਾਬਕ ਹਰੇਕ ਜ਼ਿਲੇ 'ਚ ਮੀਟਿੰਗਾਂ ਹੋਈਆਂ ਹਨ ਤਾਂ ਜੋ ਟੈਕਸ ਨੂੰ ਵਧਾਇਆ ਜਾ ਸਕੇ। ਇਸ ਮੌਕੇ ਹਰੇਕ ਟ੍ਰੇਡ ਦੇ ਅਹੁਦੇਦਾਰਾਂ ਨੇ ਆਪਣੀਆਂ ਸਮੱਸਿਆਵਾਂ ਦੱਸੀਆਂ, ਜਿਨ੍ਹਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ।ਅਜਲੀ ਸਿੰਘ ਨੇ ਹਰੇਕ ਟ੍ਰੇਡ ਦੀ ਵੱਖ-ਵੱਖ ਮੀਟਿੰਗ ਕੀਤੀ ਤੇ ਜਿਨ੍ਹਾਂ ਦੀ ਵਿਕਰੀ ਵੱਧ ਗਈ ਹੈ, ਉਨ੍ਹਾਂ ਨੂੰ ਜੀਐੱਸਟੀ ਨੰਬਰ ਲੈਣ ਲਈ ਪ੍ਰੇਰਿਤ ਕੀਤਾ।ਜ਼ਿਲ੍ਹਾ ਕਮਿਸ਼ਨਰ ਨੇ ਆਏ ਹੋਏ ਅਹੁਦੇਦਾਰਾਂ ਤੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਐਡ. ਆਦੇਸ਼ ਅਗਨੀਹੋਤਰੀ ਅਤੇ ਮੈਂਬਰਾਂ ਨੇ ਜ਼ਿਲ੍ਹਾ ਅਫਸਰ ਦਾ ਸਿਰੋਪਾਓ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਟੇਟ ਅਫ਼ਸਰ ਸਿਮਰਨਦੀਪ ਸਿੰਘ ਬਰਾੜ, ਇੰਸਪੈਕਟਰ ਅੰਗਰੇਜ਼ ਸਿੰਘ, ਰਾਜੇਸ ਸ਼ਰਮਾ, ਹਰਪ੍ਰੀਤ ਸਿੰਘ, ਹਰਮਨ ਪ੍ਰੀਤ ਸਿੰਘ, ਪ੍ਰਭਜੋਤ ਕੌਰ ਸਮੇਤ ਵੱਡੀ ਗਿਣਤੀ 'ਚ ਵਪਾਰੀ ਹਾਜ਼ਰ ਸਨ।

## ਪੰਚਾਇਤੀ ਚੋਣਾਂ 'ਚ ਹਾਕਮ ਧਿਰ ਵੱਲੋਂ ਕੀਤੀ ਜਾ ਰਹੀ ਸ਼ਰੇਆਮ ਧੱਕੇਸ਼ਾਹੀ : ਕੱਕੜ



ਅੰਮ੍ਰਿਤਸਰ-(ਜਸਬੀਰ ਸਿੰਘ ਪੱਟੀ)- ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਪੰਜਾਬ ਸਰਕਾਰ ਪੰਚਾਇਤੀ ਚੋਣਾਂ ਸਮੇਂ ਏਨੀ ਧੱਕੇਸ਼ਾਹੀ ਅਤੇ ਗੁੰਡਾਗਰਦੀ ਤੇ ਉੱਤਰ ਆਏ ਕਿ ਵਿਰੋਧੀ ਪਾਰਟੀ ਦੇ ਆਗੂਆਂ ਤੇ ਗੋਲੀਆਂ ਚਲਾਏ,ਚੁਣੇਂ ਹੋਏ ਮੈਂਬਰ ਪਾਰਲੀਮੈਂਟ,ਵਿਧਾਇਕਾਂ ਦੀ ਆਪਣੇਂ ਪ੍ਰਸ਼ਾਸਨ ਅਧਿਕਾਰੀਆਂ ਤੋਂ ਬੇਇਜ਼ਤੀ ਕਰਵਾਏ ਪੰਜਾਬ ਸਰਕਾਰ ਆਪਣਾਂ ਆਧਾਰ ਪੰਜਾਬ ਦੀ ਜਨਤਾ ਵਿੱਚ ਪੂਰੀ ਤਰਾਂ ਗੁਆ ਚੁੱਕੀ ਹੈ ਜਿਸਦਾ ਸਬੂਤ ਪੰਜਾਬ ਦੀ ਜਨਤਾ ਲੋਕ ਸਭਾ ਚੋਣਾਂ ਵਿੱਚ ਦੇ ਚੁੱਕੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਅਤੇ ਜ਼ਿਲਾ ਕਾਂਗਰਸ ਕਮੇਟੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਚਾਇਤੀ ਚੋਣਾਂ ਵਿੱਚ ਗੁੰਡਾਗਰਦੀ ਕੀਤੀ ਜਾ ਰਹੀ ਹੈ, ਧੱਕੇਸ਼ਾਹੀ ਕੀਤੀ ਜਾ ਰਹੀ ਹੈ ਉਸ ਤੋਂ ਪਥੀਤ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਚਾਇਤੀ ਚੋਣਾਂ ਵਿੱਚ ਵੀ ਆਪਣੀ ਹਾਰ ਪਰਤੱਖ ਵਿਖਾਈ ਦੇ ਰਹੀ ਹੈ।ਕੱਕੜ ਨੇ ਕਿਹਾ ਕਿ ਲੋਕਾਂ ਨਾਲ ਕੀਤੇ ਵਾਅਦਿਆਂ ਅਤੇ ਦਿੱਤੀਆਂ ਗਰੰਟੀਆਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੰਘੀਆਂ ਲੋਕ ਸਭਾ ਦੀਆਂ ਚੋਣਾਂ ਵਾਂਗ ਪੰਚਾਇਤੀ ਚੋਣਾਂ ਵਿੱਚ ਵੀ ਲੋਕਾਂ ਦੇ ਰੋਹ ਅਤੇ ਵਿਰੋਧ ਦਾ ਸਾਹਮਣਾਂ ਕਰਨਾਂ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਸੜਕਾਂ ਦੀ ਖ਼ਸਤਾ ਹਾਲਤ ਦੇ ਨਾਲ ਨਾਲ ਰੁਕੇ ਵਿਕਾਸ ਕਾਰਜਾਂ ਕਾਰਨ ਸੂਬਾ ਸਰਕਾਰ ਦਾ ਵਿਰੋਧ ਹੁਣਾਂ ਲਾਜ਼ਮੀ ਹੈ। ਕੱਕੜ ਨੇ ਕਿਹਾ ਕਿ ਚੋਣਾਂ ਕਰਾਉਂਣ ਤੋਂ ਪੰਜਾਬ ਸਰਕਾਰ ਟਾਲਾ ਵੱਟਦੀ ਰਹੀ ਹੈ। ਹਾਈਕੋਰਟ ਦੇ ਦੱਬਕੇ ਕਾਰਨ ਕਰਵਾਈਆਂ ਜਾ ਰਹੀਆਂ ਚੋਣਾਂ ਵਿੱਚ ਆਪਣੀਂ ਪਰਤੱਖ ਹੋ ਰਹੀ ਹਾਰ ਨੂੰ ਵੇਖਦਿਆਂ ਸਰਬਸੰਮਤੀ ਕਰਵਾਉਣ ਦਾ ਪੱਤਾ ਖੇਡਿਆ ਗਿਆ ਕਿਉਂਕਿ ਪੰਜਾਬ ਸਰਕਾਰ ਭਲੀਭਾਂਤ ਜਾਣਦੀ ਹੈ ਕਿ ਚੋਣਾਂ ਵਿੱਚ ਉਹ ਜਿੱਤ ਨਹੀਂ ਸਕਦੀ।ਸਰਬਸੰਮਤੀ ਵਿੱਚ ਵੀ ਵਿਰੋਧੀ ਪਾਰਟੀ ਦੇ ਉਮੀਦਵਾਰਾਂ ਨੂੰ ਡਰਾ ਧਮਕਾ ਕੇ ਆਪਣੇਂ ਪੱਖੀ ਸਰਪੰਚ ਬਣਾ ਰਹੀ ਹੈ।ਉਹਨਾਂ ਕਿਹਾ ਕਿ ਧੱਕੇਸ਼ਾਹੀਆਂ ਕਰਕੇ ਵੀ ਆਮ ਆਦਮੀਂ ਪਾਰਟੀ ਦੀ ਸਰਕਾਰ ਆਪਣਾਂ ਗੁਆਚਿਆ ਹੋਇਆ ਆਧਾਰ ਮੁੜ ਬਹਾਲ ਨਹੀਂ ਕਰਵਾ ਸਕਦੀ।ਇਸ ਮੌਕੇ ਉਹਨਾ ਨਾਲ ਹਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ,ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾਂ,ਗੁਰਦੇਵ ਸਿੰਘ ਸ਼ੂਹਰਾ,ਗੁਰਸੇਵਕ ਸਿੰਘ ਗੈਵੀ ਪੀਤਬ ਨਗਰ,ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ,ਸੋਨਾ ਸਿੱਧੂ ਬਲਗਣ, ਸੁਖਮਨਦੀਪ ਸਿੰਘ ਲੋਪੋਕੇ,ਬਲਜਿੰਦਰ ਸਿੰਘ ਧਾਰੀਵਾਲ, ਗੁਰਜੰਟ ਸਿੰਘ ਮੁੱਧ,ਗੁਰਮੇਜ ਸਿੰਘ ਬਬਲਾ ਕੋਟਲਾ,ਪੀਬ ਕੋਟਲਾ,ਸੁਖਦੇਵ ਸਿੰਘ ਨੱਥੂਪੁਰਾ,ਮੇਜਰ ਸਿੰਘ ਰੈਂ,ਰੇਸ਼ਮ ਸਿੰਘ ਬੱਚੀਵਿੰਡ ਆਦਿ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ 'ਚ ਸ਼ਾਮਿਲ ਜਥੇਬੰਦੀਆਂ ਨੇ ਰੇਲਾਂ ਰੋਕੀਆਂ

ਗੁਰਦਾਸਪੁਰ (ਜਨਕ ਮਹਾਜਨ)-ਲਖੀਮਪੁਰ ਖੀਰੀ ਕਿਸਾਨ ਕਤਲੇਆਮ ਦੀ ਤੀਸਰੀ ਬਰਸੀ ਮੌਕੇ ਰੋਸ ਵਜੋਂ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਭਾਰਤ ਅਤੇ ਕਿਸਾਨ ਮਜ਼ਦੂਰ ਮੋਰਚੇ ਵਲੋਂ ਪੂਰੇ ਭਾਰਤ ਵਿੱਚ ਰੇਲਾਂ ਰੋਕਣ ਦੇ ਸੱਦੇ ਨੂੰ ਨੇਪਰੇ ਚਾੜ੍ਹ ਦੇ ਹੋਏ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਵਿੱਚ ਸ਼ਾਮਿਲ ਜਥੇਬੰਦੀਆਂ ਨੇ ਗੁਰਦਾਸਪੁਰ ਦੇ ਰੇਲਵੇ ਸਟੇਸ਼ਨ ਉੱਤੇ ਇੱਕ ਵੱਡਾ ਧਰਨਾ ਦੇ ਕੇ ਰੇਲਾਂ ਰੋਕੀਆਂ ਅਤੇ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸ਼ਹੀਦਾਂ ਨੂੰ ਯਾਦ ਕਰਦਿਆਂ ਅਰਦਾਸ ਕੀਤੀ ਗਈ। ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ, ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਬੀਰ ਸਿੰਘ ਰੰਧਾਵਾ, ਪਗੜੀ ਸੰਭਾਲ ਲਹਿਰ ਦੇ ਪ੍ਰਧਾਨ ਸਤਨਾਮ ਸਿੰਘ ਬਾਗੜੀਆਂ, ਭਾਰਤੀ ਕਿਸਾਨ ਯੂਨੀਅਨ ਮਾਝਾ ਦੇ ਪ੍ਰਧਾਨ ਬਾਬਾ ਕਵਲਜੀਤ ਸਿੰਘ ਪੰਡੋਰੀ ਅਤੇ ਭਾਰਤੀ ਕਿਸਾਨ ਯੂਨੀਅਨ ਸਿਰਸਾ ਤੋਂ ਹਰਦੇਵ ਸਿੰਘ ਚਿੱਟੀ ਨੇ ਕਿਹਾ ਕਿ ਲਖੀਮਪੁਰ ਖੀਰੀ ਦੇ ਕਤਲੇਆਮ ਨੂੰ ਤਿੰਨ ਸਾਲ ਬੀਤ ਚੁੱਕੇ ਹਨ ਅਤੇ ਪੀੜਿਤ ਕਿਸਾਨਾਂ ਦੇ ਪਰਿਵਾਰਾਂ ਨੂੰ ਹਾਲਾਂ ਤੱਕ ਇਨਸਾਫ ਨਹੀਂ ਮਿਲਿਆ। ਅਜੇ ਮਿਸ਼ਰਾ ਟਹਿਣੀ ਉੱਤੇ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ ਉਲਟਾ ਗਵਾਹਾਂ ਨੂੰ ਧਮਕਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਮੋਰਚਾ ਚਾਹੁੰਦਾ ਹੈ ਕਿ ਦੋਸ਼ੀਆਂ ਨੂੰ ਸਜ਼ਾ ਮਿਲੇ। ਆਗੂਆਂ ਇਹ ਵੀ ਮੰਗ ਕੀਤੀ ਕਿ ਸਰਕਾਰ ਬਾਸਮਤੀ ਦਾ 4500 ਰੇਟ, ਗੰਨੇ ਦਾ 450 ਰੇਟ ਯਕੀਨੀ ਬਣਾਵੇ ਅਤੇ ਸਾਰੀਆਂ ਫ਼ਸਲਾਂ ਤੇ ਗਾਰੰਟੀ ਕਾਨੂੰਨ ਅਤੇ 32+50% ਦੇ ਫਾਰਮੂਲੇ ਅਨੁਸਾਰ ਭਾਅ ਮਿੱਥੇ ਜਾਣ, ਆੜਤੀਆਂ ਤੇ ਸ਼ੈਲਰ ਮਾਲਕਾਂ ਨਾਲ ਰੇੜਕੇ ਨੂੰ ਤੁਰੰਤ ਖਤਮ ਕਰਕੇ ਝੋਨੇ ਦੀ ਖਰੀਦ ਦੇ ਪੁਖਤਾ ਪ੍ਰਬੰਧ ਕਰਕੇ ਸਰਕਾਰੀ ਖਰੀਦ ਤੁਰੰਤ ਸ਼ੁਰੂ ਕਰਾਈ ਜਾਵੇ। ਇਸ ਮੌਕੇ ਆੜ੍ਹਤੀ ਯੂਨੀਅਨ ਦੇ ਆਗੂ ਸੱਜਣ ਸਿੰਘ ਖਲੀਲਪੁਰ, ਸੂਬਾ ਜਨਰਲ ਸਕੱਤਰ ਕਵਲਜੀਤ ਸਿੰਘ ਖੁਸ਼ਹਾਲਪੁਰ, ਰਜਿੰਦਰ ਸਿੰਘ ਜਫਰਵਾਲ, ਜਗੀਰ ਸਿੰਘ, ਗੁਰਨਾਮ ਸਿੰਘ ਜਹਾਨਪੁਰ, ਸੂਬਾ ਕਮੇਟੀ ਮੈਂਬਰ ਗੁਰਜੀਤ ਸਿੰਘ ਵਡਾਲਾ ਬਾਂਗਰ, ਜਨਰਲ ਸਕੱਤਰ ਰਜਿੰਦਰ ਸਿੰਘ ਜਫਰਵਾਲ, ਮਾਸਟਰ ਸੁੱਚਾ ਸਿੰਘ ਰਾਮਦਵਾਲੀ, ਚਰਨਜੀਤ ਸਿੰਘ ਲੱਖੋਵਾਲ, ਦੀਦਾਰ ਸਿੰਘ ਕਲਾਨੌਰ ਆਦਿ ਕਿਸਾਨ ਆਗੂ ਹਾਜ਼ਰ ਸਨ।

# ਮੰਗਾਂ ਮੰਨੇ ਜਾਣ 'ਤੇ ਰੇਲਵੇ ਟਰੈਕ ਤਰਨਤਾਰਨ 'ਤੇ ਕਿਸਾਨਾਂ ਦਾ ਧਰਨਾ ਖਤਮ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਅਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਨੇ ਪ੍ਰੈਸ ਨੂੰ ਜਾਣਕਾਰੀ ਦੇਂਦੇ ਹੋਏ ਕਿਹਾ ਕਿ ਜ਼ਿਲ੍ਹਾ ਤਰਨ ਤਾਰਨ ਵਿੱਚ ਤਰਨ ਤਾਰਨ ਅਤੇ ਪੱਟੀ ਵਿਖੇ ਚੱਲ ਰਹੇ ਧਰਨੇ ਵਿੱਚ ਤਕਰੀਬਨ 6 ਵਜੇ ਜ਼ਿਲ੍ਹਾ ਐੱਸਡੀਐੱਮ ਅਤੇ ਡੀਐੱਸਪੀ ਤਰਨ ਤਾਰਨ ਨੇ ਧਰਨੇ ਵਿੱਚ ਪਹੁੰਚ ਕੇ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ਼ ਠਹਰਾਉਂਦੇ ਹੋਏ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਵਿਸ਼ਵਾਸ ਦਵਾਉਂਦੇ ਹੋਏ ਸਾਰੇ ਮਸਲਿਆਂ ਤੇ ਵੱਖ-ਵੱਖ ਸਮਾਂ ਦੇ ਕੇ ਪੂਰਾ ਕਰਨ ਦਾ ਵਿਸ਼ਵਾਸ ਦਿੱਤਾ।ਦੇਸ਼ ਵਿਆਪੀ ਅੰਦੋਲਨ ਵਿੱਚ ਸ਼ੰਭੂ ਬਾਰਡਰ ਤੇ ਸ਼ਹੀਦ ਹੋਏ ਕਿਸਾਨ ਹਰਜਿੰਦਰ ਸਿੰਘ ਖਵਾਸਪੁਰ, ਸੁਖਦੇਵ ਸਿੰਘ ਸਹਿਬਾਜ਼ਪੁਰ ਅਤੇ ਬਲਵਿੰਦਰ ਕੌਰ ਵਲੀਪੁਰ ਨੂੰ 15 ਤਰੀਕ ਚੋਣ ਜਾਬਤੇ ਤੋਂ ਬਾਅਦ ਡੀਸੀ ਨਾਲ ਮੀਟਿੰਗ ਕਰਵਾ ਕੇ ਹੱਲ ਕਰਵਾਉਣ ਬਾਰੇ ਕਿਹਾ। ਤਲਵੰਡੀ ਸੋਭਾ ਸਿੰਘ ਦੇ ਕਿਸਾਨ ਮੇਹਰ ਸਿੰਘ ਤਲਵੰਡੀ ਦੀ ਪੱਗ ਉਤਾਰਨ ਵਾਲੇ ਆਪ ਸਰਕਾਰ ਦੇ ਆਗੂਆਂ ਖਿਲਾਫ ਤੁਰੰਤ ਐਕਸ਼ਨ ਲੈਂਦੇ ਹੋਏ 101 ਨੰਬਰ ਐਫਆਈਆਰ ਕਰਕੇ 298 ,115 ,190 ਅਤੇ 191 ਲਾ ਕੇ ਪਰਚਾ ਦਰਜ ਕੀਤਾ। ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਗੁਰਸੇਵਕ ਸਿੰਘ ਸ਼ੇਖ ਫੱਤਾ ਜਿਸ ਦੀ ਝੋਨੇ ਦੀ ਫਸਲ ਪ੍ਰਸ਼ਾਸਨ ਵੱਲੋਂ ਉਜਾੜ ਦਿੱਤੀ ਗਈ ਸੀ ਜੋ ਕਿ ਭਾਰਤ ਮਾਲਾ ਐਕਸਪ੍ਰੈਸ ਵਿੱਚ ਨਹੀਂ ਸੀ ਆ ਰਹੀ ।ਉਸ ਨੂੰ 10 ਅਕਤੂਬਰ ਤੱਕ ਮੁਆਵਜਾ ਦੇਣ ਦੀ ਗੱਲ ਕੀਤੀ।ਡੀਸੀ ਕੰਪਲੈਕਸ ਦਾ ਗੱਦਾ ਪਾਣੀ ਸੀਵਰੇਜ ਤੋਂ ਓਵਰਫਲੋ ਹੋ ਕੇ ਸੜਕ ਅਤੇ ਪਿੰਡ ਵਿੱਚ ਜਾ ਰਿਹਾ ਸੀ।ਉਸ ਨੂੰ ਖੁਦ ਐੱਸਡੀਐੱਮ ਨੇ ਹੱਲ ਕਰਵਾਉਣ ਲਈ ਵਿਸ਼ਵਾਸ ਦਿੱਤਾ ।ਇਹ ਸਾਰੀਆਂ ਮੰਗਾਂ ਪੂਰੀਆਂ ਹੋਣ ਤੇ ਕਿਸਾਨ ਆਗੂਆਂ ਨੇ ਧਰਨਾ ਸਮਾਪਤ ਕਰਨ ਦਾ ਫੈਸਲਾ ਲਿਆ। ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਜੇਕਰ ਇਨਾਂ ਸਾਰੇ ਮਸਲਿਆਂ ਨੂੰ ਦਿੱਤੇ ਹੋਏ ਸਮੇਂ ਤੇ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਵਿਢਿਆ ਜਾਏਗਾ ਜਿਸ ਦਾ ਜ਼ਿੰਮੇਵਾਰ ਪ੍ਰਸ਼ਾਸਨ ਹੋਵੇਗਾ।

# ਪੁੱਡਾ ਗਰਾਊਂਡ 'ਚ ਲੱਗਾ 129ਵਾਂ ਖੂਨਦਾਨ ਕੈਂਪ, 125 ਲੋਕਾਂ ਨੇ ਕੀਤਾ ਖੂਨ ਦਾਨ



ਗੁਰਦਾਸਪੁਰ, (ਜਨਕ ਮਹਾਜਨ)-ਬਲੱਡ ਡੋਨਰ ਸੁਸਾਇਟੀ ਗੁਰਦਾਸਪੁਰ ਅਤੇ ਸਮਾਜਿਕ ਸੇਵਾ ਗਤੀਵਿਧੀਆਂ ਨ ਮਹਾਤਮਾ ਗਾਂਧੀ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ 125 ਲੋਕਾਂ ਨੇ ਖੂਨਦਾਨ ਕੀਤਾ। ਇਸ ਕੈਂਪ ਦੀ ਅਗਵਾਈ ਹਰਪ੍ਰੀਤ ਸਿੰਘ ਮਾਨ ਉਰਫ ਰਾਨੂੰ ਅਤੇ ਆਦਰਸ਼ ਕੁਮਾਰ ਪ੍ਰਧਾਨ ਬਲੱਡ ਡੋਨਰਸ ਸੁਸਾਇਟੀ ਗੁਰਦਾਸਪੁਰ ਨੇ ਸਾਂਝੇ ਤੌਰ 'ਤੇ ਕੀਤੀ। ਇਸ ਸਬੰਧੀ ਗੱਲਬਾਤ ਕਰਦਿਆਂ ਸੁਸਾਇਟੀ ਦੇ ਮੁੱਖ ਸਲਾਹਕਾਰ ਅਵਤਾਰ ਸਿੰਘ ਘੁੰਮਣ ਉਰਫ ਰਾਜੂ ਨੇ ਦੱਸਿਆ ਕਿ ਦੋਹਾਂ ਸੁਸਾਇਟੀਆਂ ਵਲੋਂ ਲਗਾਇਆ ਗਿਆ ਇਹ 129ਵਾਂ ਖੂਨਦਾਨ ਕੈਂਪ ਸੀ। ਸਥਾਨਕ ਜੇਲ ਰੋਡ ਸਥਿਤ ਪੁੱਡਾ ਗਰਾਊਂਡ ਵਿੱਚ ਲਗਾਏ ਗਏ ਇਸ ਖੂਨਦਾਨ ਕੈਂਪ ਵਿੱਚ 10 ਦੇ ਕਰੀਬ ਔਰਤਾਂ ਨੇ ਵੀ ਖੂਨਦਾਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮ ਠਾਕੁਰ, ਗੁਰਸ਼ਰਨਜੀਤ ਸਿੰਘ ਪੁਰੇਵਾਲ, ਮਨੂ ਸ਼ਰਮਾ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਬਲੱਡ, ਕੰਨੂ ਸੰਧੂ, ਦਵਿੰਦਰਜੀਤ ਸਿੰਘ ਨਿਸ਼ਚਿੰਤ ਕੁਮਾਰ ਹਰਪ੍ਰੀਤ ਸਿੰਘ ਮਾਨ, ਪਰਵੀਨ ਅਤਰੀ, ਸੁਨੀਲ ਹੰਸ, ਰੋਹਿਤ ਮਹਾਜਨ, ਰੋਹਿਤ ਵਰਮਾ, ਮਨੂੰ ਸ਼ਰਮਾ, ਨਵੀਨ ਕੁਮਾਰ, ਪੁਸ਼ਪਿੰਦਰ ਸਿੰਘ, ਰਿੱਕੀ ਮਹੰਤ, ਭੁਪਿੰਦਰ ਸਿੰਘ ਮੋਨੂੰ, ਪਵਨ ਬਬੋਰੀਆ, ਰਿਸ਼ਭ ਸ਼ਰਮਾ, ਐਡਵੋਕੇਟ ਮਨੀਸ਼ ਕੁਮਾਰ, ਕੇ. ਪੀ. ਐੱਸ ਬਾਜਵਾ, ਰਾਜੇਸ਼ ਬੱਬੀ, ਇਨਰਵੀਲ ਕਲੱਬ ਚਿਰਾਗ ਦੇ ਮੈਡਮ ਸ਼ਰਧਾ ਮਹੰਤ, ਉਪਮਾ ਮਹਾਜਨ, ਸ਼ਿਖਾ ਮਦਾਨ ਆਦਿ ਹਾਜ਼ਰ ਸਨ।

## ਬ੍ਰਹਮਗਿਆਨੀ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ 'ਤੇ ਸੰਗਤਾਂ ਦੀ ਆਮਦ ਸ਼ੁਰੂ



ਝਬਾਲ (ਹਰਜਿੰਦਰ ਸਿੰਘ ਸੋਨੀ)-ਪੁੱਤਰਾਂ ਦੇ ਦਾਨੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਸਾਲਾਨਾ ਜੋੜ ਮੇਲਾ ਜੋ ਕਿ 5, 6 ਅਤੇ 7 ਅਕਤੂਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ, ਦੀ ਆਰੰਭਤਾ ਨੂੰ ਲੈ ਕੇ ਦੂਰ-ਦੁਰਾਡੇ ਦੀਆਂ ਸੰਗਤਾਂ ਦਾ ਆਗਮਨ ਆਰੰਭ ਹੋ ਗਿਆ ਹੈ ।ਮੇਲੇ ਦੇ ਉਤਸ਼ਾਹ ਨੂੰ ਲੈ ਕੇ ਵੇਖਣ ਵਿੱਚ ਆਉਂਦਾ ਹੈ ਕਿ ਹਰ ਸਾਲ ਮੇਲੇ ਤੋਂ ਕਰੀਬ ਇੱਕ ਹਫਤਾ ਪਹਿਲਾਂ ਹੀ ਸੰਗਤਾਂ ਦੀ ਪੈਦਲ ਯਾਤਰਾ ਸ਼ੁਰੂ ਹੋ ਜਾਂਦੀ ਹੈ ਅਤੇ ਮੇਲੇ ਦੇ ਅਖੀਰ ਤੱਕ ਜਾਰੀ ਰਹਿੰਦੀ ਹੈ।ਜਿੱਥੇ ਇਸ ਮੇਲੇ ਦੌਰਾਨ ਪ੍ਰਬੰਧਕਾਂ ਵੱਲੋਂ ਸੰਗਤਾਂ ਦੀਆਂ ਸਹੂਲਤਾਂ ਨੂੰ ਲੈ ਕੇ ਕਰੀਬ ਇੱਕ ਮਹੀਨਾ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ ਉਥੇ ਹੀ ਇਲਾਕੇ ਦੀਆਂ ਸੰਗਤਾਂ ਵਿੱਚ ਵੀ ਦੂਰ-ਦੁਰਾਡੇ ਦੀਆਂ ਸੰਗਤਾਂ ਦੀ ਸੇਵਾ ਕਰਨ ਦਾ ਉਤਸ਼ਾਹ ਵੇਖਣ ਨੂੰ ਮਿਲਦਾ ਹੈ। ਹਰ ਪਿੰਡ ਜੋ ਵੀ ਮੇਨ ਸੜਕ 'ਤੇ ਹੁੰਦਾ ਹੈ, ਦੇ ਪਿੰਡ ਵਾਲੇ ਲੰਗਰ ਲਗਾਉਂਦੇ ਹਨ।ਇਲਾਕੇ ਦੀਆਂ ਸੰਗਤਾਂ ਦਾ ਮੰਨਣਾ ਹੈ ਕਿ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਸਾਡੇ ਨਜ਼ਦੀਕ ਹੋਣ ਕਰਕੇ ਅਸੀਂ ਤਾਂ ਜਦ ਮਰਜ਼ੀ ਉਥੇ ਨਤਮਸਤਕ ਹੋ ਸਕਦੇ ਹਾਂ ਪਰ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਦੀ ਸੇਵਾ ਕਰਨਾ ਸਾਡਾ ਪਹਿਲਾ ਫਰਜ਼ ਹੈ।ਇਸ ਲਈ ਸਾਡਾ ਸੇਵਾ ਕਰਨ ਦਾ ਫਰਜ਼ ਬਣਦਾ ਹੈ।ਇਲਾਕੇ ਦੇ ਲੋਕਾਂ ਨੇ ਦੂਰ-ਦੁਰਾਡੇ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਪੁੱਤਰਾਂ ਦੇ ਦਾਨੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਸਾਲਾਨਾ ਮੇਲੇ 'ਤੇ ਵਧ-ਚੜ੍ਹ ਕੇ ਗੁਰੂ ਘਰ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਤੇ ਸਾਨੂੰ ਸੇਵਾ ਦਾ ਮੌਕਾ ਦੇਣ।

# ਸਪੋਰਟਸ ਕਲੱਬ ਗਿੱਲ ਕਲੇਰ ਨੇ ਕਰਾਇਆ ਪਲੇਠਾ ਯਾਦਗਾਰੀ ਕ੍ਰਿਕਟ ਟੂਰਨਾਮੈਂਟ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਹਿਯੋਗ ਨਾਲ ਨਵੀਂ ਹੋਂਦ ਵਿੱਚ ਆਈ ਸਾਹਿਤਕ ਅਤੇ ਸਭਿਆਚਾਰਕ ਸੰਸਥਾ ਚਰਚਿਤ ਸੰਸਥਾ ਲੇਖਕ ਅਦਾਕਾਰ ਕਲਾ ਮੰਚ ਅਤੇ ਐੱਨ. ਆਰ. ਆਈ. ਸਪੋਰਟਸ ਕਲੱਬ ਗਿੱਲ ਕਲੇਰ ਵੱਲੋਂ ਕਰਵਾਇਆ ਗਿਆ ਪਹਿਲਾ ਕ੍ਰਿਕਟ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ। ਇਸ ਟੂਰਨਾਮੈਂਟ ਵਿੱਚ ਪਹਿਲੇ ਸਥਾਨ ਤੇ ਟਾਂਗਰਾ, ਦੂਸਰੇ ਸਥਾਨ 'ਤੇ ਮੀਆਂਵਿੰਡ, ਤੀਸਰੇ ਸਥਾਨ ਤੇ ਪੱਖੋਕੇ, ਚੌਥੇ ਸਥਾਨ 'ਤੇ ਪਿੰਡ ਭਿੰਡਰ ਦੀ ਟੀਮ ਜੇਤੂ ਰਹੀ। ਜੇਤੂ ਰਹੀਆਂ ਟੀਮਾਂ ਨੂੰ ਨਗਦ ਇਨਾਮ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਛੋਟੇ ਬੱਚਿਆਂ ਦੇ ਹੋਏ ਮੁਕਾਬਲੇ ਦੌਰਾਨ ਪਹਿਲਾ ਸਥਾਨ ਪਿੰਡ ਗਿੱਲ ਕਲੇਰ ਅਤੇ ਦੂਸਰਾ ਸਥਾਨ ਪਿੰਡ ਉੱਪਲ ਦੀ ਟੀਮ ਨੇ ਪ੍ਰਾਪਤ ਕੀਤਾ, ਜੇਤੂ ਬੱਚਿਆਂ ਨੂੰ ਨਗਦ ਇਨਾਮ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਸ਼ੇਲਿੰਦਰਜੀਤ ਸਿੰਘ ਰਾਜਨ (ਮੁੱਖ ਸੰਚਾਲਕ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਅਤੇ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਚੇਅਰਮੈਨ ਜਤਿੰਦਰ ਸਿੰਘ ਸੋਨੂੰ (ਯੁਵਰਾਜ ਮੈਡੀਕਲ ਸਟੋਰ), ਸੁਮੀਤ ਕਾਲੀਆ ਮੈਨੇਜਰ ਭਾਰਤ ਗੈਸ ਏਜੰਸੀ ਰਈਆ, ਕਮੇਡੀਅਨ ਚਾਚੀ ਚਤਰੋ ਅਤੇ ਕੋਚ ਜਸਵੰਤ ਸਿੰਘ ਗਿੱਲ ਨੇ ਕੀਤੀ। ਇਸ ਮੌਕੇ ਲੇਖਕ ਅਦਾਕਾਰ ਕਲਾ ਮੰਚ ਦੇ ਮੁਖੀ ਸੁਲੱਖਣ ਸਿੰਘ ਦੇਲਾਂਵਾਲ, ਸਕੱਤਰ ਸਿੰਘ ਪੁਰੇਵਾਲ, ਮੱਖਣ ਸਿੰਘ ਭੈਣੀਵਾਲਾ, ਮੁੱਖ ਸਲਾਹਕਾਰ ਡਾ: ਰਮਨ ਕੁਮਾਰ, ਪ੍ਰਧਾਨ ਗੁਰਪ੍ਰੀਤ ਸਿੰਘ ਪੁਰੇਵਾਲ,ਧਰਮਵੀਰ ਬਾਵਾ, ਸੁਦੀਪ ਕੁਮਾਰ ਖਿਲਚੀਆਂ, ਸਰਮੁੱਖ ਸਿੰਘ ਗਿੱਲ, ਕਵੀ ਅਜੈਬ ਸਿੰਘ ਬੋਦੇਵਾਲ ਨੇ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਕਬੱਡੀ ਖਿਡਾਰੀ ਗੁਰਦੇਵ ਸਿੰਘ ਗਿੱਲ ਕਲੇਰ ਦੇ ਪਿਤਾ ਭਾਈ ਕਿਰਪਾਲ ਸਿੰਘ ਨੂੰ ਮੰਚ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਿੱਲ ਕਲੇਰ, ਪ੍ਰਧਾਨ ਗੁਰਦੀਪ ਸਿੰਘ, ਸੁਖਚੈਨ ਸਿੰਘ, ਦਲੇਰ ਸਿੰਘ, ਵਰਿਆਮ ਸਿੰਘ, ਸਾਬਕਾ ਸਰਪੰਚ ਅਮਰੀਕ ਸਿੰਘ ਗਿੱਲ ਕਲੇਰ, ਸਲਵੰਤ ਸਿੰਘ ਪੁਰੇਵਾਲ, ਪ੍ਰਧਾਨ ਮਹਿਲਾ ਵਿੰਗ ਸੁਨੀਤਾ ਰਾਣੀ, ਜਸਬੀਰ ਕੌਰ, ਰਮਨਪ੍ਰੀਤ ਕੌਰ, ਸੀਮਾ ਕਾਲੀਆ, ਵੀਨਾ ਸ਼ਰਮਾ, ਐਨੀ ਸ਼ਰਮਾ, ਕ੍ਰਿਸ਼ਨਾਵਤੀ, ਸ਼ਰਨਜੀਤ ਕੌਰ, ਮਨਪ੍ਰੀਤ ਕੌਰ, ਮਨਜੀਤ ਕੌਰ, ਹਰਜੀਤ ਕੌਰ,ਪ੍ਰਭਨੂਰ ਕੌਰ, ਕੁਲਵਿੰਦਰ ਕੌਰ, ਗੁਰਸਿਮਰਨ ਸ਼ਰਮਾ, ਮਨਜੀਤ ਸਿੰਘ, ਮਿ: ਕਰਤਾਰ ਸਿੰਘ, ਨੈਤਿਕ ਸ਼ਰਮਾ (ਕੈਪਟਨ), ਹਰਪਾਲ ਸਿੰਘ, ਲਖਵਿੰਦਰ ਉੱਪਲ,ਮੋਨੂ ਅੱਲੋਵਾਲ, ਪ੍ਰਦੀਪ ਸਿੰਘ ਕੰਗ, ਚਰਨਜੀਤ ਸਿੰਘ, ਸੁਬੇਗ ਸਿੰਘ ਮੀਆਂ ਵਿੰਡ, ਅੰਗਰੇਜ਼ ਸਿੰਘ ਖਡੂਰ ਸਾਹਿਬ, ਅਰਜਨ ਸਿੰਘ ਸਰਾਂ ਤਲਵੰਡੀ, ਸਤਨਾਮ ਸਿੰਘ ਸਰਾਂ ਤਲਵੰਡੀ, ਅਰਮਾਨ ਜੋਤ ਸਿੰਘ ਦਿਉਲ, ਸ਼ਮਸ਼ੇਰ ਸਿੰਘ, ਕੁਲਬੀਰ ਸਿੰਘ, ਹਰਪ੍ਰੀਤ ਸਿੰਘ, ਗੁਰਮੀਤ ਸਿੰਘ ਵੀ ਮੌਜੂਦ ਸਨ।

# ਸਿੱਖ ਨੈਸ਼ਨਲ ਕਾਲਜ ਕਾਦੀਆਂ ਵੱਲੋਂ ਯੂਨੀਵਰਸਿਟੀ ਯੁਵਕ ਮੇਲੇ 'ਚ ਟਰਾਫ਼ੀ 'ਤੇ ਕਬਜ਼ਾ

## * ਵਿਦਿਆਰਥੀਆਂ ਨੇ ਤਿੰਨ ਰੋਜ਼ਾ ਯੁਵਕ ਮੇਲੇ 'ਚ ਸੱਭਿਆਚਾਰਕ, ਕਲਾਤਮਿਕ ਤੇ ਸਾਹਿਤਕ ਮੁਕਾਬਲਿਆਂ 'ਚ ਲਿਆ ਹਿੱਸਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਚੱਲੇ ਤਿੰਨ ਰੋਜ਼ਾ ਯੁਵਕ ਮੇਲੇ ਦੌਰਾਨ ਸਿੱਖ ਨੈਸ਼ਨਲ ਕਾਲਜ ਕਾਦੀਆਂ ਨੇ ਇਸ ਵਾਰ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬੀ ਜ਼ੋਨ, ਜ਼ੋਨਲ ਯੁਵਕ ਮੇਲੇ ਦੇ ਬੀ ਡਵੀਜ਼ਨ ਵਿੱਚੋਂ ਰਨਰਜ਼ਅੱਪ ਰਹਿ ਕੇ ਯੂਨੀਵਰਸਿਟੀ ਟਰਾਫ਼ੀ ਤੇ ਕਬਜ਼ਾ ਕੀਤਾ ਹੈ ।ਕਾਲਜ ਕੈਂਪਸ ਅੰਦਰ ਜੇਤੂ ਵਿਦਿਆਰਥੀਆਂ ਦੇ ਪੁੱਜਣ ਤੇ ਕਾਲਜ ਪ੍ਰਿੰਸੀਪਲ( ਡਾ.) ਹਰਪ੍ਰੀਤ ਸਿੰਘ ਹੁੰਦਲ, ਸਮੂਹ ਵਿਦਿਆਰਥੀਆਂ ਤੇ ਸਟਾਫ਼ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ।ਯੂਨੀਵਰਸਿਟੀ ਯੁਵਕ ਮੇਲੇ ਵਿੱਚ ਕਾਲਜ ਟੀਮ ਦੀ ਸ਼ਾਨਦਾਰ ਪ੍ਰਾਪਤੀ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ (ਡਾ.) ਹਰਪ੍ਰੀਤ ਸਿੰਘ ਹੁੰਦਲ ਤੇ ਯੁਵਕ ਭਲਾਈ ਵਿਭਾਗ ਦੇ ਇੰਚਾਰਜ ਪ੍ਰੋਫ਼ੈਸਰ ਹਰਜਿੰਦਰ ਸਿੰਘ, ਸਹਿ-ਇੰਚਾਰਜ (ਡਾ.) ਸਤਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਲਜ ਦੀ ਟੀਮ ਵੱਲੋਂ ਤਿੰਨ ਰੋਜ਼ਾ ਯੁਵਕ ਮੇਲੇ ਦੌਰਾਨ ਵੱਖ-ਵੱਖ ਸੱਭਿਆਚਾਰਕ ,ਕਲਾਤਮਕ ਤੇ ਲੋਕ-ਨਾਚ ਆਦਿ ਵੰਨਗੀਆਂ ਵਿੱਚ ਹਿੱਸਾ ਲਿਆ ਸੀ।ਪਹਿਲੇ ਦਿਨ ਦੇ ਮੁਕਾਬਲਿਆਂ ਵਿੱਚ ਕਲੇਅ ਮਾਡਲਿੰਗ ਵਿੱਚੋਂ ਕਾਲਜ ਦੀ ਐਮ.ਏ ਪੰਜਾਬੀ ਦੀ ਵਿਦਿਆਰਥਣ ਨਵਨੀਤ ਕੌਰ ਨੇ ਪਹਿਲਾ ਸਥਾਨ, ਇੰਸਟਾਲੇਸ਼ਨ ਮੁਕਾਬਲੇ ਵਿੱਚ ਅਮਤੁਲ ਹਈ, ਫ਼ਹਮੀਦਾ, ਸਲਮਾ , ਅਮਤੁਲ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸਮੂਹ ਸ਼ਬਦ/ਭਜਨ ਵਿੱਚੋਂ ਦਿਲਜੀਤ ਸਿੰਘ, ਸਰਬਜੋਤ ਸਿੰਘ, ਰਾਜਨਪਾਲ ਸਿੰਘ, ਪ੍ਰਭਜੋਤ ਕੌਰ, ਸੋਨੀਆ ਅਤੇ ਗੀਤਾਂਜਲੀ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਸਮੂਹ ਗੀਤ (ਭਾਰਤੀ) ਵਿੱਚ ਹਿੱਸਾ ਲੈਂਦਿਆਂ ਕਾਲਜ ਦੇ ਵਿਦਿਆਰਥੀਆਂ ਸਰਬਜੋਤ ਸਿੰਘ, ਦਿਲਜੀਤ ਸਿੰਘ, ਦਿਲਪ੍ਰੀਤ ਸਿੰਘ, ਪ੍ਰਭਜੋਤ ਕੌਰ, ਸੋਨੀਆ ਅਤੇ ਗੀਤਾਂਜਲੀ ਨੇ ਤੀਸਰਾ ਸਥਾਨ ਹਾਸਿਲ ਕੀਤਾ।ਦੂਸਰੇ ਦਿਨ ਦੇ ਮੁਕਾਬਲਿਆਂ ਵਿੱਚ ਕਵਿਤਾ ਉਚਾਰਨ ਵਿੱਚ ਕਾਲਜ ਵਿਦਿਆਰਥਣ ਸੰਦੀਪ ਕੌਰ ਨੇ ਦੂਜਾ ਸਥਾਨ, ਕਵੀਸ਼ਰੀ ਵਿੱਚ ਸੰਦੀਪ ਕੌਰ, ਮਨਮੀਤ ਕੌਰ ਤੇ ਮਨਦੀਪ ਕੌਰ ਨੇ ਤੀਸਰਾ ਸਥਾਨ, ਗੀਤ/ਗ਼ਜ਼ਲ ਮੁਕਾਬਲੇ ਵਿੱਚ ਸੋਨੀਆ ਨੇ ਤੀਸਰਾ ਸਥਾਨ, ਰੋਜ਼ਲੀਨ ਕੌਰ ਨੇ ਲੋਕ -ਗੀਤ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਲਜਾਂ ਨਾਂਅ ਰੌਸ਼ਨ ਕੀਤਾ ਹੈ। ਤਿੰਨ ਦਿਨ ਚੱਲੇ ਯੁਵਕ ਮੇਲੇ ਵਿੱਚੋਂ ਓਵਰਆਲ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦੀ ਸਮੁੱਚੀ ਟੀਮ ਨੇ ਦੂਸਰਾ ਸਥਾਨ ਹਾਸਿਲ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਕਾਲਜ ਜਿੱਥੇ ਸਹਿ- ਗਤੀਵਿਧੀਆਂ ,ਐਨ.ਸੀ.ਸੀ ਐਨ.ਐਸ.ਐਸ, ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ, ਉੱਥੇ ਅਕਾਦਮਿਕ ਤੌਰ ਤੇ ਵੀ ਵਿਦਿਆਰਥੀ ਯੂਨੀਵਰਸਿਟੀ ਪੱਧਰ ਤੇ ਵਧੀਆ ਪੁਜੀਸ਼ਨਾਂ ਹਾਸਲ ਕਰ ਰਹੇ ਹਨ। ਯੁਵਕ ਮੇਲੇ ਵਿੱਚ ਸ਼ਾਨਦਾਰ ਪ੍ਰਾਪਤੀ ਕਰਨ ਤੇ ਸਥਾਨਕ ਕਾਲਜ ਪ੍ਰਬੰਧਕ ਕਮੇਟੀ ਸਕੱਤਰ (ਡਾ.) ਬਲਚਰਨਜੀਤ ਸਿੰਘ ਭਾਟੀਆ ਅਤੇ ਮੈਂਬਰ ਇੰਜੀਨੀਅਰ ਨਰਿੰਦਰ ਪਾਲ ਸਿੰਘ ਸੰਧੂ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਵਾਸਤੇ ਵਿਸ਼ੇਸ਼ ਤੌਰ ਤੇ ਕਾਲਜ ਕੈਂਪਸ ਅੰਦਰ ਪੁੱਜੇ।ਉਨਾਂ ਇਸ ਮੌਕੇ ਟਰਾਫ਼ੀ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਾਲਜ ਆਪਣੀਆਂ ਪੁਰਾਤਨ ਰਵਾਇਤਾਂ ਨੂੰ ਕਾਇਮ ਰੱਖਦਿਆਂ ਹੋਇਆਂ ਇਸ ਵਾਰ ਵੀ ਯੁਵਕ ਮੇਲੇ ਵਿੱਚੋਂ ਜੇਤੂ ਰਿਹਾ ਹੈ ਤੇ ਲਗਾਤਾਰ ਪਿਛਲੇ ਕਈ ਸਾਲਾਂ ਤੋਂ ਕਾਲਜ ਦਾ ਯੁਵਕ ਭਲਾਈ ਵਿਭਾਗ ਬੁਲੰਦੀਆਂ ਛੂਹ ਰਿਹਾ ਹੈ।ਪ੍ਰਿੰ. (ਡਾ.) ਹਰਪ੍ਰੀਤ ਸਿੰਘ ਹੁੰਦਲ ਤੇ ਯੁਵਕ ਭਲਾਈ ਵਿਭਾਗ ਦੇ ਇੰਚਾਰਜ ਪ੍ਰੋਫ਼ੈਸਰ ਹਰਜਿੰਦਰ ਸਿੰਘ ਸਹਿ-ਇੰਚਾਰਜ (ਡਾ.) ਸਤਿੰਦਰ ਕੌਰ ਤੇ ਬਾਕੀ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਜਿਨ੍ਹਾਂ ਵਿੱਚ ਪ੍ਰੋਫ਼ੈਸਰ ਲਵਪ੍ਰੀਤ ਕੌਰ , ਪ੍ਰੋਫ਼ੈਸਰ ਬਲਵੀਰ ਕੌਰ, ਪ੍ਰੋਫ਼ੈਸਰ ਜਸਕਿਰਨ ਕੌਰ, ਪ੍ਰੋਫ਼ੈਸਰ ਰਮਨਦੀਪ ਕੌਰ, ਲੈਕਚਰਾਰ ਰਵਿੰਦਰ ਸਿੰਘ ਤੇ ਸਮੂਹ ਟੀਮ ਕੋਚਾਂ ਨੂੰ ਮੁਬਾਰਕਬਾਦ ਭੇਟ ਕਰਦਿਆਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਪ੍ਰਾਪਤੀਆਂ ਕਰਨ ਲਈ ਪ੍ਰੇਰਿਆ।ਜੇਤੂ ਸਮੂਹ ਵਿਦਿਆਰਥੀਆਂ ਤੇ ਉਨਾਂ ਦੇ ਮਾਤਾ-ਪਿਤਾ ਨੂੰ ਵਧਾਈ ਭੇਟ ਕੀਤੀ।ਸਮੂਹ ਜੇਤੂ ਵਿਦਿਆਰਥੀਆਂ ਨੂੰ ਹੋਰ ਵੀ ਸਹਿ-ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਤੇ ਕਾਲਜ ਦਾ ਨਾਂਅ ਰੌਸ਼ਨ ਕਰਨ ਲਈ ਅਪੀਲ ਕੀਤੀ। ਜੇਤੂ ਟੀਮ ਦਾ ਸਵਾਗਤ ਕਰਨ ਵਾਲਿਆਂ ਵਿੱਚ ਸੀਨੀਅਰ ਪ੍ਰੋਫ਼ੈਸਰ ਕੁਲਵਿੰਦਰ ਸਿੰਘ, ਪ੍ਰੋਫ਼ੈਸਰ ਸੁਖਪਾਲ ਕੌਰ, ਪ੍ਰੋਫ਼ੈਸਰ ਮਨਪ੍ਰੀਤ ਕੌਰ, ਪ੍ਰੋਫ਼ੈਸਰ ਕੌਸ਼ਲ ਕੁਮਾਰ, ਪ੍ਰੋਫ਼ੈਸਰ ਪਰਮਿੰਦਰ ਕੌਰ, ਪ੍ਰੋਫ਼ੈਸਰ ਕੁਲਵਿੰਦਰ ਸਿੰਘ ਭਾਟੀਆ, ਪ੍ਰੋਫ਼ੈਸਰ ਅਨੂਪ੍ਰੀਤ ਕੌਰ, ਪ੍ਰੋਫ਼ੈਸਰ ਅਨਾਮਿਕਾ, ਪ੍ਰੋਫ਼ੈਸਰ ਪ੍ਰਭਪ੍ਰੀਤ ਕੌਰ, ਪ੍ਰੋਫ਼ੈਸਰ ਮਨਜੋਤ ਕੌਰ ਪ੍ਰੋਫ਼ੈਸਰ ਲਵਪ੍ਰੀਤ ਕੌਰ, ਪ੍ਰੋਫ਼ੈਸਰ ਅਮਨਦੀਪ ਕੌਰ, ਪ੍ਰੋਫ਼ੈਸਰ ਰਾਜਬੀਰ ਕੌਰ ਪ੍ਰੋਫ਼ੈਸਰ ਮਿਤਾਲੀ, ਪ੍ਰੋਫ਼ੈਸਰ ਨਵਨੀਤ ਕੌਰ, ਪ੍ਰੋਫ਼ੈਸਰ ਜਸਕਿਰਨ ਕੌਰ, ਕੀਰਤੀ ਸਹਿਗਲ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।

ਨਵਾਂ ਜ਼ਮਾਨਾ
ਸ਼ਨੀਵਾਰ, 5 ਅਕਤੂਬਰ 2024

# ਮੋਦੀ ਸਰਕਾਰ ਦੀ ਚਲਾਕੀ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਜਿਊਂਦੇ ਜੀ ਰਿਜ਼ਰਵੇਸ਼ਨ ਖਤਮ ਨਾ ਹੋਣ ਦੇਣ ਦੇ ਲੱਖ ਦਾਅਵੇ ਕਰਨ, ਕੇਂਦਰ ਸਰਕਾਰ ਜਿੱਥੇ ਦਾਅ ਲੱਗਦਾ ਹੈ, ਰਿਜ਼ਰਵੇਸ਼ਨ ਨੂੰ ਬਾਈਪਾਸ ਕਰਨ ਤੋਂ ਬਾਜ਼ ਨਹੀਂ ਆਉਂਦੀ। ਕੇਂਦਰੀ ਵਿਗਿਆਨ ਤੇ ਤਕਨਾਲੋਜੀ ਵਿਭਾਗ ਨੇ ਲੰਘੇ ਵੀਰਵਾਰ ਰਿਜ਼ਰਵੇਸ਼ਨ ਨੇਮਾਂ ਤੋਂ ਬਿਨਾਂ ਯੰਗ ਪ੍ਰੋਫੈਸ਼ਨਲ (ਵਾਈ ਪੀ) ਸਕੀਮ ਤਹਿਤ ਠੇਕੇ 'ਤੇ ਅਧਿਕਾਰੀ ਰੱਖਣ ਲਈ ਅਗਸਤ ਵਿਚ ਲਈ ਇੰਟਰਵਿਊ ਦੇ ਨਤੀਜੇ ਦਾ ਐਲਾਨ ਕੀਤਾ। ਇਸ ਨੇ ਕਿਹਾ ਕਿ ਛੇ ਅਧਿਕਾਰੀ ਰੱਖਣੇ ਸਨ, ਪਰ ਚਾਰ ਨਿਯੁਕਤੀ ਲਈ ਯੋਗ ਪਾਏ ਗਏ। ਇਸ ਤੋਂ ਪਹਿਲਾਂ ਕੇਂਦਰੀ ਮੰਤਰਾਲੇ ਰਿਜ਼ਰਵੇਸ਼ਨ ਨੇਮਾਂ ਨੂੰ ਬਾਈਪਾਸ ਕਰਕੇ ਲੇਟਰਲ ਐਂਟਰੀ ਤਹਿਤ ਅਧਿਕਾਰੀਆਂ ਦੀ ਨਿਯੁਕਤੀ ਕਰਦੇ ਆ ਰਹੇ ਸਨ, ਪਰ ਜ਼ੋਰਦਾਰ ਵਿਰੋਧ ਕਾਰਨ ਇਹ ਢੰਗ ਬੰਦ ਕਰ ਦਿੱਤਾ ਸੀ। ਹੁਣ ਨੀਤੀ ਆਯੋਗ ਵੱਲੋਂ ਪੰਜ ਸਾਲ ਪਹਿਲਾਂ ਬਣਾਈ ਗਈ ਵਾਈ ਪੀ ਸਕੀਮ ਦਾ ਸਹਾਰਾ ਲਿਆ ਜਾ ਰਿਹਾ ਹੈ। ਇਸ ਸਕੀਮ ਵਿਚ ਐੱਸ ਸੀ, ਐੱਸ ਟੀ, ਓ ਬੀ ਸੀ ਤੇ ਈ ਡਬਲਿਊ ਐੱਸ (ਆਰਥਕ ਤੌਰ 'ਤੇ ਕਮਜ਼ੋਰ) ਉਮੀਦਵਾਰਾਂ ਦੀਆਂ ਕ੍ਰਮਵਾਰ 15 ਫੀਸਦੀ, 7.5 ਫੀਸਦੀ, 27 ਫੀਸਦੀ ਤੇ 10 ਫੀਸਦੀ ਕੋਟੇ ਤਹਿਤ ਪੱਕੀਆਂ ਤੇ ਆਰਜ਼ੀ ਨਿਯੁਕਤੀਆਂ ਦੀ ਸ਼ਰਤ ਨਹੀਂ ਹੈ। ਸਿੱਧੀ ਠੇਕੇ 'ਤੇ ਭਰਤੀ ਕੀਤੀ ਜਾਂਦੀ ਹੈ। ਵਿਗਿਆਨ ਤੇ ਤਕਨਾਲੋਜੀ ਵਿਭਾਗ ਦਾ ਕਹਿਣਾ ਹੈ ਕਿ 70-70 ਹਜ਼ਾਰ ਰੁਪਏ ਮਹੀਨੇ ਵਾਲੀਆਂ ਇਹ ਨਿਯੁਕਤੀਆਂ ਇਕ ਸਾਲ ਦੇ ਠੇਕੇ 'ਤੇ ਹਨ ਤੇ ਆਰਜ਼ੀ ਨਿਯੁਕਤੀਆਂ ਨਾਲੋਂ ਵੱਖਰੀਆਂ ਹਨ। ਨੀਤੀ ਆਯੋਗ ਦੀ ਸਕੀਮ ਤਹਿਤ ਸਿਰਫ ਇਸ ਤਰ੍ਹਾਂ ਹੀ ਰਿਜ਼ਰਵੇਸ਼ਨ ਨੂੰ ਬਾਈਪਾਸ ਨਹੀਂ ਕੀਤਾ ਜਾ ਰਿਹਾ, ਕਈ ਵਿਭਾਗ ਤੇ ਖੁਦਮੁਖਤਾਰ ਅਦਾਰੇ ਠੇਕੇ 'ਤੇ ਸਲਾਹਕਾਰ ਵੀ ਰੱਖ ਰਹੇ ਹਨ, ਜਿਹੜੇ ਕਿ ਬਹੁਤੇ ਰਿਟਾਇਰਡ ਅਧਿਕਾਰੀ ਹੁੰਦੇ ਹਨ।*

*ਸਾਬਕਾ ਯੂ ਪੀ ਏ ਸਰਕਾਰ ਵਿਚ ਵੀ ਠੇਕੇ 'ਤੇ ਨਿਯੁਕਤੀਆਂ ਕੀਤੀਆਂ ਜਾਂਦੀਆਂ ਸਨ, ਪਰ ਬਹੁਤ ਘੱਟ। ਵਰਤਮਾਨ ਸਰਕਾਰ ਨੇ ਤਾਂ ਹੱਦ ਹੀ ਕਰ ਦਿੱਤੀ ਹੈ। ਕਈ ਵਿਭਾਗਾਂ ਵਿਚ ਤਾਂ ਕਰੀਬ ਅੱਧੇ ਅਧਿਕਾਰੀ ਠੇਕੇ 'ਤੇ ਰੱਖੇ ਹੋਏ ਹਨ। ਮੋਦੀ ਸਰਕਾਰ ਜਦੋਂ ਨੌਕਰੀਆਂ ਦੇਣ ਦੇ ਅੰਕੜੇ ਗਿਣਾਉਂਦੀ ਹੈ ਤਾਂ ਬਿਨਾਂ ਰਿਜ਼ਰਵੇਸ਼ਨ ਵਾਲੀਆਂ ਇਨ੍ਹਾਂ ਨੌਕਰੀਆਂ ਨੂੰ ਵੀ ਜੋੜ ਦਿੰਦੀ ਹੈ। ਹਾਲਾਤ ਇਹੀ ਰਹੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਰਿਜ਼ਰਵੇਸ਼ਨ ਦਾ ਜ਼ਿਕਰ ਸੰਵਿਧਾਨ ਵਿਚ ਹੀ ਰਹਿ ਜਾਵੇਗਾ।*

# ਸੂਬਾ ਸਰਕਾਰ ਦੀ ਖੇਤੀਬਾੜੀ ਨੀਤੀ ਦਾ ਨਵਾਂ ਖਰੜਾ


ਮੁਹੰਮਦ ਅੱਬਾਸ ਧਾਲੀਵਾਲ

ਬੀਤੇ ਤਿੰਨ ਦਹਾਕਿਆਂ ਤੋਂ ਪੰਜਾਬ ਦਾ ਕਾਸ਼ਤਕਾਰ ਬਹੁਤ ਸਾਰੇ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਗੰਭੀਰ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ। ਇਸ ਤੋਂ ਇਲਾਵਾ ਸੂਬੇ ਅੰਦਰ ਜਿਸ ਤਰ੍ਹਾਂ ਨਾਲ ਖੇਤੀਬਾੜੀ ਕੀਤੀ ਜਾ ਰਹੀ, ਉਸ ਦੇ ਚੱਲਦਿਆਂ ਜਿੱਥੇ ਸੂਬੇ 'ਚ ਪਾਣੀ ਦੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ, ਉੱਥੇ ਹੀ ਵਾਤਾਵਰਣ ਵੀ ਦੂਸ਼ਿਤ ਹੋ ਰਿਹਾ ਹੈ। ਉਂਝ ਤਾਂ ਪਿਛਲੇ ਕਈ ਸਾਲਾਂ ਤੋਂ ਪੰਜਾਬ ਦਾ ਬੁੱਧੀਜੀਵੀ ਵਰਗ ਉਕਤ ਸੰਕਟਾਂ ਦੇ ਹੱਲ ਲਈ ਆਪਣੇ ਕੀਮਤੀ ਸੁਝਾਅ ਦਿੰਦੇ ਆ ਰਹੇ ਹਨ। ਉੱਥੇ ਹੀ ਉਕਤ ਸੰਦਰਭ ਵਿੱਚ ਪੰਜਾਬ ਸਰਕਾਰ ਵੱਲੋਂ ਵੀ ਸੂਬੇ ਅਤੇ ਕਿਸਾਨਾਂ ਦੀ ਬਿਹਤਰੀ ਲਈ ਪਿਛਲੇ ਦਿਨੀਂ ਖੇਤੀਬਾੜੀ ਨੀਤੀ ਦਾ ਇੱਕ ਨਵਾਂ ਖਰੜਾ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸੂਬਾਈ ਸਰਕਾਰ ਵੱਲੋਂ ਇਸ ਖਰੜੇ ਨੂੰ ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ (ਸਿਆਸੀ ਅਤੇ ਗੈਰ-ਸਿਆਸੀ) ਕੋਲ ਸੁਝਾਵਾਂ ਨੂੰ ਹਾਸਲ ਕਰਨ ਲਈ ਭੇਜਿਆ ਗਿਆ ਹੈ।

ਇਸ ਤੋਂ ਪਹਿਲਾਂ ਇਹ ਨੀਤੀ ਪੰਜਾਬ ਰਾਜ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ 11 ਮੈਂਬਰੀ ਕਮੇਟੀ ਵੱਲੋਂ ਤਿਆਰ ਕੀਤੀ ਗਈ ਹੈ। ਇਸ ਨੀਤੀ ਨੂੰ ਪੰਜਾਬ ਦੇ ਇਕ ਲੱਖ ਤੋਂ ਵੱਧ ਲੋਕਾਂ ਦੇ ਸੁਝਾਵਾਂ ਨਾਲ ਤਿਆਰ ਕੀਤਾ ਗਿਆ ਹੈ।

ਇੱਥੇ ਜ਼ਿਕਰਯੋਗ ਹੈ ਕਿ ਉਕਤ ਖਰੜੇ ਨੂੰ ਸੂਬਾਈ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਦੇ ਸੁਝਾਅ ਆਉਣ ਮਗਰੋਂ ਹੀ ਇਸ ਖੇਤੀਬਾੜੀ ਨੀਤੀ ਨੂੰ ਅਮਲੀ ਰੂਪ ਦਿੱਤਾ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀ ਇਸ ਉਕਤ ਖੇਤੀਬਾੜੀ ਨੀਤੀ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੇ ਨਾਲ-ਨਾਲ ਵਾਤਾਵਰਣ ਦਾ ਧਿਆਨ ਰੱਖਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਇਸ ਖੇਤੀ ਨੀਤੀ ਵਿੱਚ ਧਰਤੀ ਹੇਠਲਾ ਪਾਣੀ ਬਚਾਉਣ ਤੇ ਜੈਵਿਕ ਖੇਤੀ ਨੂੰ ਪ੍ਰਫੁੱਲਤ ਕਰਨ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ।

ਇਸ ਤੋਂ ਇਲਾਵਾ ਪੰਜਾਬ ਨੂੰ 'ਬੀਜ ਹੱਬ' ਵਜੋਂ ਵਿਕਸਿਤ ਕਰਨ ਲਈ ਵੀ ਵਿਉਂਤਬੰਦੀ ਕਰਨ ਦੀ ਗੱਲ ਆਖੀ ਗਈ ਹੈ। ਬੀਜ ਉਤਪਾਦਨ ਵਿੱਚ ਆਲੂ ਦੀ ਖੇਤੀ ਲਈ ਦੋਆਬਾ ਖੇਤਰ, ਕਣਕ ਤੇ ਝੋਨੇ ਲਈ ਲੁਧਿਆਣਾ, ਸੰਗਰੂਰ, ਬਰਨਾਲਾ, ਮੋਗਾ ਇਲਾਕੇ ਨੂੰ ਪ੍ਰਫੁੱਲਤ ਕਰਨ ਦੀ ਪੇਸ਼ਕਸ਼ ਕੀਤੀ ਹੈ। ਇਸੇ ਤਰ੍ਹਾਂ ਬਾਸਮਤੀ ਦੀ ਫਸਲ ਲਈ ਗੁਰਦਾਸਪੁਰ, ਤਰਨ ਤਾਰਨ ਤੇ ਅੰਮ੍ਰਿਤਸਰ ਅਤੇ ਪਿਆਜ਼ ਲਈ ਬਠਿੰਡਾ ਤੇ ਮਾਨਸਾ ਨੂੰ ਵਿਕਸਿਤ ਕਰਨ 'ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ।

ਖੇਤੀ ਨੀਤੀ ਦੇ ਉਕਤ ਨਵੇਂ ਖਰੜੇ ਵਿੱਚ ਧਰਤੀ ਹੇਠਲਾ ਪਾਣੀ ਬਚਾਉਣ ਲਈ ਸੂਬੇ ਵਿੱਚ 'ਪਾਣੀ ਬਚਾਓ ਪੈਸਾ ਕਮਾਓ' ਸਕੀਮ ਸ਼ੁਰੂ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਉਕਤ ਨਵੀਂ ਨੀਤੀ ਅਧੀਨ ਪਾਣੀ ਬਚਾਉਣ ਵਾਲੇ ਕਿਸਾਨਾਂ ਨੂੰ ਨਗਦ ਇਨਾਮ ਦਿੱਤੇ ਜਾਣ ਦਾ ਵੀ ਪ੍ਰਾਵਧਾਨ ਹੈ। ਖੇਤੀ ਨੀਤੀ ਦਾ ਖਰੜਾ ਦਰਅਸਲ ਪੰਜਾਬ ਨੂੰ ਮੌਜੂਦਾ ਸਮੇਂ ਦੀ 'ਜਲ ਐਮਰਜੈਂਸੀ' ਦੇ ਸੰਕਟ ਵਿੱਚੋਂ ਕੱਢਣ ਲਈ ਸਿਫਾਰਸ਼ਾਂ ਕਰਦਾ ਹੈ।

ਇਸ ਖਰੜੇ 'ਚ ਪੰਜ ਸਾਲਾਂ 'ਚ 30 ਫੀਸਦੀ ਪਾਣੀ ਦੀ ਬੱਚਤ ਅਤੇ ਪੰਜਾਬ ਦੇ ਕੁਝ ਖੇਤਰਾਂ ਵਿੱਚ ਝੋਨੇ ਦੀ ਕਾਸ਼ਤ 'ਤੇ ਪਾਬੰਦੀ ਅਹਿਮ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਫਸਲੀ ਵਿਭਿੰਨਤਾ ਨੂੰ ਅਪਣਾਉਣ ਅਤੇ ਪੰਜਾਬ ਨੂੰ ਝੋਨੇ ਤੇ ਕਣਕ ਦੇ ਚੱਕਰ 'ਚੋਂ ਕੱਢਣ ਦੀ ਵੀ ਵਕਾਲਤ ਕੀਤੀ ਗਈ ਹੈ।

ਖਰੜੇ ਮੁਤਾਬਿਕ ਪਾਣੀ ਦੇ ਸਰੋਤਾਂ ਦੀ ਅਨਿਯਮਿਤ ਅਤੇ ਬਹੁਤ ਜ਼ਿਆਦਾ ਵਰਤੋਂ ਕਾਰਨ ਪੰਜਾਬ 'ਜਲ ਐਮਰਜੈਂਸੀ' ਦੇ ਕੰਢੇ 'ਤੇ ਹੈ।

ਰਿਪੋਰਟ ਅਨੁਸਾਰ ਇਸ ਸਮੇਂ ਸੂਬੇ ਵਿੱਚ ਪਾਣੀ ਦੀ ਖਪਤ ਖੇਤੀਬਾੜੀ, ਘਰੇਲੂ ਅਤੇ ਉਦਯੋਗ ਵਿੱਚ ਕ੍ਰਮਵਾਰ 62.58, 2.41, ਅਤੇ 1.13 ਬਿਲੀਅਨ ਕਿਊਬਕ ਮੀਟਰ ਹੈ, ਜੋ ਕੁੱਲ 66.12 ਬਿਲੀਅਨ ਕਿਊਬਕ ਬਣਦੀ ਹੈ।

ਕਿਸੇ ਲਈ ਖੇਤੀਬਾੜੀ ਪਾਲਿਸੀ ਮੁਤਾਬਕ ਸਾਰੀਆਂ ਲੰਬੀ ਮਿਆਦ ਵਾਲੀਆਂ ਝੋਨੇ ਦੀਆਂ ਕਿਸਮਾਂ 'ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਅਤੇ ਜ਼ਮੀਨੀ ਪਾਣੀ ਦੀ ਹੱਦੋਂ ਵੱਧ ਵਰਤੋਂ ਕਰਨ ਵਾਲੇ ਬਲਾਕਾਂ ਵਿੱਚ ਝੋਨੇ ਦੀ ਹਰ ਕਿਸਮ ਉੱਤੇ ਪਾਬੰਦੀ ਲਗਾਏ ਜਾਣਾ ਇਸ ਸਮੇਂ ਦੀ ਲੋੜ ਹੈ।

ਇੱਥੇ ਜ਼ਿਕਰਯੋਗ ਹੈ ਕਿ ਕੁੱਲ 150 ਬਲਾਕਾਂ ਵਿੱਚੋਂ 15 ਬਲਾਕਾਂ 'ਚੋਂ ਪਹਿਲਾਂ ਹੀ ਹੱਦੋਂ ਵੱਧ ਜ਼ਮੀਨੀ ਪਾਣੀ ਕੱਢਿਆ ਜਾ ਚੁੱਕਾ ਹੈ। ਇਸ ਲਈ ਪਾਲਿਸੀ ਇਹਨਾਂ ਬਲਾਕਾਂ ਵਿੱਚ ਝੋਨੇ ਦੀ ਹਰ ਕਿਸਮ ਉੱਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਣ ਦੀ ਸਿਫਾਰਸ਼ ਕਰਦੀ ਹੈ। ਇਨ੍ਹਾਂ 15 ਬਲਾਕਾਂ ਵਿੱਚ ਜ਼ਮੀਨੀ ਪਾਣੀ ਕੱਢਣ ਦੀ ਦਰ 300 ਫੀਸਦ ਹੈ।

ਇਨ੍ਹਾਂ ਬਲਾਕਾਂ ਨੂੰ 'ਹਾਇਲੀ ਓਵਰ ਐਕਸਪਲੋਇਟਿਡ' ਬਲਾਕਾਂ ਦਾ ਦਰਜਾ ਦਿੱਤਾ ਗਿਆ ਹੈ, ਜੋ ਇਹ ਦਰਸਾਉਂਦਾ ਹੈ ਕਿ ਇਨ੍ਹਾਂ ਬਲਾਕਾਂ ਵਿੱਚ ਸਾਲਾਨਾ ਜ਼ਮੀਨੀ ਪਾਣੀ ਦੀ ਨਿਕਾਸੀ ਦਰ ਸਾਲਾਨਾ ਜ਼ਮੀਨੀ ਪਾਣੀ ਦੇ ਰੀਚਾਰਜ ਦੀ ਦਰ ਤੋਂ ਕਿਤੇ ਵੱਧ ਹੈ।

ਇਸੇ ਤਰ੍ਹਾਂ 16 ਬਲਾਕ ਜਿਨ੍ਹਾਂ ਵਿੱਚ ਪਾਣੀ ਕੱਢਣ ਦੀ ਦਰ 251 ਤੋਂ 300 ਫੀਸਦ ਤੱਕ, 29 ਬਲਾਕ ਜਿਨ੍ਹਾਂ ਵਿੱਚ ਪਾਣੀ ਕੱਢਣ ਦੀ ਦਰ 201 ਤੋਂ 250 ਫੀਸਦੀ ਤੱਕ ਅਤੇ 53 ਬਲਾਕ ਜਿਨ੍ਹਾਂ ਵਿੱਚ ਪਾਣੀ ਕੱਢਣ ਦੀ ਦਰ 100 ਤੋਂ 200 ਫੀਸਦੀ ਤੱਕ ਹੈ, 'ਓਵਰ ਐਕਸਪਲੋਇਟਿਡ' ਬਲਾਕਾਂ ਵਿੱਚ ਸ਼ਾਮਲ ਹਨ।

ਨੀਤੀ ਮੁਤਾਬਕ ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਵਾਲੇ ਬਲਾਕਾਂ ਵਿੱਚ ਝੋਨੇ ਦੀ ਕਾਸ਼ਤ ਹੇਠ ਰਕਬਾ ਪੜਾਅਵਾਰ ਤਰੀਕੇ ਨਾਲ ਘਟਾਉਣ ਦੀ ਲੋੜ ਹੈ। ਇਸ ਤੋਂ ਇਲਾਵਾ ਇੱਕ ਜਾਂ ਦੋ ਬਲਾਕਾਂ ਵਿੱਚ ਝੋਨਾ ਲਗਾਉਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੇ ਬਦਲ ਦੀ ਪੜਚੋਲ ਕਰਨ ਦੀ ਲੋੜ ਹੈ।

ਇਨ੍ਹਾਂ ਬਲਾਕਾਂ ਵਿੱਚ ਫਸਲੀ ਵਿਭਿੰਨਤਾ ਦੇ ਰੂਪ ਵਿੱਚ ਪਾਣੀ ਦੀ ਘੱਟ ਖਪਤ ਵਾਲੀਆਂ ਫਸਲਾਂ ਜਿਵੇਂ ਕਪਾਹ, ਮੱਕੀ, ਗੰਨਾ, ਸਬਜ਼ੀਆਂ ਅਤੇ ਬਾਗਾਂ ਦੀ ਖੇਤੀ ਕੀਤੀ ਜਾਵੇ ਤਾਂ ਇਨ੍ਹਾਂ ਬਲਾਕਾਂ ਵਿੱਚ ਖੇਤੀ ਅਧੀਨ ਏਰੀਏ ਨੂੰ ਬੰਜਰ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਇਨ੍ਹਾਂ ਬਲਾਕਾਂ ਦੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਝੋਨੇ ਦੀ ਬਦਲਵੀਂ ਫਸਲ ਤੋਂ ਵੱਧ ਮੁਨਾਫਾ ਲੈ ਸਕਣ।

'ਪਾਣੀ ਬਚਾਓ ਪੈਸਾ ਕਮਾਓ' ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਅਤੇ ਸਮਰਥਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪਾਣੀ ਅਤੇ ਬਿਜਲੀ ਨੂੰ ਬਚਾਇਆ ਜਾ ਸਕੇ।

ਇਸ ਤੋਂ ਇਲਾਵਾ ਖਰੜਾ ਸੂਬੇ ਵਿੱਚ ਸੂਖਮ ਸਿੰਜਾਈ ਪ੍ਰਣਾਲੀਆਂ (ਮਾਈਕਰੋ ਇਰੀਗੇਸ਼ਨ) ਨੂੰ ਅਪਣਾਉਣ ਦੀ ਵੀ ਸਿਫਾਰਸ਼ ਕਰਦਾ ਹੈ। ਪਾਲਸੀ ਮੁਤਾਬਕ, "ਮਾਈਕਰੋ ਇਰੀਗੇਸ਼ਨ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਨੂੰ ਘਟਾ ਸਕਦਾ ਹੈ ਅਤੇ ਬਿਜਲੀ ਸਬਸਿਡੀ ਦੇ ਬਿੱਲ ਦਾ ਇੱਕ ਤਿਹਾਈ ਹਿੱਸਾ ਬਚਾ ਸਕਦਾ ਹੈ। ਮਾਈਕਰੋ ਇਰੀਗੇਸ਼ਨ ਪ੍ਰਣਾਲੀਆਂ ਦੀ ਸਥਾਪਨਾ ਲਈ ਪੜਾਅਵਾਰ ਯੋਜਨਾ ਲਾਗੂ ਕੀਤੀ ਜਾਵੇ।"

ਪਾਲਸੀ ਕਣਕ ਦੀ ਕਾਸ਼ਤ ਲਈ, ਪੌਸ਼ਟਿਕ ਤੱਤਾਂ ਲਈ ਭਰਪੂਰ ਕਿਸਮਾਂ ਜਿਵੇਂ ਕਿ ਪੀ ਬੀ ਡਬਲਿਊ 1 ਚਪਾਤੀ, ਪੀ ਬੀ ਡਬਲਯੂ, ਆਰ ਐੱਸ1 ਅਤੇ ਡਬਲਯੂ ਐੱਚ ਡੀ 943 ਨੂੰ ਖਪਤਕਾਰ ਆਧਾਰਤ ਮੰਡੀਆਂ ਨੂੰ ਮੁੱਖ ਰੱਖ ਕੇ ਉਗਾਉਣ ਅਤੇ ਪ੍ਰੋਸੈਸ ਕਰਨ ਦੀ ਵਕਾਲਤ ਕਰਦੀ ਨਜ਼ਰ ਆਉਂਦੀ ਹੈ।

ਪੰਜਾਬ ਸਰਕਾਰ ਦੇ ਅੰਕੜਿਆਂ ਮੁਤਾਬਕ ਮੌਜੂਦਾ ਸਮੇਂ ਪੰਜਾਬ ਵਿੱਚ ਕਣਕ ਦੀ ਖੇਤੀ 35.1 ਲੱਖ ਹੈਕਟੇਅਰ ਏਰੀਏ ਵਿੱਚ ਕੀਤੀ ਜਾਂਦੀ ਹੈ।

ਉਕਤ ਖੇਤੀਬਾੜੀ ਨੀਤੀ ਦਾ ਖਰੜਾ ਝੋਨੇ ਦੇ ਬਦਲ ਵਜੋਂ ਬਾਸਮਤੀ, ਕਪਾਹ, ਗੰਨਾ, ਦਾਲਾਂ, ਤੇਲ ਬੀਜਾਂ, ਬਾਗਬਾਨੀ ਫਸਲਾਂ ਜਿਵੇਂ ਨਿੰਬੂ, ਆਲੂ, ਮਟਰ, ਨਾਸ਼ਪਾਤੀ ਅਤੇ ਮਿਰਚਾਂ ਦੀ ਖੇਤੀ ਦੀ ਸਿਫਾਰਸ਼ ਕਰਦੀ ਹੈ। ਇਹ ਨੀਤੀ ਫਸਲੀ ਵਿਭਿੰਨਤਾ ਨੂੰ ਫੌਰੀ ਅਪਣਾਉਣ ਦੀ ਲੋੜ ਉੱਤੇ ਜ਼ੋਰ ਦਿੰਦੀ ਹੈ।

ਉਕਤ ਸੰਦਰਭ ਵਿੱਚ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦਾ ਆਖਣਾ ਹੈ ਕਿ ਇਸ ਨੀਤੀ ਨੂੰ ਤਿਆਰ ਕਰਨ ਵਾਲੀ ਕਮੇਟੀ ਦੇ 11 ਮੈਂਬਰਾਂ ਵਿੱਚ ਵੀ ਸ਼ਾਮਲ ਸਨ, ਨੇ ਇਸ ਨੂੰ ਪੰਜਾਬ ਦੀ ਖੇਤੀ ਦੀ ਦਿਸ਼ਾ ਅਤੇ ਦਸ਼ਾ ਬਦਲਣ ਵਾਲੀ ਨੀਤੀ ਦੱਸਿਆ।

ਜੇਕਰ ਇਸ ਨੀਤੀ ਨੂੰ ਸੁਚਾਰੂ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ ਤਾਂ ਇਹ ਪੰਜਾਬ ਦੀ ਖੇਤੀ ਦੀ ਦਿਸ਼ਾ ਤੇ ਦਸ਼ਾ ਬਦਲ ਦੇਵੇਗੀ। ਇਸ ਤੋਂ ਪਹਿਲਾਂ ਵੀ ਦੋ ਵਾਰ ਖੇਤੀਬਾੜੀ ਨੀਤੀ ਤਿਆਰ ਕੀਤੀ ਗਈ ਹੈ, ਪਰ ਅਜਿਹਾ ਪਹਿਲੀ ਵਾਰ ਹੋਇਆ ਹੈ, ਜਦੋਂ ਹਿੱਸੇਦਾਰਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੋਵੇ।

ਇਸ ਨੀਤੀ ਨੂੰ ਤਿਆਰ ਕਰਨ ਲਈ ਲੱਗਭੱਗ 27,000 ਤੋਂ ਉੱਪਰ ਕਿਸਾਨਾਂ ਦੇ ਸੁਝਾਅ ਲਏ ਗਏ ਅਤੇ ਉਹਨਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ।

ਡਾ. ਗੋਸਲ ਨੇ ਦੱਸਿਆ, "ਇਸ ਨੀਤੀ ਨੂੰ ਤਿਆਰ ਕਰਨ ਲਈ ਦੋ ਕਿਸਾਨ ਮਿਲਣੀਆਂ ਪੰਜਾਬ ਯੂਨੀਵਰਸਿਟੀ ਵਿੱਚ ਹੋਈਆਂ। ਪਹਿਲੀ ਕਿਸਾਨ ਮਿਲਣੀ ਫਰਵਰੀ ਮਹੀਨੇ ਵਿੱਚ ਹੋਈ, ਜਿਸ ਵਿੱਚ 10,000 ਕਿਸਾਨਾਂ ਨੇ ਹਿੱਸਾ ਲਿਆ ਅਤੇ ਦੂਜੀ ਮਿਲਣੀ ਮਈ ਮਹੀਨੇ ਵਿੱਚ ਵੀ ਹੋਈ, ਜਿਸ ਵਿੱਚ 17,000 ਕਿਸਾਨਾਂ ਨੇ ਹਿੱਸਾ ਲਿਆ।

ਹੁਣ ਆਉਣ ਵਾਲੇ ਦਿਨਾਂ ਵਿੱਚ ਵੇਖਣਾ ਹੋਵੇਗਾ ਕਿ ਉਕਤ ਖੇਤੀਬਾੜੀ ਨੀਤੀ ਦੇ ਖਰੜੇ ਦੇ ਅਧਿਐਨ ਉਪਰੰਤ ਸੂਬੇ ਦੇ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸਮਝੀਆਂ ਜਾਂਦੀਆਂ ਵੱਖ-ਵੱਖ ਯੂਨੀਅਨਾਂ ਤੇ ਜੱਥੇਬੰਦੀਆਂ ਦਾ ਕੀ ਰਵੱਈਆ ਰਹਿੰਦਾ ਹੈ ਅਤੇ ਉਕਤ ਖਰੜੇ ਦਰਸਾਏ ਗਏ ਮਾਰਗ 'ਤੇ ਚੱਲਣ ਲਈ ਕਿੰਨੇ ਕੁ ਕਾਸ਼ਤਕਾਰ ਰਾਜ਼ੀ-ਖੁਸ਼ੀ ਹਾਮੀ ਭਰਦੇ ਹਨ। ਅਖੀਰ ਆਪਣੀ ਗੱਲ ਇਕਬਾਲ ਦੇ ਇਸ ਸ਼ੇਅਰ ਨਾਲ ਖਤਮ ਕਰਨੀ ਚਾਹਾਂਗਾ ਕਿ :

***ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ... !***
***ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈਂ... !***

***ਸੰਪਰਕ : 98552-59650***

# ਔਰਤਾਂ ਉੱਪਰ ਅੱਤਿਆਚਾਰ ਤੇ ਨਿਆਂ ਦੀ ਦਸ਼ਾ

**ਅੰਜੂ ਕੌਸ਼ਲ ਧਾਲੀਵਾਲ**

ਅੱਜ ਔਰਤਾਂ ਦੇ ਜ਼ੁਲਮ ਦੀ ਕਹਾਣੀ ਉਸ ਮੁਕਾਮ 'ਤੇ ਹੈ ਜਿੱਥੇ ਉਹਨਾ ਦਾ ਜਿਉਣਾ ਆਪਣੇ ਆਪ ਲਈ ਚੁਣੌਤੀਪੂਰਨ ਹੋ ਚੁੱਕਾ ਹੈ।ਅਸੀਂ 21ਵੀਂ ਸਦੀ ਵਿੱਚ ਪਹੁੰਚ ਕੇ ਆਪਣੀ ਮਾਨਸਿਕਤਾ ਨੂੰ ਨਹੀਂ ਬਦਲਿਆ, ਦਿਖਾਵੇ ਲਈ ਜ਼ਰੂਰ ਸਭ ਅਗਾਂਹਵਧੂ ਸਮਾਜ ਦੇ ਬਸ਼ਿੰਦੇ ਹਾਂ, ਪਰ ਔਰਤਾਂ ਦੀ ਅਜ਼ਾਦੀ ਪ੍ਰਤੀ ਸਾਡੀ ਮਾਨਸਿਕਤਾ ਦਾ ਘੇਰਾ ਵਿਸ਼ਾਲ ਨਾ ਹੋ ਸਕਿਆ, ਜਿਸ ਕਾਰਨ ਅਜੋਕੇ ਸਮੇਂ ਦੌਰਾਨ ਘਰੇਲੂ ਹਿੰਸਾ, ਤਲਾਕ, ਦਾਜ-ਦਹੇਜ, ਛੇੜ-ਛਾੜ, ਐਸਿਡ ਅਟੈਕ, ਬਲਾਤਕਾਰ ਇੱਥੋਂ ਤੱਕ ਕਿ ਆਪਣੇ ਜ਼ੁਲਮਾਂ ਨੂੰ ਛੁਪਾਉਣ ਜਾਂ ਹਉਮੈ ਨੂੰ ਪੱਠੇ ਪਾਉਂਦਿਆਂ ਜਾਨੋਂ ਮਾਰਨ ਤੱਕ ਵੀ ਨਹੀਂ ਡਰਦੇ। ਔਰਤਾਂ ਖਿਲਾਫ਼ ਅਪਰਾਧਾਂ ਦੇ ਮਾਮਲਿਆਂ ਵਿੱਚ ਤੇਜ਼ ਨਿਆਂ ਅਤੇ ਔਰਤਾਂ ਦੀ ਸੁਰੱਖਿਆ ਬਾਰੇ ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰੀ ਸੰਮੇਲਨ ਦੀ ਚੰਗੀ ਪਹਿਲ ਹੈ।ਕਾਨੂੰਨ ਵਿੱਚ ਸੋਧ ਕਰਕੇ ਫਾਂਸੀ ਦੀ ਸਜ਼ਾ ਤੈਅ ਕਰ ਦਿੱਤੀ, ਪਰ ਘਟਨਾਵਾਂ ਰੁਕਣ ਦੀ ਬਜਾਏ ਹੋਰ ਵੀ ਵਧ ਰਹੀਆਂ ਹਨ।ਕੋਲਕਾਤਾ ਦੀ ਲੇਡੀ ਟਰੇਨੀ ਡਾਕਟਰ ਨਾਲ ਜਬਰ ਜ਼ਨਾਹ ਪਿੱਛੋਂ ਹੱਤਿਆ, ਦੇਹਰਾਦੂਨ ਵਿੱਚ ਨਾਬਾਲਗ ਨਾਲ ਜਬਰ ਜ਼ਨਾਹ, ਜੋਧਪੁਰ ਵਿੱਚ ਤਿੰਨ ਸਾਲ ਦੀ ਬੱਚੀ ਤੇ ਬੈਂਗਲੁਰੂ ਵਿੱਚ ਵਿਦਿਆਰਥਣ ਨਾਲ ਜਬਰ ਜ਼ਨਾਹ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ।ਅਦਾਲਤੀ ਕੇਸਾਂ ਦੀ ਪ੍ਰਕਿਰਿਆ ਏਨੀ ਲੰਬੀ ਹੈ ਕਿ ਪੀੜਤ ਇਨਸਾਫ਼ ਤੋਂ ਹਾਰ ਕੇ ਬੈਠ ਜਾਂਦੇ ਅਤੇ ਦੋਸ਼ੀ ਧਿਰ ਸਬੂਤ ਨਸ਼ਟ ਕਰ ਜਾਂ ਗਵਾਹਾਂ ਨੂੰ ਮੁਕਰਾ ਦਿੰਦੀ ਹੈ।ਕਾਨੂੰਨ ਦਾ ਹੋਣਾ ਤੇ ਲਾਗੂ ਹੋਣ ਦਾ ਸਫਰ ਹਰ ਪੀੜਤ ਲਈ ਅਸਹਿ ਹੈ, ਜਦੋਂ ਕਿ ਪੁਰਾਤਨ ਸਮੇਂ ਵਿੱਚ ਇਹ ਸ਼ੋਸ਼ਣ ਬਾਲ ਵਿਆਹ, ਰਖੇਲ, ਵਿਧਵਾ ਔਰਤਾਂ ਦੇ ਆਸ਼ਰਮ, ਬਹੁ-ਵਿਆਹ, ਦਾਸੀ ਤੇ ਸਤੀ ਪ੍ਰਥਾ ਵਰਗੀਆਂ ਰੂੜੀਵਾਦੀ ਰੀਤੀਆਂ ਕਾਰਨ ਹੰਢਾਉਂਦੀਆਂ ਸਨ। ਭਾਵੇਂ ਬ੍ਰਿਟਿਸ਼ ਸਾਮਰਾਜ ਦੇ ਕਾਨੂੰਨਾਂ ਨੇ ਇਸ ਨੂੰ ਰੋਕਣ ਦੀ ਕਾਫੀ ਹੱਦ ਤੱਕ ਕੋਸ਼ਿਸ਼ ਕੀਤੀ, ਪਰ ਧਰਮ ਜਾਂ ਜਾਤੀ ਠੇਕੇਦਾਰਾਂ ਨੇ ਸਫਲ ਨਾ ਹੋਣ ਦਿੱਤਾ ਤੇ ਉਸੇ ਚੱਲੋ ਚੱਲ ਦਾ ਨਤੀਜਾ ਹੈ ਕਿ ਅੱਜ ਔਰਤ ਨੂੰ ਫ਼ਿਲਮਾਂ, ਮਸ਼ਹੂਰੀਆਂ, ਡਾਂਸਰਾਂ ਜਾਂ ਮਨੋਰੰਜਨ ਦੀ ਵਸਤੂ ਤੱਕ ਸੀਮਤ ਕਰ ਦਿੱਤਾ।ਭਾਰਤੀ ਸੰਵਿਧਾਨ ਤੇ ਦੂਸਰੇ ਕਾਨੂੰਨਾਂ ਨੇ ਮਹਿਲਾਵਾਂ ਨੂੰ ਬਿਨਾਂ ਕਿਸੇ ਲਿੰਗ ਅਧਾਰ ਤੋਂ ਬਰਾਬਰ ਕੰਮ, ਤਨਖਾਹ, ਸਮਾਜਿਕ ਰੁਤਬਾ ਤੇ ਅਜ਼ਾਦੀ ਲਈ ਲੋੜੀਂਦੇ ਨਿਯਮ ਦਿੱਤੇ ਹਨ।ਅੱਜ ਦੇ ਤਕਨੀਕੀ ਯੁੱਗ ਵਿੱਚ ਔਰਤਾਂ ਉੱਪਰ ਹਿੰਸਾ ਦਾ ਵਧਣਾ ਹੋਰ ਸ਼ਰਮਨਾਕ ਹੈ, ਜਦੋਂ ਹਰ ਖੇਤਰ ਵਿੱਚ ਭਾਰਤੀ ਔਰਤਾਂ ਮਰਦਾਂ ਦੇ ਬਰਾਬਰ ਦੇਸ਼ ਦੀ ਉਨਤੀ ਲਈ ਯੋਗਦਾਨ ਪਾ ਰਹੀਆਂ ਹਨ।ਮਨੁੱਖੀ ਵਰਤਾਰੇ ਕਾਰਨ 33 ਕਰੋੜ ਦੇਵੀ-ਦੇਵਤਿਆਂ ਦੀ ਧਰਤੀ ਹਿੰਸਾ ਨਾਲ ਪਲੀਤ ਹੋਏ ਮਹੌਲ ਕਰਕੇ ਨਰਕ ਸਮਾਨ ਜਾਪਦੀ ਹੈ।ਆਏ ਦਿਨ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਨਾਲ ਮਹਿਲਾ ਸਰੀਰਕ ਸ਼ੋਸ਼ਣ ਦੀ 90.1 ਫੀਸਦੀ ਦਰ ਕਰਕੇ ਪੰਜਵੇਂ ਤੇ ਖਤਰਨਾਕ ਦੇਸ਼ਾਂ ਦੀ ਲਿਸਟ ਵਿੱਚ ਛੇਵੇਂ ਨੰਬਰ 'ਤੇ ਖੜਾ ਕਰ ਦਿੱਤਾ, ਜਿਸ ਕਾਰਨ ਦੂਜੇ ਮੁਲਕ ਦੇ ਲੋਕ ਤਾਂ ਸਹਿਮੇ ਹੀ ਹੋਏ ਹਨ, ਭਾਰਤ ਦੀਆਂ ਮਹਿਲਾਵਾਂ ਵੀ ਖੌਫ ਦੇ ਛਾਏ ਹੇਠ ਜਿਉਂ ਰਹੀਆਂ ਹਨ, ਉਪਰੋਂ ਗੈਰ ਵਿਗਿਆਨਕ ਸੋਚ, ਖਾਪ ਪੰਚਾਇਤਾਂ, ਡੌਂਗੀ ਧਾਰਮਿਕ ਬਾਬਿਆਂ ਤੇ ਕਾਨੂੰਨੀ ਪਹੁੰਚ ਤੋਂ ਸੱਖਣੀ ਕਾਰਜਸ਼ੈਲੀ ਨੇ ਜ਼ੁਲਮਾਂ ਵਿੱਚ ਹੋਰ ਵਾਧਾ ਕਰ ਦਿੱਤਾ।ਭਾਰਤੀ ਲੋਕਤੰਤਰ ਜਾਂ ਜਮਹੂਰੀਅਤ ਤਾਂ ਸਿਰਫ ਨੇਤਾਵਾਂ ਨੂੰ ਗੱਦੀ ਦਿਵਾਉਣ ਤੱਕ ਸੀਮਤ ਰਹਿ ਗਈ।ਜੇਕਰ ਪਾਰਲੀਮੈਂਟ ਸੈਸ਼ਨ ਮਹਿਲਾਵਾਂ ਪ੍ਰਤੀ ਸਖਤ ਜਾਂ ਨਰਮ ਕਾਨੂੰਨਾਂ ਦੀ ਬਹਿਸ ਵਿੱਚ ਸਮਾਂ ਤੇ ਪੈਸਾ ਬਰਬਾਦ ਕਰਨ ਨਾਲੋਂ ਸੁਰੱਖਿਆ ਵਿਵਸਥਾ ਤੇ ਨਿਆਂ ਪ੍ਰਣਾਲ਼ੀ ਨੂੰ ਸੁਚੱਜੇ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾਂ ਵੀ ਹਿੰਸਕ ਹਨੇਰੀ ਨੂੰ ਠੱਲ੍ਹਿਆ ਜਾ ਸਕਦਾ ਹੈ।ਔਰਤਾਂ ਨੂੰ ਕਮਜ਼ੋਰ ਜਾਂ ਦੂਜਿਆਂ ਆਸਰੇ ਉਨਤੀ ਕਰਨ ਵਾਲਾ ਵਰਗ ਹੀ ਸਮਝਿਆ ਗਿਆ ।ਬਦਲੇ ਜ਼ਮਾਨੇ ਦੀ ਨਾਰੀ ਨੇ ਜਦੋਂ ਅਵਾਜ਼ ਉਠਾਉਣ ਦੀ ਜੁਰਅਤ ਕੀਤੀ ਤਾਂ ਹਉਮੈ ਭਰੇ ਸਮਾਜ ਨੇ ਦਬਾਉਣ ਲਈ ਉਹਨਾਂ ਦੀ ਉਮਰ ਤੇ ਸਥਾਨਕ ਮਰਿਆਦਾ ਦਾ ਫਰਕ ਵੀ ਅੱਖੋਂ ਓਹਲੇ ਕਰ ਦਿੱਤਾ, ਜਿਸ ਕਾਰਨ ਅੱਜ ਛੋਟੀ ਬੱਚੀ ਤੋਂ ਲੈ ਕੇ ਬਜ਼ੁਰਗ ਔਰਤਾਂ ਵੀ ਦਿਨ-ਦਿਹਾੜੇ ਇਸ ਵਹਿਸ਼ੀਪਣ ਦਾ ਸ਼ਿਕਾਰ ਹੋ ਰਹੀਆਂ ਹਨ।ਮਾਨਸਿਕ ਨਿਵਾਣ ਕਾਰਨ ਘਰਾਂ ਵਿੱਚ ਵਾਪਰੀ ਹਿੰਸਾ ਦਾ ਹੀ ਅਗਲਾ ਰੂਪ ਦਫਤਰਾਂ, ਪਬਲਿਕ ਟਰਾਂਸਪੋਰਟ, ਸਕੂਲ, ਕਾਲਜ, ਧਾਰਮਿਕ ਸਥਾਨ ਤੋਂ ਇਲਾਵਾ ਬੇਖੌਫ ਵਾਪਰੇ ਨਿਰਭਇਆ, ਮੂਰਥਲ, ਪੰਜਾਬ ਦਾ ਕਿਰਨਜੀਤ ਕਾਂਡ ਤੇ ਤਾਜ਼ੇ ਵਾਪਰੇ ਆਂਧਰਾ ਪ੍ਰਦੇਸ਼ ਵਿੱਚ ਲੇਡੀ ਡਾਕਟਰ ਨਾਲ ਘਿਨਾਉਣੇ ਕਾਂਡ ਤੋਂ ਬਾਅਦ ਅਗਨਭੇਟ ਕਰਨਾ ਹਿੰਸਾ ਦਾ ਸਿਖਰ ਹੈ।

ਵਿਡੰਬਨਾ ਇਹ ਹੈ ਕਿ ਹਰ ਅਜਿਹੀ ਘਟਨਾ ਪਿੱਛੋਂ ਲੋਕ ਏਕਤਾ ਦੀ ਲਹਿਰ ਦੋਸ਼ੀਆਂ ਨੂੰ ਜੇਲ੍ਹ ਪਹੁੰਚਾਉਣ ਵਿੱਚ ਸਫਲ ਹੋ ਜਾਵੇਗੀ, ਪਰ ਕੀ ਅਸੀਂ ਇਸ ਨਾਲ ਅਜਿਹੇ ਦੁਸ਼ਟ ਕਰਮ ਆਉਣ ਵਾਲੇ ਸਮੇਂ ਵਿੱਚ ਰੋਕ ਸਕਾਂਗੇ, ਜੋ ਆਪਣੇ ਆਪ ਵਿੱਚ ਵੱਡਾ ਸਵਾਲ ਹੈ।ਭਾਰਤ ਦੀ ਡੁੱਬਦੀ ਅਰਥ ਵਿਵਸਥਾ ਤੇ ਬੇਰੁਜ਼ਗਾਰੀ ਤੋਂ ਕਲਪੇ ਨੌਜਵਾਨਾਂ ਨੂੰ ਨੀਵੇਂ ਦਰਜੇ ਦੀ ਸਿਆਸੀ ਖੇਡ, ਨਸ਼ੇ ਦੀ ਚਾਟ 'ਤੇ ਲਗਾ ਅਪਰਾਧਕ ਦੁਨੀਆ ਨੂੰ ਅਪਨਾਉਣ ਲਈ ਮਜਬੂਰ ਕਰਦੀ ਹੈ।ਦੇਸ਼ ਅੰਦਰ ਫੈਲੇ ਇਸ ਜ਼ੁਲਮ ਨੂੰ ਰੋਕਣ ਲਈ ਸਾਰਥਕ ਕਦਮ ਚੁੱਕਣ ਦੀ ਲੋੜ ਹੈ । ਨੌਜਵਾਨ ਪੀੜ੍ਹੀ ਨੂੰ ਨਸ਼ੇ ਦੀ ਤਲਿਸਮੀ ਦੁਨੀਆ ਵਿੱਚੋਂ ਬਾਹਰ ਕੱਢਣ ਲਈ ਪੂਰਨ ਪਬੰਦੀ ਦੀ ਪਹਿਲ ਜ਼ਰੂਰੀ ਹੈ, ਜਿਸ ਕਾਰਨ ਘਟਨਾਵਾਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਸਿਆਸੀ ਨੇਤਾ ਅਜਿਹੀਆਂ ਘਟਨਾਵਾਂ ਦੀਆਂ ਲੋਕ ਲਹਿਰਾਂ ਨੂੰ ਹਾਈਜੈਕ ਕਰਨ ਨਾਲੋਂ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਵੱਲ ਧਿਆਨ ਦੇਣ, ਜਿਸ ਲਈ ਉਹਨਾਂ ਨੂੰ ਚੁਣਿਆ ਤੇ ਲ਼ੋਕਾਂ ਦੇ ਪੈਸੇ ਨਾਲ ਸੱਤਾ ਦਾ ਅਨੰਦ ਮਾਣ ਰਹੇ ਹਨ।ਵਿਭਾਗਾਂ ਦੀਆਂ ਲਗਾਮਾਂ ਹੀ ਕੱਸ ਕੇ ਰੱਖਣ ਪਤਾ ਨਹੀਂ ਕਿੰਨੀਆਂ ਹੀ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਸੀ, ਬਾਅਦ ਵਿੱਚ ਦਿਖਾਵੇ ਦੀ ਬਰਖਾਸਤੀ ਘਟਨਾ ਲਈ ਮੱਲ੍ਹਮ ਦੇ ਤੁਲ ਵੀ ਨਹੀਂ।ਜਿਹੜੇ ਵੋਟਾਂ ਸਮੇਂ ਬੜੇ ਉੱਚ ਵਿਚਾਰਾਂ ਨਾਲ ਔਰਤਾਂ ਦੀ ਰਾਖੀ, ਪੜ੍ਹਾਈ, ਰੁਜ਼ਗਾਰ ਦੇ ਫੱਫੇ ਕੁੱਟਦੇ ਹਨ, ਚੋਣਾਵੀ ਦੰਗਲ ਮਗਰੋਂ ਗਿਰਝ ਦੀ ਅਸਮਾਨੀ ਉਡਾਰੀ ਵਾਂਗ ਗਾਇਬ ਹੋ ਜਾਂਦੇ ਹਨ।ਅਜ਼ਾਦੀ ਤੋਂ ਬਾਅਦ ਵੀ ਔਰਤਾਂ ਦੀ ਦਸ਼ਾ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ, ਜਿਸ ਨਾਲ ਸੰਸਾਰ ਵਿੱਚ ਭਾਰਤ ਦਾ ਔਰਤ ਸੁਰੱਖਿਆ ਪ੍ਰਤੀ ਟੀਚਾ ਬਹੁਤ ਨੀਵੇਂ ਦਰਜੇ 'ਤੇ ਖੜਾ ਹੈ।ਦੁਨੀਆ ਵਿੱਚ ਮਾਰੀਆਂ ਜਾ ਰਹੀਆਂ ਡੀਂਗਾਂ ਉਸ ਸਮੇਂ ਬੇਹੇ ਪਾਣੀ ਵਿੱਚ ਵਹਿ ਜਾਂਦੀਆਂ ਹਨ, ਜਦੋਂ ਸ਼ਾਂਤੀਪੂਰਨ ਦੇਸ਼ਾਂ ਦੀ ਲੜੀ ਵਿੱਚ ਭਾਰਤ 141 ਨੰਬਰ 'ਤੇ ਆਉਂਦਾ ਹੈ।ਆਪਣੇ ਹੀ ਦੇਸ਼ ਦਾ ਖੌਫਨਾਕ ਮੰਜ਼ਰ (ਮਹੌਲ) ਤੇ ਜ਼ੁਲਮ ਦੀ ਇਸ ਇੰਤਹਾ ਵਾਲੀ ਹੱਦ ਨੂੰ ਤੋੜਨਾ ਜ਼ਰੂਰੀ ਹੈ, ਜਿਸ ਲਈ ਕੁੱਲ ਭਾਰਤ ਦੀਆਂ ਸਮਾਜ ਸੇਵੀ ਜਥੇਬੰਦੀਆਂ, ਸੰਸਥਾਵਾਂ, ਬੁੱਧੀਜੀਵੀ ਤੇ ਰਾਜਨੀਤਿਕ ਪਾਰਟੀਆਂ ਨੂੰ ਸਿਆਸਤ ਤੋਂ ਉਪਰ ਉਠ ਮੋਮਬੱਤੀ ਮਾਰਚ, ਧਰਨੇ, ਮੁਜ਼ਾਹਰੇ ਤੋਂ ਅਗਲੇ ਕਦਮ ਵਿਭਾਗੀ ਮੁਸਤੈਦੀਆਂ ਤੇ ਕਾਨੂੰਨੀ ਪ੍ਰਕਿਰਿਆ ਦੀ ਨਿਰੰਤਰ ਰਫਤਾਰ ਵਿੱਚ ਤੇਜੀ ਲਿਆਉਣ ਲਈ ਹੰਭਲੇ ਮਾਰਨੇ ਚਾਹੀਦੇ ਹਨ।ਇਸ ਦਰੁਸਤੀ ਨਾਲ ਨੱਪੀ ਜੜ੍ਹ ਜਾਲਮਾਨਾ ਲੋਕਾਂ ਦਾ ਨਜ਼ਰੀਆ ਬਦਲ਼ਣ ਵਿੱਚ ਸਹਾਈ ਹੋ ਸਕੇ ਤੇ ਫਿਰ ਤੋਂ ਭਾਰਤ ਸ਼ਾਂਤੀ ਤੇ ਸੁਰੱਖਿਆ ਵਾਲਾ ਦੇਸ਼ ਬਣੇ।ਔਰਤਾਂ ਨੂੰ ਉਹਨਾ ਦੇ ਹੱਕਾਂ ਲਈ ਸੈਮੀਨਾਰਾਂ ਦੁਆਰਾ, ਸਿੱਖਿਆ ਤੇ ਖੁਦ ਦੀ ਰੱਖਿਆ ਅਤੇ ਮਰਦਾਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਤੇ ਕਦਰਾਂ-ਕੀਮਤਾਂ ਪ੍ਰਤੀ ਸੁਚੇਤ ਕੀਤਾ ਜਾਵੇ ਤਾਂ ਜੋ ਦੇਸ਼ ਦੀਆਂ ਬੇਟੀਆਂ ਚੰਗੀ ਤਾਲੀਮ ਹਾਸਲ ਕਰ ਆਪਣੇ ਭਵਿੱਖ ਨੂੰ ਅਜ਼ਾਦ ਤੇ ਸੁਰੱਖਿਅਤ ਮਹੌਲ ਵਿੱਚ ਸੁਨਹਿਰੀ ਬਣਾ ਸਕਣ।

**ਸੰਪਰਕ : 99880-03419**

# ਦੇਸ਼ ਦੀ ਨਿੱਘਰ ਰਹੀ ਸਿਆਸੀ ਤੇ ਕਾਨੂੰਨੀ ਵਿਵਸਥਾ 'ਤੇ ਉੱਠ ਰਹੇ ਸਵਾਲ

**ਜਸਵੰਤ ਜ਼ੀਰਖ**

ਸਾਡੇ ਦੇਸ਼ ਦੀ ਸਿਆਸੀ ਅਤੇ ਕਾਨੂੰਨੀ ਵਿਵਸਥਾ ਦੇ ਨਿਘਾਰ ਲਈ ਜਿੱਥੇ ਰਾਜਨੀਤਕ ਪਾਰਟੀਆਂ ਜ਼ੁੰਮੇਵਾਰ ਹਨ, ਉੱਥੇ ਇਨ੍ਹਾਂ ਪਿੱਛੇ ਲੱਗੇ ਲੋਕਾਂ ਨੂੰ ਵੀ ਆਪਣੀ ਕਾਰਗੁਜ਼ਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ । 1947 ਤੋਂ ਬਾਅਦ ਪੌਣੀ ਸਦੀ ਦਾ ਸਮਾਂ ਬੀਤ ਜਾਣ 'ਤੇ ਵੀ ਜੇ ਲੋਕਾਂ ਦੇ ਜਿਉਣ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਹੋਈਆਂ, ਤਾਂ ਨੁਕਸ ਕਿੱਥੇ ਹੈ ? ਉਹ ਲੱਭਣਾ ਹੀ ਪਏਗਾ ਅਤੇ ਇਹ ਲੱਭਣਾ ਵੀ ਉਹਨਾਂ ਨੂੰ ਹੀ ਪੈਣਾ ਹੈ, ਜਿਹਨਾਂ ਦੀਆਂ ਇਹ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ ਤੇ ਉਹ ਭਾਵੇਂ ਕਿਸੇ ਵੀ ਪਾਰਟੀ ਨਾਲ ਸੰਬੰਧ ਰੱਖਦੇ ਹੋਣ।

ਸਿਆਸਤਦਾਨਾ ਨੇ ਤਾਂ ਇਕ ਖੇਡ ਸ਼ੁਰੂ ਕਰ ਰੱਖੀ ਹੈ ਕਿ ਜਦੋਂ ਆਪਣੀ ਮੁੱਖ ਪਾਰਟੀ ਵਿੱਚ ਟਿਕਟ ਮਿਲਣ ਦੀ ਆਸ ਖਤਮ ਹੋ ਜਾਂਦੀ ਹੈ ਤਾਂ ਪਲਟੀ ਮਾਰ ਕੇ ਦੂਜੀ ਪਾਰਟੀ 'ਚ, ਜੇ ਉੱਥੇ ਵੀ ਮੰਤਵ ਪੂਰਾ ਨਾ ਹੋਵੇ ਤਾਂ ਤੀਜੀ ਵਿੱਚ । ਅੰਤ ਜੇ ਉੱਥੇ ਵੀ ਕੋਈ ਘਾਟ ਮਹਿਸੂਸ ਹੋਵੇ ਤਾਂ ਫਿਰ ਪਹਿਲੀ ਵਿੱਚ ਘਰ ਵਾਪਸੀ ਕਹਿ ਬੇਸ਼ਰਮੀ ਦੀ ਹੱਦ ਪਾਰ ਕਰ ਲਈ ਜਾਂਦੀ ਹੈ ਜਾਂ ਕੋਈ ਨਵੀਂ ਪਾਰਟੀ ਬਣਾਉਣ ਦਾ ਅਡੰਬਰ ਸ਼ੁਰੂ ਕਰ ਦਿੱਤਾ ਜਾਂਦਾ ਹੈ । ਇਸ ਹਮਾਮ ਵਿੱਚ ਸਾਰੀਆਂ ਮੁੱਖ ਪਾਰਟੀਆਂ ਹੀ ਨੰਗੀਆਂ ਵਿਖਾਈ ਦੇ ਰਹੀਆਂ ਹਨ । ਲੋਕ ਭਾਵੇਂ ਇਹ ਸਾਰੀ ਖੇਡ ਦਰਸ਼ਕ ਬਣ ਕੇ ਵੇਖ ਰਹੇ ਹੁੰਦੇ ਹਨ, ਪਰ ਜਦੋਂ ਵੋਟਾਂ ਵੇਲੇ ਅਜਿਹੇ ਉਮੀਦਵਾਰ ਉਹਨਾਂ ਵਿੱਚ ਆਉਂਦੇ ਹਨ ਤਾਂ ਫੁੱਲਾਂ ਦੇ ਹਾਰ ਵੀ, ਉਹਨਾਂ ਦਰਸ਼ਕਾਂ ਵਿੱਚੋਂ ਹੀ ਕਈ ਉਸ ਉਮੀਦਵਾਰ ਦੇ ਗਲ ਵਿੱਚ ਪਾਣ ਲਈ ਲਾਈਨਾਂ ਬਣਾਈ ਖੜੇ ਹੁੰਦੇ ਹਨ।ਇੱਥੋਂ ਤੱਕ ਕਿ ਕਈ ਵਾਰ ਲੋਕਾਂ ਦਾ ਹਰਾਇਆ ਹੋਇਆ ਉਮੀਦਵਾਰ ਵੀ ਮੰਤਰੀ ਬਣਾ ਦਿੱਤਾ ਜਾਂਦਾ ਹੈ, ਤਾਂ ਕੀ ਇਹ ਲੋਕਾਂ ਨੂੰ ਟਿੱਚ ਸਮਝ ਕੇ ਉਹਨਾਂ ਦਾ ਮੂੰਹ ਚਿੜਾਉਣਾ ਨਹੀਂ ਤਾਂ ਹੋਰ ਕੀ ਹੈ ? ਇਸ ਤਰ੍ਹਾਂ ਇਹ ਵਰਤਾਰਾ ਲਗਾਤਾਰ ਚੱਲਦਾ ਅਸੀਂ ਸਾਰੇ ਵੇਖੀ ਜਾ ਰਹੇ ਹਾਂ।ਪੰਜਾਂ ਸਾਲਾਂ ਬਾਅਦ ਹਰ ਵਾਰ ਅਜਿਹਾ ਕੁਝ ਹੁੰਦਾ ਅਕਸਰ ਚਲਦਾ ਆ ਰਿਹਾ ਹੈ, ਪਰ ਪਿਛਲੇ 10 ਕੁ ਸਾਲਾਂ ਤੋਂ ਇਸ ਦੀ ਰਫਤਾਰ ਹੋਰ ਵੀ ਤੇਜ਼ ਹੋ ਗਈ ਹੈ। ਗੁਲਾਮਦਾਰੀ ਯੁੱਗ ਵਿੱਚ ਗੁਲਾਮਾਂ ਨੂੰ ਖਰੀਦਿਆ-ਵੇਚਿਆ ਜਾਂਦਾ ਸੀ, ਪਰ ਅੱਜ ਸਿਆਸੀ ਪਾਰਟੀਆਂ ਇਕ-ਦੂਜੀ ਦੇ ਲੀਡਰਾਂ ਦੇ ਮੁੱਲ ਤਹਿ ਕਰਕੇ ਖਰੀਦੋ-ਫਰੋਕਤ ਕਰਦੀਆਂ ਹਨ।ਦੇਸ਼ ਪ੍ਰਤੀ ਸੰਜੀਦਾ/ ਚਿੰਤਕ ਲੋਕ ਅਜਿਹੇ ਵਰਤਾਰਿਆਂ ਬਾਰੇ ਅਕਸਰ ਲੋਕਾਂ ਨੂੰ ਸੁਚੇਤ ਕਰਨ ਲਈ ਜਾਗ੍ਰਿਤ ਵੀ ਕਰਦੇ ਆ ਰਹੇ ਹਨ, ਪਰ ਇਹ ਜਾਗ੍ਰਿਤ ਕਰਨ ਵਾਲੇ ਕਿਸੇ ਵੀ ਪਾਰਟੀ ਨੂੰ ਨਹੀਂ ਭਾਉਂਦੇ, ਜਿਸ ਕਰਕੇ ਉਹਨਾਂ ਖਿਲਾਫ ਝੂਠੇ ਇਲਜ਼ਾਮ ਲਾ ਕੇ ਜੇਲ੍ਹੀਂ ਬੰਦ ਕਰਨ ਦੀਆਂ ਵਿਉਂਤਾਂ ਸਰਕਾਰੀ ਸਰਪ੍ਰਸਤੀ ਹੇਠ ਬਣਾਈਆਂ ਜਾਂਦੀਆਂ ਹਨ । ਕਿੰਨੇ ਹੀ ਅਜਿਹੇ ਬੁੱਧੀਜੀਵੀ, ਪੱਤਰਕਾਰ,ਵਕੀਲ, ਡਾਕਟਰ, ਪ੍ਰੋਫੈਸਰ, ਰੰਗਕਰਮੀ ਭੀਮਾ ਕੋਰੇਗਾਓਂ, ਸ਼ਹੀਨ ਬਾਗ, ਜੇ ਐੱਨ ਯੂ ਦਿੱਲੀ ਦੇ ਝੂਠੇ ਕੇਸਾਂ ਵਿੱਚ ਜੇਲ੍ਹਾਂ 'ਚ ਬੰਦ ਹਨ, ਪਰ ਇਸ ਸਾਰੇ ਵਰਤਾਰੇ ਦੀ ਅਸਲੀਅਤ ਜਾਨਣ ਦੇ ਸਿੱਟੇ ਵਜੋਂ ਲੋਕਾਂ ਦੀ ਸਮਝ ਵਿੱਚ ਵਾਧਾ ਵੀ ਹੋ ਰਿਹਾ ਹੈ।ਉਹਨਾਂ ਨੂੰ ਸਮਝ ਲੱਗ ਰਹੀ ਹੈ ਕਿ ਇਹ ਜੇਲ੍ਹਾਂ ਵਿੱਚ ਬੰਦ ਲੋਕ ਕੋਈ ਦੇਸ਼ ਧਰੋਹੀ ਨਹੀਂ , ਜਿਵੇਂ ਕਿ ਉਹਨਾਂ ਬਾਰੇ ਸਰਕਾਰਾਂ ਅਤੇ ਗੋਦੀ ਮੀਡੀਆ ਪ੍ਰਚਾਰ ਰਿਹਾ ਹੈ। ਇਹ ਉਹ ਲੋਕ ਹਨ, ਜਿਹੜੇ ਇਸ ਦੇਸ਼ ਨੂੰ ਅਸਲ ਦੇਸ਼ ਧਰੋਹੀਆਂ ਦੇ ਚੁੰਗਲ ਵਿੱਚੋਂ ਬਾਹਰ ਕੱਢਣਾ ਚਾਹੁੰਦੇ ਹਨ।ਹੁਣ ਇਹਨਾਂ ਲੋਕ ਨਾਇਕਾਂ ਬਾਰੇ ਕੀਤਾ ਜਾ ਰਿਹਾ ਝੂਠਾ ਸਰਕਾਰੀ ਭੰਡੀ ਪ੍ਰਚਾਰ ਲਗਾਤਾਰ ਨੰਗਾ ਹੋ ਰਿਹਾ ਹੈ, ਜਿਸ ਕਾਰਣ ਲੋਕ ਇਹਨਾਂ ਨਾਇਕਾਂ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾ ਕੇ ਉਸ ਅਨੁਸਾਰ ਆਪਣੀ ਜ਼ਿੰਦਗੀ ਨਾਲ ਸਬੰਧਤ ਮਸਲਿਆਂ ਦੇ ਹੱਲ ਲਈ ਸਿਆਸੀ ਪਾਰਟੀਆਂ ਤੋਂ ਆਸ ਛੱਡ ਜਥੇਬੰਦਕ ਸੰਘਰਸ਼ਾਂ ਦਾ ਰਾਹ ਵੀ ਫੜ ਰਹੇ ਹਨ।ਦਿੱਲੀ ਦੀਆਂ ਬਰੂਹਾਂ 'ਤੇ ਇਕ ਸਾਲ ਤੋਂ ਵੀ ਵੱਧ ਸਮਾਂ ਲੜਿਆ ਸੰਘਰਸ਼ ਇਸ ਗੱਲ ਦਾ ਜ਼ਾਹਰਾ ਸਬੂਤ ਹੈ, ਜਿਸ ਵੱਲੋਂ ਕਿਸੇ ਵੀ ਸਿਆਸੀ ਪਾਰਟੀ ਨੂੰ ਆਪਣੀ ਸਟੇਜ 'ਤੇ ਚੜ੍ਹਨ ਨਹੀਂ ਦਿੱਤਾ ਗਿਆ। ਅਜਿਹੇ ਸੰਘਰਸ਼ੀ ਮੋਰਚਿਆਂ ਦਾ ਉਭਾਰ ਉਠਣ ਦੇ ਅਸਾਰ ਹੋਰ ਵੀ ਤੇਜ਼ ਹੋਣੇ ਸੰਭਾਵਤ ਹਨ।

ਇਹਨਾਂ ਲੋਕ ਸੰਘਰਸ਼ਾਂ ਦੇ ਤੇਜ਼ ਹੋਣ ਦੀਆਂ ਸੰਭਾਵਨਾਵਾਂ ਕਾਰਨ ਹੁਣ ਕੇਂਦਰ ਸਰਕਾਰ ਨੇ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਅੰਗਰੇਜ਼ ਵੇਲੇ ਦੇ ਬਸਤੀਵਾਦੀ ਕਾਨੂੰਨ ਖਤਮ ਕਰਨ ਦੇ ਬਹਾਨੇ ਨਵੇਂ ਫ਼ੌਜਦਾਰੀ ਕਾਨੂੰਨ ਬਿਨਾਂ ਕਾਨੂੰਨੀ ਪ੍ਰਕਿਰਿਆ ਅਪਣਾਉਂਦਿਆਂ ਪਾਸ ਕਰਕੇ ਪਹਿਲੀ ਜੁਲਾਈ, 2024 ਤੋਂ ਲਾਗੂ ਕੀਤੇ ਹਨ।ਅੰਗਰੇਜ਼ਾਂ ਦੇ ਨਾਂਅ 'ਤੇ ਬੋਲਿਆ ਝੂਠ ਓਦੋਂ ਨੰਗਾ ਹੋ ਗਿਆ, ਜਦੋਂ ਕਾਨੂੰਨੀ ਮਾਹਰਾਂ ਨੇ ਇਹਨਾਂ ਕਾਨੂੰਨਾਂ ਦੀ ਤੁਲਨਾ ਅੰਗਰੇਜ਼ਾਂ ਵੱਲੋਂ ਭਾਰਤੀ ਲੋਕਾਂ ਦੀ ਆਜ਼ਾਦੀ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਲਿਆਂਦੇ ਰੋਲਟ ਐਕਟ ਨਾਲ ਕਰਦਿਆਂ ਸਪੱਸ਼ਟ ਕੀਤਾ ਕਿ ਇਹ ਨਵੇਂ ਕਾਨੂੰਨਾਂ ਰਾਹੀਂ ਵੀ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਦੇ ਹਥਿਆਰ ਵਜੋਂ ਰੋਲਟ ਐਕਟ ਦੇ ਹੀ ਦੰਦ ਹੋਰ ਤਿੱਖੇ ਕੀਤੇ ਹਨ।ਮਾਹਰ ਦੱਸਦੇ ਹਨ ਕਿ ਇਹਨਾਂ ਕਾਨੂੰਨਾਂ ਵਿੱਚ 80 ਫੀਸਦੀ ਪਹਿਲਾਂ ਵਾਲਾ ਹੀ ਹੈ, ਜੋ ਬਦਲਿਆ ਹੈ, ਉਹ ਹੋਰ ਵੀ ਘਾਤਕ ਹੈ।ਕਾਨੂੰਨਾਂ ਵਿੱਚ ਸੋਧ ਹਮੇਸ਼ਾ ਲੋਕਾਂ ਦੀ ਸਹੂਲਤ ਲਈ ਹੋਣੀ ਚਾਹੀਦੀ ਹੈ, ਨਾ ਕਿ ਉਹਨਾਂ ਦੀ ਹੱਕੀ ਤੇ ਜਮਹੂਰੀ ਆਵਾਜ਼ ਬੰਦ ਕਰਨ ਲਈ।ਇਹ ਵੀ ਸਾਫ ਹੋ ਗਿਆ ਹੈ ਕਿ ਜਿਵੇਂ 3 ਖੇਤੀ ਕਾਨੂੰਨ ਲਾਗੂ ਕਰਨ ਵੇਲੇ ਖੇਤੀ ਲਈ ਬਹੁਤ ਫਾਇਦੇ ਵਾਲੇ ਕਰਾਰ ਦਿੱਤੇ ਗਏ ਸਨ, ਉਸੇ ਤਰ੍ਹਾਂ ਇਹਨਾਂ ਕਾਨੂੰਨਾਂ ਨੂੰ ਵੀ ਲੋਕਾਂ ਦੇ ਹਿੱਤ ਵਿੱਚ ਹੋਣ ਦਾ ਢੰਡੋਰਾ ਪਿੱਟਿਆ ਗਿਆ, ਜੋ ਖੇਤੀ ਕਾਨੂੰਨਾਂ ਦੀ ਤਰ੍ਹਾਂ ਕੀਤੇ ਝੂਠਾ ਪ੍ਰਾਪੇਗੰਡੇ ਵਾਂਗੂੰ ਹੀ ਕੋਰਾ ਝੂਠ ਨਿੱਕਲਿਆ ।

ਦੇਸ਼ ਦੀ ਸਿਆਸੀ ਅਤੇ ਕਾਨੂੰਨੀ ਅਵਸਥਾ ਬਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੀ ਪੜ੍ਹੀ ਸਵਰਾ ਭਾਸਕਰ ਨਾਂਅ ਦੀ ਲੜਕੀ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਹੁਤ ਬੇ-ਬਾਕ ਸ਼ਬਦਾਂ ਰਾਹੀਂ ਸਪੱਸ਼ਟ ਕੀਤਾ ਹੈ।ਉਸ ਨੇ ਸਿਆਸਤ ਬਾਰੇ ਗੱਲ ਕਰਦਿਆਂ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਪਹੁੰਚਣ ਤੱਕ ਦੇ ਸਫਰ ਵਿੱਚ ਪਾਖੰਡ , ਅੰਧਵਿਸ਼ਵਾਸ, ਸੰਪਰਦਾਇਕ, ਢੌਂਗ, ਝੂਠ, ਹਿੰਸਾ ਦੇ ਧੱਬੇ ਲੱਗੇ ਹੋਏ ਹਨ।ਇਸਤਰੀ ਬਲਾਤਕਾਰ, ਜਾਤੀ, ਧਰਮ, ਦਾ ਜ਼ਹਿਰ ਇਹਨਾਂ ਦੀ ਸਿਆਸਤ ਹੈ।ਉਸ ਨੇ ਦੱਸਿਆ ਕਿ ਜੇ ਐੱਨ ਯੂ ਦਾ ਵਿਦਿਆਰਥੀ ਆਗੂ ਉਮਰ ਖਾਲਿਦ, ਜੋ ਪਿਛਲੇ 4 ਸਾਲ ਤੋਂ ਇਸ ਕਰਕੇ ਝੂਠੇ ਕੇਸ ਵਿੱਚ ਜੇਲ੍ਹ 'ਚ ਬੰਦ ਹੈ, ਕਿਉਂਕਿ ਉਹ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਅਲੋਚਕ ਅਤੇ ਮੁਸਲਮਾਨ ਧਰਮ ਦਾ ਹੈ।

ਸਵਰਾ ਭਾਸਕਰ ਨੇ ਬੜੇ ਫ਼ਖਰ ਨਾਲ ਕਿਹਾ ਕਿ ਉਹ ਆਪ ਉਮਰ ਖਾਲਿਦ ਦੇ ਵਿਚਾਰਾਂ ਨੂੰ ਠੀਕ ਮੰਨਦੀ ਹੈ ਅਤੇ ਉਹੀ ਕੁਝ ਬੋਲਦੀ ਹੈ, ਜੋ ਉਮਰ ਬੋਲਦਾ ਹੈ। ਅਸੀਂ ਇਕੱਠੇ ਹੀ ਪ੍ਰਚਾਰ ਕਰਦੇ ਰਹੇ ਹਾਂ, ਜਿਸ ਕਰਕੇ ਮੇਰਾ ਨਾਂਅ ਵੀ 2-3 ਵਾਰ ਉਸ ਨਾਲ ਸੰਬੰਧਤ ਕੇਸਾਂ ਵਿੱਚ ਆਇਆ ਸੀ, ਪਰ ਇਤਫ਼ਾਕ ਨਾਲ ਮੈਂ ਇਕ ਅੰਗਰੇਜ਼ੀ ਪੜ੍ਹੇ-ਲਿਖੇ ਸਵਰਨ ਹਿੰਦੂ ਪਰਵਾਰ ਚੋਂ ਹਾਂ ਤੇ ਮੇਰੀ ਮਾਂ ਜੇ ਐੱਨ ਯੂ ਦੀ ਪ੍ਰੋਫੈਸਰ ਰਹੀ ਹੈ ਅਤੇ ਪਿਤਾ ਵੀ ਚੰਗੀ ਹੈਸੀਅਤ ਰੱਖਦੇ ਹਨ। ਮੈਂ ਹਿੰਦੂ ਹੋਣ 'ਤੇ ਵੀ ਮੁਸਲਮਾਨ ਲੜਕੇ ਨਾਲ ਪਰਵਾਰਾਂ ਦੀ ਸਹਿਮਤੀ ਨਾਲ ਸ਼ਾਦੀ ਕੀਤੀ ਹੈ। ਮੈਂ ਇਸ ਕਰਕੇ ਜੇਲ੍ਹ ਵਿੱਚ ਨਹੀਂ , ਕਿਉਂਕਿ ਹਿੰਦੂ ਹਾਂ, ਜਿਸ ਕਰਕੇ ਉਹ ਸੋਚਦੇ ਹਨ ਕਿ ਜੇ ਇਸ ਨਾਲ ਅਜਿਹਾ ਕੀਤਾ ਤਾਂ ਕੁੱਝ ਜ਼ਿਆਦਾ ਹੋ ਜਾਵੇਗਾ।ਉਸ ਨੇ ਦੱਸਿਆ ਕਿ 4 ਸਾਲ ਦਾ ਸਮਾਂ ਬਹੁਤ ਲੰਮਾ ਹੁੰਦਾ ਹੈ, ਮੇਰੀ ਜ਼ਿੰਦਗੀ ਇਹਨਾਂ ਸਾਲਾਂ ਵਿੱਚ ਕਿੱਥੋਂ ਕਿੱਥੇ ਪਹੁੰਚ ਗਈ ਹੈ, ਪਰ ਉਮਰ ਜੇਲ੍ਹ ਵਿੱਚ ਹੀ ਹੈ।

ਉਸ ਨੇ ਨਿਆਂ ਵਿਵਸਥਾ 'ਤੇ ਸਵਾਲ ਕਰਦਿਆਂ ਪੁੱਛਿਆ ਕਿ ਉਮਰ ਖਾਲਿਦ ਦੀ ਜਮਾਨਤ ਲਈ ਕੇਸ ਦੀ ਸੁਣਵਾਈ ਕਰਨ ਤੋਂ ਜੱਜ ਇਹ ਕਹਿ ਕੇ ਆਪਣੇ ਆਪ ਨੂੰ ਪਿੱਛੇ ਕਰ ਲੈਂਦਾ ਹੈ ਕਿ ਉਹ ਇਸ ਸੁਣਵਾਈ ਕਰਨ ਦੇ ਕਾਬਲ ਨਹੀਂ। ਕੀ ਇਸ ਜੱਜ ਨੂੰ ਅਸਤੀਫ਼ਾ ਨਹੀਂ ਦੇ ਦੇਣਾ ਚਾਹੀਦਾ ? ਜੱਜ ਬਣਨ ਲਈ ਉਸ ਨੇ ਕਿੰਨੀ ਪੜ੍ਹਾਈ ਕੀਤੀ ਹੋਵੇਗੀ, ਜੇ ਫਿਰ ਵੀ ਕਾਬਲ ਨਹੀਂ ਤਾਂ ਫਿਰ ਕੀ ਉਹ ਲੋਕਾਂ ਨਾਲ ਧੋਖਾ ਨਹੀਂ ਕਰ ਰਿਹਾ ? ਬਿਨਾ ਕੇਸ ਚਲਾਏ ਕਿਸੇ ਨੂੰ ਜੇਲ੍ਹ 'ਚ ਰੱਖ ਕੇ ਜ਼ਮਾਨਤ ਵੀ ਨਾ ਦੇਣੀ ਕਿਹੜੀ ਕਾਨੂੰਨੀ ਪ੍ਰਕਿਰਿਆ ਹੈ ?

ਉੱਘੇ ਵਕੀਲ ਕਪਿਲ ਸਿੱਬਲ ਨੇ 20 ਮਿੰਟ ਵਿੱਚ ਇਸ ਕੇਸ ਦੀ ਬੇਗੁਨਾਹੀ ਦੱਸਣ ਲਈ ਸਮਾਂ ਮੰਗਿਆ ਸੀ , ਪਰ ਉਸ ਨੂੰ ਸਮਾਂ ਨਹੀਂ ਦਿੱਤਾ ਗਿਆ।ਇਸ 'ਤੇ ਦੁੱਖ ਜ਼ਾਹਰ ਕਰਦਿਆਂ ਉਸ ਨੇ ਕਿਹਾ ਕਿ ਚੀਫ਼ ਜਸਟਿਸ ਪ੍ਰਧਾਨ ਮੰਤਰੀ ਨੂੰ ਗਣੇਸ਼ ਪੂਜਾ ਲਈ ਸਮਾਂ ਦੇ ਸਕਦੇ ਹਨ, ਪਰ ਜੋ ਉਹਨਾ ਦੀ ਜ਼ੁੰਮੇਵਾਰੀ ਹੈ, ਉਸ ਲਈ 20 ਮਿੰਟ ਨਹੀਂ ਦੇ ਸਕਦੇ।ਉਸ ਨੇ ਸਵਾਲ ਕੀਤਾ ਹੈ ਕਿ ਨਿਆਂ ਦੇਣ ਲਈ ਜੱਜਾਂ ਨੂੰ ਕਿਸ ਤੋਂ ਡਰ ਲਗਦਾ ਹੈ ? ਜਿਹੜੇ ਲੋਕਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ ,ਉਹਨਾਂ ਦੇ ਸਾਲਾਂਬੱਧੀ ਜੇਲ੍ਹ ਵਿੱਚ ਰਹਿਣ ਦੇ ਬਾਵਜੂਦ ਕੇਸ ਟ੍ਰਾਇਲ ਸ਼ੁਰੂ ਨਹੀਂ ਹੋਏ, ਤਾਂ ਅਜਿਹੀ ਨਿਆਂ ਵਿਵਸਥਾ ਕਿਸ ਕੰਮ ਦੀ ? ਉਹਨਾਂ ਦੇਸ਼ ਦੇ ਵਿਕਾਸ ਲਈ ਵੀ ਟਿੱਪਣੀ ਕਰਦਿਆਂ ਕਿਹਾ ਕਿ ਧਾਰਮਿਕ ਅਸਥਾਨਾਂ ਦੇ ਵਿਕਾਸ ਨੂੰ ਵਿਕਾਸ ਨਹੀਂ ਕਿਹਾ ਜਾਂਦਾ, ਸਗੋਂ ਰੋਜ਼ਗਾਰ ਦੇ ਕੇ, ਮਹਿੰਗਾਈ 'ਤੇ ਕੰਟਰੋਲ ਕਰਕੇ ਲੋਕਾਂ ਦਾ ਜੀਵਨ ਪੱਧਰ ਸੁਧਾਰਨਾ ਹੁੰਦਾ ਹੈ। ਜਹਾਜ਼ਾਂ ਰਾਹੀਂ ਚੋਣ ਪ੍ਰਚਾਰ ਕਰਨ ਵਾਲਿਆਂ ਪਾਸੋਂ ਗਰੀਬੀ ਤੇ ਮਹਿੰਗਾਈ ਤੋਂ ਛੁਟਕਾਰੇ ਦੀ ਆਸ ਨਾ ਰੱਖੋ।

ਅਜਿਹੇ ਸਮੇਂ ਹੀ ਦੇਸ਼ ਵਿੱਚ ਮਨੁੱਖੀ ਹੱਕਾਂ ਦੀ ਪਹਿਰੇਦਾਰੀ ਕਰ ਰਹੇ ਸਟੈਨ ਸਵਾਮੀ ਨੂੰ ਜ਼ਮਾਨਤ ਨਾ ਦੇ ਕੇ ਜੇਲ੍ਹ ਵਿਚ ਹੀ ਆਪਣੀ ਜਾਨ ਦੇਣੀ ਪਈ, ਜਿਸ ਨੂੰ ਸਿੱਧੇ ਤੌਰ 'ਤੇ ਇਕ ਸਿਆਸੀ ਕਤਲ ਕਹਿਣਾ ਕੋਈ ਅਤਿਕਥਨੀ ਨਹੀਂ।ਇਕ ਪਾਸੇ ਸਰਕਾਰੀ ਅਸਰ ਰਸੂਖ ਵਾਲਿਆਂ ਲਈ ਰਾਤ ਨੂੰ ਵੀ ਅਦਾਲਤ ਲਗਾ ਕੇ ਰਾਹਤ ਦਿੱਤੀ ਜਾ ਸਕਦੀ ਹੈ, ਦੂਜੇ ਪਾਸੇ ਸੱਚ ਦੀ ਆਵਾਜ਼ ਉਠਾਉਣ ਵਾਲਿਆਂ ਲਈ ਦਿਨ ਵਿੱਚ ਵੀ ਅਦਾਲਤੀ ਪ੍ਰਕਿਰਿਆ ਬੰਦ ਹੈ, ਜੇ ਕਾਨੂੰਨ ਸਭ ਲਈ ਬਰਾਬਰ ਹੈ ਤਾਂ ਅਜਿਹਾ ਕਿਉਂ ?

ਇਸੇ ਤਰ੍ਹਾਂ ਬਲਾਤਕਾਰੀ ਰਾਮ ਰਹੀਮ ਜੋ ਉਮਰ ਕੈਦ ਭੁਗਤ ਰਿਹਾ ਹੈ, ਉਸ ਨੂੰ ਇਸ 4 ਸਾਲ ਵਿੱਚ ਅਨੇਕਾਂ ਵਾਰ ਪੈਰੋਲ ਦੇਣ ਦਾ ਕਿਹੜਾ ਕਾਨੂੰਨ ਹੈ ? ਬਿਲਕਿਸ ਬਾਨੋ ਦੇ ਬਲਾਤਕਾਰੀ ਮੁਜ਼ਰਮਾਂ ਨੂੰ ਚੰਗੇ ਸੰਸਕਾਰੀ ਹੋਣ ਦਾ ਸਰਟੀਫਿਕੇਟ ਦੇ ਕੇ ਬਰੀ ਕਰਵਾਉਣ ਵਾਲਿਆਂ ਅਤੇ ਉਹਨਾਂ ਦੀ ਆਓ ਭਗਤ ਲਈ ਗਲ਼ਾਂ ਵਿੱਚ ਹਾਰ ਪਾ ਕੇ, ਮਿਠਿਆਈਆਂ ਵੰਡਣ ਵਾਲਿਆਂ ਖਿਲਾਫ ਕੋਈ ਕਾਨੂੰਨ ਕਿਉਂ ਨਹੀਂ ਹੈ ?

ਕੁਝ ਦਿਨ ਪਹਿਲਾਂ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਵਿੱਚ ਜਮਹੂਰੀ ਕਾਰਕੁਨਾਂ, ਕਿਸਾਨ ਆਗੂਆਂ ਦੇ ਘਰਾਂ ਵਿੱਚ ਆਈ ਐੱਨ ਏ ਦੀਆਂ ਟੀਮਾਂ ਵੱਲੋਂ ਛਾਪੇ ਮਾਰੀ ਕਰ ਕੇ ਦਹਿਸ਼ਤ ਫੈਲਾਉਣ ਦੇ ਯਤਨ ਕੀਤੇ ਗਏ। ਉੱਘੇ ਵਿਸ਼ਲੇਸ਼ਕ ਅਤੇ ਅਲੋਚਕ ਮਾਲਵਿੰਦਰ ਸਿੰਘ ਮਾਲੀ ਵਿਰੁੱਧ ਬਿਨਾਂ ਕਿਸੇ ਠੋਸ ਅਧਾਰ ਤੋਂ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ।

ਦੇਸ਼ ਭਰ ਵਿੱਚ ਔਰਤਾਂ ਦੀ ਸੁਰੱਖਿਆ ਦਾ ਮੁੱਦਾ ਬੇਹੱਦ ਗੰਭੀਰ ਬਣਿਆ ਹੋਇਆ ਹੈ , ਸਰਕਾਰੀ ਸਰਪ੍ਰਸਤੀ ਹੇਠ ਥਾਣਿਆਂ, ਹਸਪਤਾਲਾਂ, ਧਾਰਮਿਕ ਥਾਵਾਂ ਸਮੇਤ ਸਕੂਲਾਂ, ਕਾਲਜਾਂ ਵਿੱਚ ਵੀ ਉਹ ਸੁਰੱਖਿਅਤ ਨਹੀਂ ਹਨ । ਬਹੁਤੀ ਵਾਰ ਉਹਨਾਂ ਨਾਲ ਬਦਫੈਲੀਆਂ ਕਰਨ ਵਾਲਿਆਂ ਦਾ ਸੰਬੰਧ ਸਰਕਾਰੀ ਤੰਤਰ ਨਾਲ ਹੁੰਦਾ ਹੈ, ਜੋ ਅਕਸਰ ਹੀ ਸਪੱਸ਼ਟ ਹੋ ਜਾਂਦਾ ਹੈ।

ਦੇਸ਼ ਦੀ ਅਜਿਹੀ ਵਿਵਸਥਾ ਦਾ ਖ਼ਾਤਮਾ ਕਰਨ ਲਈ ਲੋਕਾਂ ਨੂੰ ਚੇਤਨ ਕਰਨਾ ਬੇਹੱਦ ਜ਼ਰੂਰੀ ਸਮਝਦੇ ਹੋਏ ਪੰਜਾਬ ਵਿੱਚ ਜਮਹੂਰੀ, ਤਰਕਸ਼ੀਲ ਅਤੇ ਜਨਤਕ ਜਥੇਬੰਦੀਆਂ ਵੱਲੋਂ ਸਾਂਝੀ ਮੁਹਿੰਮ ਚਲਾਈ ਜਾ ਰਹੀ ਹੈ, ਕਿਉਂਕਿ ਲੋਕ ਤਾਕਤ ਨਾਲ ਹੀ ਹਰ ਤਰ੍ਹਾਂ ਦੀ ਦਹਿਸ਼ਤ ਪਾਊ ਤਾਨਾਸ਼ਾਹ ਰਾਜਨੀਤੀ , ਲੋਕ ਵਿਰੋਧੀ ਕਾਨੂੰਨ ਵਿਵਸਥਾ ਅਤੇ ਧਰਮਾਂ, ਜਾਤਾਂ ਦੇ ਨਾਂਅ 'ਤੇ ਮਨੁੱਖਤਾ ਨੂੰ ਵੰਡਣ ਵਾਲੀਆਂ ਤਾਕਤਾਂ ਸਮੇਤ ਹਰ ਤਰ੍ਹਾਂ ਦੀਆਂ ਗੁੰਡਾ ਪ੍ਰਵਿਰਤੀ ਰੱਖਣ ਵਾਲੀਆਂ ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ।

***ਸੰਪਰਕ : 98151-69825***

5-OCT-PAGE-5.qxd 10/4/2024 8:23 PM Page 1



# ਏ ਡੀ ਸੀ ਫਿਰੋਜ਼ਪੁਰ ਖਿਲਾਫ ਮਜ਼ਦੂਰ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ

## ਏ ਡੀ ਸੀ ਮਿੱਡ ਡੇ ਮੀਲ ਕੁੱਕ ਯੂਨੀਅਨ ਤੋਂ ਮੰਗੇ ਮਾਫੀ : ਵਿਜੇ ਧੀਰ

**ਮੋਗਾ (ਇਕਬਾਲ ਸਿੰਘ ਖਹਿਰਾ)**

ਬੀਤੇ ਦਿਨ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਦੀ ਅਗਵਾਈ ਵਿੱਚ ਫਿਰੋਜ਼ਪੁਰ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਮਿੱਡ ਡੇ ਮੀਲ ਕੁੱਕ ਯੂਨੀਅਨ ਦੀਆਂ ਸੈਂਕੜੇ ਕਾਰਕੁਨਾਂ ਨੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦਫਤਰ ਅੱਗੇ ਰੋਸ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਦੀ ਪ੍ਰਧਾਨਗੀ ਮਿੱਡ ਡੇ ਮੀਲ ਕੁੱਕ ਯੂਨੀਅਨ ਫਿਰੋਜ਼ਪੁਰ ਦੀ ਜ਼ਿਲ੍ਹਾ ਪ੍ਰਧਾਨ ਸੰਧਿਆ ਘਾਰੂ ਨੇ ਕੀਤੀ। ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਆਗੂ ਜਦ ਆਪਣਾ ਮੰਗ ਪੱਤਰ ਦੇਣ ਲਈ ਏ ਡੀ ਸੀ ਮੈਡਮ ਸਨਮੁੱਖ ਪੇਸ਼ ਹੋਏ ਤਾਂ ਪਹਿਲਾਂ ਏ ਡੀ ਸੀ ਮੈਡਮ ਡਾਕਟਰ ਨਿਧੀ ਨੇ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਨਾਲ ਦੁਰਵਿਹਾਰ ਕਰਦਿਆਂ ਉਨ੍ਹਾਂ ਨੂੰ ਇੱਕ ਪਾਸੇ ਹੋ ਜਾਣ ਲਈ ਕਿਹਾ ਅਤੇ ਕਿਹਾ ਕਿ ਉਹ ਕੇਵਲ ਖਾਣਾ ਬਣਾਉਣ ਵਾਲੀਆਂ ਬੀਬੀਆਂ ਨਾਲ ਹੀ ਗੱਲ ਕਰਨਗੇ। ਇਸ ਦੇ ਨਾਲ ਹੀ ਏ ਡੀ ਸੀ ਮੈਡਮ ਨੇ ਅੰਗਰੇਜ਼ੀ ਭਾਸ਼ਾ ਵਿੱਚ ਮੰਗ ਪੱਤਰ ਦੇਣ ਵਾਲੇ ਆਗੂਆਂ ਨੂੰ ਅਜਿਹਾ ਮਜ਼ਾਕ ਕੀਤਾ ਕਿ ਏ ਡੀ ਸੀ ਮੈਡਮ ਦੇ ਇਰਦ ਗਿਰਦ ਅਫਸਰ ਠਹਾਕੇ ਮਾਰ ਕੇ ਹੱਸ ਪਏ, ਜਿਸ ਕਾਰਨ ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਸੈਂਕੜੇ ਕਾਰਜਕਰਤਾ ਗੁੱਸੇ ਵਿੱਚ ਭੜਕ ਪਏ ਤੇ ਉਨ੍ਹਾਂ ਜੰਮ ਕੇ ਏ ਡੀ ਸੀ ਮੈਡਮ ਡਾਕਟਰ ਨਿਧੀ ਵਿਰੁੱਧ ਨਾਰੇਬਾਜ਼ੀ ਕੀਤੀ ਅਤੇ ਏ ਡੀ ਸੀ ਮੈਡਮ ਦੇ ਤੁਰੰਤ ਤਬਾਦਲੇ ਦੀ ਮੰਗ ਕੀਤੀ। ਇਨ੍ਹਾਂ ਮਿੱਡ ਡੇ ਮੀਲ ਕੁੱਕਾਂ ਦੇ ਸਮਰਥਨ ਵਿੱਚ ਅੱਜ ਮੋਗਾ ਵਿਖੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਦੀ ਅਗਵਾਈ ਵਾਲੀਆਂ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਰੋਸ ਪ੍ਰਦਰਸ਼ਨ ਕੀਤਾ ਤੇ ਪੰਜਾਬ ਸਰਕਾਰ ਤੋਂ ਇਸ ਮਾਮਲੇ ਵਿੱਚ ਦੋਸ਼ੀ ਏ ਡੀ ਸੀ ਮੈਡਮ ਫਿਰੋਜ਼ਪੁਰ ਵਿਰੁੱਧ ਢੁੱਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਏ ਡੀ ਸੀ ਮੈਡਮ ਦੇ ਦੁਰਵਿਹਾਰ ਨਾਲ ਇਨ੍ਹਾਂ ਗਰੀਬ ਮਿੱਡ ਡੇ ਮੀਲ ਕੁੱਕਾਂ ਦੇ ਦਿਲਾਂ ਨੂੰ ਠੇਸ ਲੱਗੀ ਹੈ। ਉਨ੍ਹਾਂ ਕਿਹਾ ਕਿ ਏ ਡੀ ਸੀ ਮੈਡਮ ਨੂੰ ਇਨ੍ਹਾਂ ਮਿੱਡ ਡੇ ਮੀਲ ਕੁੱਕਾਂ ਤੋਂ ਤੁਰੰਤ ਮਾਫੀ ਮੰਗ ਲੈਣੀ ਚਾਹੀਦੀ ਹੈ। ਇਸ ਮੌਕੇ ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ ਤੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਮੈਂਬਰ ਪਾਰਲੀਮੈਂਟ ਕੇਵਲ ਸਿੰਘ, ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ, ਪ੍ਰਵੀਨ ਕੁਮਾਰ ਸ਼ਰਮਾ, ਜਸਵਿੰਦਰ ਸਿੰਘ ਡੱਡ, ਮੇਜਰ ਸਿੰਘ ਲੰਡੇ ਕੇ, ਜਸਵੰਤ ਸਿੰਘ ਜੱਸਾ, ਰਿੰਪੀ, ਹਨੀ, ਰਾਮ ਜੀ, ਰਾਜਾ ਪ੍ਰਜਾਪਤੀ, ਬੱਬੂ, ਹਰਭਗਵਾਨ ਟੋਨੀ, ਗੁਰਚਰਨ ਸਿੰਘ ਬਰੋਨਾ, ਵਿਜੇ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।


ਮੋਗਾ ਵਿਖੇ ਰੋਸ ਪ੍ਰਦਰਸ਼ਨ ਕਰਦੇ ਹੋਏ ਮਜ਼ਦੂਰ ਜਥੇਬੰਦੀਆਂ ਦੇ ਆਗੂ।

# ਜੇਲ੍ਹਾਂ 'ਚ ਜਾਤੀ ਵਿਤਕਰੇ ਸੰਬੰਧੀ ਸੁਪਰੀਮ ਕੋਰਟ ਦੇ ਫੈਸਲੇ ਦਾ ਸੀ ਪੀ ਆਈ ਵੱਲੋਂ ਸਵਾਗਤ

## *ਦੰਡ ਨਿਆਂ ਪ੍ਰਣਾਲੀ 'ਚ ਵਿਆਪਕ ਸੁਧਾਰਾਂ ਦੀ ਕੀਤੀ ਮੰਗ*

**ਲੁਧਿਆਣਾ (ਐੱਮ ਐੱਸ ਭਾਟੀਆ)**-ਨਵੀਂ ਦਿੱਲੀ ਤੋਂ ਜਾਰੀ ਬਿਆਨ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ. ਰਾਜਾ ਨੇ ਕਿਹਾ ਹੈ ਕਿ ਭਾਰਤੀ ਜੇਲ੍ਹਾਂ ਵਿੱਚ ਫੈਲੇ ਜਾਤੀ ਵਿਤਕਰੇ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੇ ਜਾਤ ਦੀ ਬੇਰਹਿਮ ਹਕੀਕਤ ਤੇ ਜਨਮ ਦੇ ਅਧਾਰ 'ਤੇ ਵਿਤਕਰੇ ਦੀ ਸਰਵ ਵਿਆਪਕ ਪ੍ਰਕਿਰਤੀ ਨੂੰ ਫਿਰ ਤੋਂ ਸਾਹਮਣੇ ਲਿਆਂਦਾ ਹੈ।ਜੇਲ੍ਹਾਂ ਵਿੱਚ ਐੱਸ ਸੀ, ਐੱਸ ਟੀ ਤੇ ਓ ਬੀ ਸੀ ਸਮੂਹਾਂ ਦੇ ਕੈਦੀਆਂ ਨੂੰ ਪਖਾਨੇ ਦੀ ਸਫ਼ਾਈ ਵਰਗੀ ਮਜ਼ਦੂਰੀ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਜਦੋਂ ਕਿ ਅਖੌਤੀ ਉੱਚ ਜਾਤੀਆਂ ਦੇ ਕੈਦੀਆਂ ਨੂੰ ਰਸੋਈ ਵਿੱਚ ਕੰਮ ਕਰਨ ਵਰਗੇ 'ਸਤਿਕਾਰਯੋਗ' ਮਜ਼ਦੂਰਾਂ ਲਈ ਲਿਆ ਜਾਂਦਾ ਹੈ।ਸੁਪਰੀਮ ਕੋਰਟ ਨੇ ਇਸ ਪ੍ਰਥਾ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਹੈ ਤੇ ਜੇਲ੍ਹ ਦੇ ਰਜਿਸਟਰਾਂ ਵਿੱਚ ਜਾਤੀ ਦੇ ਕਾਲਮ ਨੂੰ ਹਟਾਉਣ ਦੇ ਆਦੇਸ਼ ਦਿੱਤੇ ਹਨ, ਜੋ ਕਿ ਦੇਰ ਨਾਲ ਚੁੱਕਿਆ ਗਿਆ, ਪਰ ਸਵਾਗਤਯੋਗ ਕਦਮ ਹੈ।

ਫੈਸਲੇ ਦਾ ਸੁਆਗਤ ਕਰਦੇ ਹੋਏ ਸੀ ਪੀ ਆਈ ਸਮਾਜਿਕ-ਨਿਆਂ ਦੇ ਮਾਰਗ 'ਤੇ ਚੱਲਣ ਵਾਲਿਆਂ ਨੂੰ ਇਹ ਯਕੀਨੀ ਬਣਾਉਣ ਲਈ ਬੇਨਤੀ ਕਰਦੀ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਨੂੰ ਸਾਰੇ ਰਾਜਾਂ ਵਿੱਚ ਅੱਖਰ ਤੇ ਭਾਵਨਾ ਨਾਲ ਲਾਗੂ ਕੀਤਾ ਜਾਵੇ।ਜਾਤੀ ਵਿਤਕਰੇ ਦਾ ਭਿਆਨਕ ਚਿਹਰਾ ਸਿਰਫ਼ ਰਜਿਸਟਰਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਸਭ ਉਨ੍ਹਾਂ ਲੋਕਾਂ ਲਈ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਜਾਤ-ਪਾਤ ਦੇ ਹੇਠਲੇ ਪੱਧਰ 'ਤੇ ਰਹਿਣ ਦੀ ਨਿੰਦਾ ਕੀਤੀ ਜਾਂਦੀ ਹੈ।ਇਸ ਤਰ੍ਹਾਂ, ਜਾਤੀ ਵਿਤਕਰੇ ਵਿਰੁੱਧ ਸਾਡੇ ਸੰਘਰਸ਼ ਨੂੰ ਬਹੁ-ਸਿਰ ਵਾਲੇ ਰਾਖਸ਼ ਦੇ ਸਾਰੇ ਸਿਰਾਂ ਨਾਲ ਨਜਿੱਠਣਾ ਚਾਹੀਦਾ ਹੈ।ਡਾ. ਅੰਬੇਡਕਰ ਦੀ ਕਹਾਵਤ ਕਿ ਜਾਤ-ਪਾਤ ਦੇ ਵਿਨਾਸ਼ ਤੋਂ ਸਿਵਾਏ ਕੁਝ ਵੀ ਜਾਤੀ ਨੂੰ ਮੁਕਤ ਨਹੀਂ ਕਰ ਸਕਦਾ, ਸਾਡਾ ਮਾਰਗ ਦਰਸ਼ਕ ਹੋਣਾ ਚਾਹੀਦਾ ਹੈ।ਇਸ ਦੇ ਨਾਲ ਹੀ ਸੁਪਰੀਮ ਕੋਰਟ ਦਾ ਫੈਸਲਾ ਪੁਲਸ, ਜੇਲ੍ਹ ਤੇ ਨਿਆਂ ਪ੍ਰਣਾਲੀ ਦੀ ਹਾਲਤ 'ਤੇ ਝਾਤ ਮਾਰਨ ਦਾ ਵੀ ਮੌਕਾ ਹੈ।ਸੀ ਪੀ ਆਈ ਹਮੇਸ਼ਾ ਹੀ ਜੇਲ੍ਹ, ਪੁਲਸ ਤੇ ਨਿਆਂਇਕ ਸੁਧਾਰਾਂ ਦੀ ਮਜ਼ਬੂਤ ਹਮਾਇਤੀ ਰਹੀ ਹੈ।ਸੀ ਪੀ ਆਈ ਆਗੂ ਕਾਮਰੇਡ ਇੰਦਰਜੀਤ ਗੁਪਤਾ ਦੇ ਗ੍ਰਹਿ ਮੰਤਰੀ ਦੇ ਕਾਰਜਕਾਲ ਵਿੱਚ, ਉਨ੍ਹਾਂ ਨੇ ਦੇਸ਼ ਦੀ ਦੰਡ ਨਿਆਂ ਪ੍ਰਣਾਲੀ ਨੂੰ ਮਾਨਵੀ ਤੇ ਲੋਕਤੰਤਰੀ ਨਿਯਮਾਂ ਦੇ ਅਨੁਸਾਰ ਬਣਾਉਣ ਦੀ ਕੋਸ਼ਿਸ਼ ਕੀਤੀ।ਸਾਨੂੰ ਦੰਡ ਨਿਆਂ ਪ੍ਰਣਾਲੀ ਦੇ ਵਿਆਪਕ ਸੁਧਾਰ ਲਈ ਅੱਗੇ ਵਧਣਾ ਚਾਹੀਦਾ ਹੈ ਤੇ ਵਿਤਕਰੇ ਲਈ ਕੋਈ ਥਾਂ ਨਹੀਂ ਛੱਡਣੀ ਚਾਹੀਦੀ।

# ਸ਼ੈਲਰ ਮਾਲਕਾਂ ਤੇ ਆੜ੍ਹਤੀਆਂ ਦੀ ਹੜਤਾਲ ਕਾਰਨ ਝੋਨੇ ਦੀ ਖਰੀਦ ਪ੍ਰਭਾਵਤ

**ਪਟਿਆਲਾ (ਰਜਿੰਦਰ ਸਿੰਘ ਥਿੰਦ)**

ਝੋਨੇ ਦੀ ਖਰੀਦ ਦਾ ਸੰਕਟ ਦਿਨੋਂ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ।ਸ਼ੈਲਰ ਮਾਲਕ ਪਹਿਲਾਂ ਹੀ ਸਰਕਾਰ ਨੂੰ ਸਟੋਰੇਜ ਕਰਨ ਤੋਂ ਕੋਰੀ ਨਾਂਹ ਕਰ ਚੁੱਕੇ ਹਨ। ਹੁਣ ਖਰੀਦ ਏਜੰਸੀਆਂ ਦੇ ਇੰਸਪੈਕਟਰਾਂ ਨੇ ਵੀ ਖਰੀਦ ਕਰਨ ਤੋਂ ਨਾਂਹ ਕਰ ਦਿੱਤੀ ਹੈ।ਸਾਰੀਆਂ ਖਰੀਦ ਏਜੰਸੀਆਂ ਦੀ ਸਾਂਝਾ ਤਾਲਮੇਲ ਕਮੇਟੀ ਨੇ ਇਸ ਮਾਮਲੇ 'ਚ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੂੰ ਪੱਤਰ ਲਿਖ ਕੇ ਆਪਣੇ ਇਸ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਹੈ।ਖਰੀਦ ਏਜੰਸੀਆਂ ਦੇ ਇੰਸਪੈਕਟਰਾਂ ਤੇ ਖਰੀਦ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ੈਲਰ ਮਾਲਕਾਂ ਦੀ ਹੜਤਾਲ ਕਾਰਨ ਇਸ ਵਾਰ ਸ਼ੈਲਰਾਂ ਨੂੰ ਕੋਈ ਅਲਾਟਮੈਂਟ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਐਗਰੀਮੈਂਟ ਕੀਤਾ ਗਿਆ ਹੈ, ਜਿਸ ਕਾਰਨ ਮੰਡੀਆਂ 'ਚ ਜਿਹੜਾ ਝੋਨਾ ਖਰੀਦਿਆ ਜਾ ਰਿਹਾ ਹੈ, ਉਸ ਦੀ ਸਟੋਰੇਜ ਨਹੀਂ ਹੋ ਰਹੀ। ਅਜਿਹੇ 'ਚ ਸਟੋਰੇਜ ਨਾ ਹੋਣ ਕਾਰਨ ਝੋਨੇ ਦੀ ਸ਼ਾਰਟੇਜ ਲਈ ਕੌਣ ਜ਼ਿੰਮੇਵਾਰ ਹੋਵੇਗਾ?

ਸਾਂਝਾ ਤਾਲਮੇਲ ਕਮੇਟੀ ਨੇ ਸਾਫ ਕਰ ਦਿੱਤਾ ਹੈ ਕਿ ਜਦੋਂ ਤੱਕ ਸ਼ੈਲਰ ਮਾਲਕਾਂ ਦੀ ਹੜਤਾਲ ਨਹੀਂ ਖੁੱਲ੍ਹਦੀ, ਉਦੋਂ ਤੱਕ ਹੋਰ ਖਰੀਦ ਨਹੀਂ ਕਰਨਗੇ।ਜਦੋਂ ਸ਼ੈਲਰ ਮਾਲਕਾਂ ਦੀ ਹੜਤਾਲ ਖੁੱਲ੍ਹ ਜਾਂਦੀ ਹੈ ਤਾਂ ਫਿਰ ਉਨ੍ਹਾਂ ਵੱਲੋਂ ਨਾਲ ਦੀ ਨਾਲ ਖਰੀਦ ਸ਼ੁਰੂ ਕਰ ਦਿੱਤੀ ਜਾਵੇਗੀ।ਦੱਸਣਯੋਗ ਹੈ ਕਿ ਸ਼ੈਲਰ ਮਾਲਕਾਂ ਦੀ ਹੜਤਾਲ ਲਗਾਤਾਰ ਜਾਰੀ ਹੈ ਤੇ ਸ਼ੈਲਰ ਮਾਲਕਾਂ ਵੱਲੋਂ ਅੱਜ ਵੀ ਅਲਾਟਮੈਂਟ ਲਈ ਆਪਣੇ ਦਸਤਾਵੇਜ਼ ਨਹੀਂ ਦਿੱਤੇ ਗਏ, ਜਿਸ ਕਾਰਨ ਸਥਿਤੀ ਜਿਉਂ ਦੀ ਤਿਉਂ ਬਣੀ ਰਹੀ। ਖਰੀਦ ਏਜੰਸੀਆਂ ਦੇ ਇੰਸਪੈਕਟਰਾਂ ਅਤੇ ਖਰੀਦ ਅਧਿਕਾਰੀਆਂ ਦੇ ਇਸ ਫੈਸਲੇ ਨਾਲ ਸਰਕਾਰ ਵੱਲੋਂ ਜਿਹੜੀ ਝੋਨੇ ਦੀ ਖਰੀਦ ਸ਼ੁਰੂ ਕਰਨ ਦੇ ਦਾਅਵੇ ਕੀਤੇ ਜਾ ਰਹੇ ਸਨ, ਉਹ ਵੀ ਹਵਾ ਹਵਾਈ ਸਾਬਿਤ ਹੋਏ।ਸਰਕਾਰ ਵੱਲੋਂ ਪਿਛਲੇ 2 ਦਿਨਾਂ ਤੋਂ ਮੰਡੀਆਂ 'ਚ ਅਧਿਕਾਰੀਆਂ ਨੂੰ ਭੇਜ ਕੇ ਖਰੀਦ ਕਰਨ ਦੇ ਦਾਅਵੇ ਕੀਤੇ ਜਾ ਰਹੇ ਸਨ, ਉਹ ਅਧਿਕਾਰੀ ਵੀ ਅੱਜ ਮੰਡੀਆਂ 'ਚ ਨਜ਼ਰ ਨਹੀਂ ਆਏ।ਅੱਜ ਮੰਡੀਆਂ ਵਿੱਚ ਸਿਰਫ ਕਿਸਾਨ ਆਪਣੀਆਂ ਫਸਲਾਂ ਲੈ ਕੇ ਪੂਰਾ ਦਿਨ ਖਰੀਦ ਕਰਨ ਵਾਲਿਆਂ ਦੀ ਉਡੀਕ ਕਰਦੇ ਰਹੇ ਤੇ ਸ਼ਾਮ ਤੱਕ ਕੋਈ ਵੀ ਮੰਡੀਆਂ 'ਚ ਨਹੀਂ ਪੁੱਜਿਆ।ਇੱਧਰ ਮੰਡੀਆਂ 'ਚ ਝੋਨੇ ਦੀ ਆਮਦ ਤੇਜ਼ੀ ਨਾਲ ਹੋ ਰਹੀ ਹੈ, ਜੇਕਰ ਇਹੀ ਹਾਲਾਤ ਰਹੇ ਤਾਂ ਅਗਲੇ 2-3 ਦਿਨਾਂ 'ਚ ਮੰਡੀਆਂ ਵਿੱਚ ਝੋਨਾ ਸੁੱਟਣ ਨੂੰ ਥਾਂ ਨਹੀਂ ਬਚੇਗੀ।

ਆੜ੍ਹਤੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਤੇ ਨਵੀਂ ਅਨਾਜ ਮੰਡੀ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਇੰਜੀ. ਸਤਵਿੰਦਰ ਸਿੰਘ ਸੈਣੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਜਲਦ ਤੋਂ ਜਲਦ ਸ਼ੈਲਰ ਮਾਲਕਾਂ ਦੀ ਹੜਤਾਲ ਨੂੰ ਖਤਮ ਕਰਵਾਏ ਤਾਂ ਕਿ ਖਰੀਦ ਦਾ ਕੰਮ ਸ਼ੁਰੂ ਹੋ ਸਕੇ। ਉਨ੍ਹਾਂ ਕਿਹਾ ਕਿ ਇੱਕ-ਇੱਕ ਦਿਨ ਬੀਤਣ ਨਾਲ ਸਥਿਤੀ ਕਾਫੀ ਜ਼ਿਆਦਾ ਗੰਭੀਰ ਹੋ ਰਹੀ ਹੈ ਅਤੇ ਦੋ-ਤਿੰਨ ਦਿਨਾਂ ਬਾਅਦ ਸਥਿਤੀ ਹੱਥੋਂ ਬਾਹਰ ਚਲੀ ਜਾਵੇਗੀ, ਜਿਸ ਨੂੰ ਕੰਟਰੋਲ ਕਰਨਾ ਮੁਸ਼ਕਲ ਹੋ ਜਾਵੇਗਾ। ਇਸ ਲਈ ਪੰਜਾਬ ਸਰਕਾਰ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।



## ਕਾਤਰਾਂ

### ਨਸ਼ੀਲੇ ਪਦਾਰਥ ਸਮੇਤ ਇੱਕ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖਮਾਣੋਂ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਨਸ਼ੀਲੇ ਪਦਾਰਥ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਥਾਣਾ ਖਮਾਣੋਂ ਦੀ ਇੱਕ ਪੁਲਿਸ ਪਾਰਟੀ ਮਨਸੂਰਪੁਰ ਰੋਡ 'ਤੇ ਚੈਕਿੰਗ ਕਰ ਰਹੀ ਸੀ, ਜਿਸ ਦੌਰਾਨ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ, ਜਿਸ ਨੇ ਪੁੱਛੇ ਜਾਣ ਤੇ ਆਪਣੀ ਪਹਿਚਾਣ ਸਪਿੰਦਰ ਸਿੰਘ ਉਰਫ ਸੁੱਖਾ ਵਾਸੀ ਪਿੰਡ ਮਨੈਲੀ ਵਜੋਂ ਦੱਸੀ।ਸਹਾਇਕ ਥਾਣੇਦਾਰ ਹਰਬੰਸ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਕਤ ਵਿਅਕਤੀ ਦੇ ਕਬਜ਼ੇ 'ਚੋਂ 5 ਗ੍ਰਾਮ 70 ਮਿਲੀਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ।ਥਾਣਾ ਖਮਾਣੋਂ ਵਿਖੇ ਅ/ਧ 21ਬੀ/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਸਪਿੰਦਰ ਸਿੰਘ ਉਰਫ ਸੁੱਖਾ ਨੂੰ ਗ੍ਰਿਫਤਾਰ ਕਰਕੇ ਖਮਾਣੋਂ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

### ਆਸਟ੍ਰੇਲੀਆ ਭੇਜਣ ਦਾ ਝਾਂਸਾ ਦੇ ਕੇ 3 ਲੱਖ ਠੱਗੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨੌਜਵਾਨ ਨੂੰ ਵਿਦੇਸ਼ ਆਸਟ੍ਰੇਲੀਆ ਭੇਜਣ ਦਾ ਝਾਂਸਾ ਦੇ ਕੇ 3 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 3749 ਰਾਹੀਂ ਲਵਪ੍ਰੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਭਾਰਤ ਨਗਰ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਮੁਲਜ਼ਮ ਅਸੀਸ ਕੁਮਾਰ ਉਰਫ ਵਿਸ਼ੂ ਪੁੱਤਰ ਹਰਬੰਸ ਲਾਲ ਵਾਸੀ ਰਿਖੀ ਕਾਲੋਨੀ ਸਿਟੀ ਫਿਰੋਜ਼ਪੁਰ ਨੇ ਉਸ ਨੂੰ ਵਿਦੇਸ਼ ਆਸਟ੍ਰੇਲੀਆ ਭੇਜਣ ਦਾ ਝਾਂਸਾ ਦੇ ਕੇ 3 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਪੂਜਾ ਮਹੰਤ ਨੇ ਕਰਾਇਆ ਵਿਸ਼ਾਲ ਜਾਗਰਣ

**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਭਾਈਕਾ ਵਿਖੇ ਪੂਜਾ ਮਹੰਤ ਵੱਲੋਂ ਮਾਤਾ ਦੇ ਪਹਿਲੇ ਨਵਰਾਤਰੇ ਵਿਸ਼ਾਲ ਜਾਗਰਣ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੁਜਾਰੀ ਟੇਕ ਚੰਦ ਵੱਲੋਂ ਸਮੇਤ ਟੀਮ ਵਿਸ਼ੇਸ ਹਾਜ਼ਰੀ ਭਰੀ ਗਈ। ਉੱਘੇ ਸਮਾਜ ਸੇਵੀ ਤੇ ਪ੍ਰਸਿੱਧ ਗਾਇਕ ਹਰਭਜਨ ਮਾਨ ਦੇ ਮਾਮਾ ਨਛੱਤਰ ਸਿੰਘ ਸਿੱਧੂ ਵੱਲੋਂ ਵਿਸ਼ੇਸ਼ ਹਾਜ਼ਰੀ ਭਰੀ ਗਈ। ਸ਼ਹਿਰ ਵਾਸੀਆਂ ਵੱਲੋਂ ਇਕੱਤਰ ਹੋ ਕੇ ਮਾਤਾ ਦੇ ਜਾਗਰਣ ਵਿੱਚ ਖੂਬ ਆਨੰਦ ਮਾਣਿਆ ਗਿਆ। ਇਸ ਮੌਕੇ ਸਮਾਜ ਸੇਵੀ ਬਬਲੇਸ਼ ਕੁਮਾਰ ਬੌਬੀ ਸਿੰਗਲਾ, ਬਹਾਦਰ ਸਿੰਘ, ਸੰਜੀਵ ਪੁਰੀ, ਵਿਕਾਸ ਕੁਮਾਰ, ਬੂਟਾ ਸਿੰਘ ਚੱਕੀ ਵਾਲੇ ਸਮੇਤ ਬਜ਼ਾਰ ਦੇ ਸਮੂਹ ਵਪਾਰੀ ਹਾਜ਼ਰ ਸਨ।

### ਨਾਬਾਲਿਗ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਵਾਲਾ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇੱਕ ਨੌਜਵਾਨ ਖਿਲਾਫ 137 (2), 96 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਨਾਬਾਲਿਗ ਲੜਕੀ ਦੇ ਪਿਤਾ ਨੇ ਦੱਸਿਆ ਕਿ ਉਸ ਦੀ ਨਾਬਾਲਿਗ ਲੜਕੀ (17 ਸਾਲ) ਨੂੰ ਦੋਸ਼ੀ ਸੌਰਵ ਪੁੱਤਰ ਨਛੱਤਰ ਸਿੰਘ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਗੁਰਦੀਪ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਅੰਤਮ ਦਿਨ ਉਮੀਦਵਾਰਾਂ ਦਾ ਉਮੜਿਆ ਸੈਲਾਬ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼ੁੱਕਰਵਾਰ ਪੰਚਾਇਤੀ ਚੋਣਾਂ ਸਬੰਧੀ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਅੰਤਿਮ ਦਿਨ ਸੀ ਅਤੇ ਉਮੀਦਵਾਰਾਂ ਦਾ ਦਫ਼ਤਰਾਂ ਵਿੱਚ ਤਾਂਤਾ ਲੱਗਿਆ ਰਿਹਾ। ਮਾਛੀਵਾੜਾ ਬਲਾਕ ਦੇ 116 ਪਿੰਡਾਂ ਵਿੱਚ ਸਰਪੰਚਾਂ ਤੇ ਪੰਚਾਂ ਦੀ ਚੋਣ ਸਬੰਧੀ ਪਹਿਲੇ ਦੋ ਦਿਨ ਤਾਂ 100 ਦੇ ਕਰੀਬ ਉਮੀਦਵਾਰਾਂ ਨੇ ਆਪਣੇ ਪੱਤਰ ਦਾਖਲ ਕੀਤੇ ਅਤੇ ਅੱਜ ਅੰਤਿਮ ਦਿਨ ਸੈਂਕੜੇ ਉਮੀਦਵਾਰ ਆਪਣੇ ਪੱਤਰ ਦਾਖਲ ਕਰਵਾਉਣ ਪੁੱਜੇ।

ਪੰਚਾਇਤ ਚੋਣਾਂ ਲਈ ਅੱਜ ਉਮੀਦਵਾਰ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਵਾਉਣ ਲਈ ਸਮਰਥਕਾਂ ਸਮੇਤ ਦਫ਼ਤਰਾਂ ਵਿਚ ਫਾਈਲਾਂ ਜਮ੍ਹਾਂ ਕਰਵਾਉਣ ਵਿੱਚ ਲੱਗੇ ਰਹੇ। ਬਾਅਦ ਦੁਪਹਿਰ 3 ਵਜੇ ਦਫ਼ਤਰਾਂ ਦੇ ਗੇਟ ਬੰਦ ਕਰ ਦਿੱਤੇ ਗਏ ਤੇ ਜੋ ਉਮੀਦਵਾਰ ਅੰਦਰ ਸਨ, ਉਨ੍ਹਾਂ ਦੀਆਂ ਫਾਈਲਾਂ ਲੈ ਲਈਆਂ ਅਤੇ ਜੋ ਉਮੀਦਵਾਰ 3 ਵਜੇ ਤੋਂ ਬਾਅਦ ਨਾਮਜ਼ਦਗੀ ਪੱਤਰ ਲੈ ਕੇ ਆਏ, ਉਨ੍ਹਾਂ ਨੂੰ ਬੇਰੰਗ ਵਾਪਸ ਮੋੜ ਦਿੱਤਾ ਗਿਆ। ਚੋਣ ਅਧਿਕਾਰੀਆਂ ਵੱਲੋਂ ਉਮੀਦਵਾਰਾਂ ਕੋਲੋਂ ਨਾਮਜ਼ਦਗੀ ਪੱਤਰ ਦੀਆਂ ਫਾਈਲਾਂ ਲੈ ਕੇ ਉਨ੍ਹਾਂ ਨੂੰ ਬਿਠਾ ਲਿਆ ਗਿਆ ਤੇ ਬਾਅਦ ਵਿੱਚ ਇਕੱਲੇ-ਇਕੱਲੇ ਨੂੰ ਬੁਲਾ ਕੇ ਉਸ ਦੀ ਰਸੀਦ ਦਿੱਤੀ ਗਈ, ਜਿਸ ਕਾਰਨ ਇਹ ਪ੍ਰਕਿਰਿਆ ਦਫ਼ਤਰਾਂ ਵਿੱਚ ਦੇਰ ਸ਼ਾਮ ਤੱਕ ਜਾਰੀ ਰਹੀ। ਅਧਿਕਾਰੀਆਂ ਅਨੁਸਾਰ ਕਿੰਨੇ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ, ਇਸ ਬਾਰੇ ਸੂਚੀ ਦੇਰ ਰਾਤ ਤੱਕ ਸਾਹਮਣੇ ਆਵੇਗੀ। ਭਲਕੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਤੇ ਇਤਰਾਜ਼ ਤੋਂ ਬਾਅਦ 7 ਅਕਤੂਬਰ ਨੂੰ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ। ਮਾਛੀਵਾੜਾ ਬਲਾਕ ਦੇ ਕਈ ਪਿੰਡਾਂ ਵਿਚ ਸਰਬ ਸੰਮਤੀ ਹੋ ਗਈ ਹੈ, ਜਿਸ ਦੀ ਸੂਚੀ ਨਾਮਜ਼ਦਗੀ ਪੱਤਰ ਵਾਪਸ ਲੈਣ ਵਾਲੇ ਦਿਨ ਲਗਾ ਦਿੱਤੀ ਜਾਵੇਗੀ ਤੇ ਉਸ ਪਿੰਡ ਵਿੱਚ ਚੋਣ ਨਹੀਂ ਹੋਵੇਗੀ।


ਨਾਮਜ਼ਦਗੀ ਪੱਤਰ ਦੇਰੀ ਨਾਲ ਜਮ੍ਹਾਂ ਕਰਵਾਉਣ ਆਉਣ 'ਤੇ ਗੇਟ ਦੇ ਬਾਹਰ ਖੜ੍ਹੇ ਉਮੀਦਵਾਰ।

# ਪੰਜਾਬ ਕਿਸਾਨ ਯੂਨੀਅਨ ਵੱਲੋਂ ਜੋਗਾ ਥਾਣੇ ਅੱਗੇ ਧਰਨਾ ਅੱਜ

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਕਿਸਾਨ ਯੂਨੀਅਨ ਜ਼ਿਲ੍ਹਾ ਕਮੇਟੀ ਮਾਨਸਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਹੋਈ।ਜਥੇਬੰਦੀ ਦੇ ਸੂਬਾਈ ਆਗੂ ਰੁਲਦੂ ਸਿੰਘ ਮਾਨਸਾ ਤੇ ਗੋਰਾ ਸਿੰਘ ਭੈਣੀਬਾਘਾ ਨੇ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ, ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਜੋਗਾ ਥਾਣੇ ਵਿਖੇ ਕਿਸੇ ਜਨਤਕ ਕੇਸ ਦੌਰਾਨ ਜਥੇਬੰਦੀ ਦੇ ਕੁਝ ਆਗੂ ਥਾਣਾ ਜੋਗਾ ਵਿਖੇ ਪਹੁੰਚੇ ਤਾਂ ਥਾਣੇ 'ਚ ਤਾਇਨਾਤ ਹੌਲਦਾਰ ਤਜਿੰਦਰ ਸਿੰਘ ਵੱਲੋਂ ਜੋਗੇ ਦੇ ਕਿਸਾਨ ਆਗੂ ਨਾਲ ਬਦਤਮੀਜ਼ੀ ਕੀਤੀ ਗਈ।ਇਸ ਸਬੰਧੀ ਥਾਣੇ ਵਿੱਚ ਦਰਖਾਸਤ ਵੀ ਦਿੱਤੀ ਗਈ ਸੀ ਤੇ ਮਸਲਾ ਐੱਸ ਐੱਸ ਪੀ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਸੀ ਕਿ ਹੌਲਦਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇ, ਪ੍ਰੰਤੂ ਕਿਸਾਨ ਆਗੂ ਨੂੰ ਇਨਸਾਫ ਨਾ ਮਿਲਣ ਕਰਕੇ 5 ਅਕਤੂਬਰ ਨੂੰ ਥਾਣੇ ਅੱਗੇ ਧਰਨਾ ਦੇਣ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਗੁਰਜੰਟ ਸਿੰਘ ਮਾਨਸਾ, ਭੋਲਾ ਸਿੰਘ ਸਮਾਓਂ, ਅਮਰੀਕ ਸਿੰਘ ਬਲਾਕ ਪ੍ਰਧਾਨ ਝੁਨੀਰ, ਜਗਤਾਰ ਸਹਾਰਨਾ, ਗੁਰਤੇਜ ਸਿੰਘ ਵਰੇ, ਅਮੋਲਕ ਸਿੰਘ ਖੀਵਾ, ਸੁਖਚਰਨ ਦਾਨੇਵਾਲੀਆ, ਹਰਜਿੰਦਰ ਮਾਨਸਾਹੀਆ, ਕਰਨੈਲ ਮਾਨਸਾ, ਵਿੰਦਰ ਖੀਵਾ ਤੋਂ ਇਲਾਵਾ ਜ਼ਿਲ੍ਹੇ ਦੇ ਵਰਕਰ ਹਾਜ਼ਰ ਸਨ।

# ਸਰਕਾਰ ਨਰੇਗਾ ਕਾਮਿਆਂ ਦੀਆਂ ਸਮੱਸਿਆਵਾਂ ਸੁਣਨ ਲਈ ਨਰੇਗਾ ਲੋਕਪਾਲ ਨਿਯੁਕਤ ਕਰੇ : ਕੁਲਦੀਪ ਭੋਲਾ, ਜਗਸੀਰ ਖੋਸਾ


ਕੁਲਦੀਪ ਸਿੰਘ ਭੋਲਾ, ਜਗਸੀਰ ਸਿੰਘ ਖੋਸਾ, ਜ਼ਿਲ੍ਹਾ ਪ੍ਰਧਾਨ ਸਰਬਜੀਤ ਕੌਰ ਸਿੰਮੀ।

**ਮੋਗਾ (ਇਕਬਾਲ ਸਿੰਘ ਖਹਿਰਾ)**-ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਪ੍ਰਤੀ ਜ਼ਿਲ੍ਹਾ ਪ੍ਰਸ਼ਾਸਨ ਸੰਜੀਦਾ ਹੋਵੇ। ਨਰੇਗਾ ਕਾਮਿਆਂ ਦੀਆਂ ਸਮੱਸਿਆਵਾਂ ਸੁਣਨ ਲਈ ਨਿਯੁਕਤ ਨਰੇਗਾ ਲੋਕਪਾਲ ਦਾ ਮਾਮਲਾ ਹੱਲ ਕਰਕੇ ਮਾਨਯੋਗ ਲੋਕਪਾਲ ਦਫ਼ਤਰ, ਸਟਾਫ਼ ਤੇ ਬਾਕੀ ਸਹੂਲਤਾਂ ਪ੍ਰਦਾਨ ਕਰਵਾਈਆਂ ਜਾਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਏਟਕ ਦੇ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ, ਜ਼ਿਲ੍ਹਾ ਸਲਾਹਕਾਰ ਕੁਲਦੀਪ ਸਿੰਘ ਭੋਲਾ, ਸਾਬਕਾ ਸਰਪੰਚ ਸ਼ੇਰ ਸਿੰਘ ਦੌਲਤਪੁਰਾ ਤੇ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਸਰਬਜੀਤ ਕੌਰ ਸਿੰਮੀ ਨੇ ਪ੍ਰੈੱਸ ਨਾਲ ਕੀਤਾ। ਆਗੂਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਨਰੇਗਾ ਕਾਮਿਆਂ ਦੀਆਂ ਮੁਸ਼ਕਲਾਂ ਤੇ ਸ਼ਿਕਾਇਤਾਂ ਸੁਣਨ ਅਤੇ ਉਨ੍ਹਾਂ ਦੇ ਹੱਲ ਲਈ ਜ਼ਿਲ੍ਹਾ ਪੱਧਰ 'ਤੇ ਨਰੇਗਾ ਲੋਕਪਾਲ ਦੀ ਨਿਯੁਕਤੀ ਕੀਤੀ ਹੈ। ਇਸੇ ਤਰ੍ਹਾਂ ਮੋਗਾ ਜ਼ਿਲ੍ਹੇ ਵਿੱਚ ਵੀ ਤਕਰੀਬਨ ਇੱਕ ਸਾਲ ਤੋਂ ਮਾਨਯੋਗ ਨਰੇਗਾ ਲੋਕਪਾਲ ਮੈਡਮ ਸੁਖਦੀਪ ਕੌਰ ਵਧੀਆ ਢੰਗ ਨਾਲ ਜ਼ਿਲ੍ਹੇ ਦੇ ਨਰੇਗਾ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਲੈ ਕੇ ਉਨ੍ਹਾਂ ਦਾ ਨਿਪਟਾਰਾ ਕਰ ਰਹੇ ਹਨ। ਇਨ੍ਹਾਂ ਵਿੱਚ ਅਜਿਹੇ ਮਾਮਲੇ ਵੀ ਸਨ, ਜਿਹੜੇ ਕਿ ਨਰੇਗਾ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਕਾਫੀ ਸਮੇਂ ਤੋਂ ਲਟਕ ਰਹੇ ਸਨ, ਜਿਨ੍ਹਾਂ ਨੂੰ ਲੋਕਪਾਲ ਮੈਡਮ ਨੇ ਆਪਣੇ ਹੱਥ ਵਿੱਚ ਲੈ ਕੇ ਹੱਲ ਕੀਤਾ, ਜਿਸ ਨਾਲ ਮਜ਼ਦੂਰਾਂ ਨੂੰ ਇਨਸਾਫ਼ ਮਿਲਿਆ, ਪਰ ਸੱਤਾਧਾਰੀ ਧਿਰ ਦੇ ਆਗੂਆਂ ਨੂੰ ਜਿਹੜੇ ਕਿ ਨਰੇਗਾ ਕਾਨੂੰਨ ਦੀਆਂ ਧੱਜੀਆਂ ਉਡਾਉਣ ਨੂੰ ਆਪਣੀ ਸ਼ਾਨ ਸਮਝਦੇ ਹਨ ਤੇ ਨਰੇਗਾ ਨੂੰ ਆਪਣੇ ਮੁਤਾਬਿਕ ਚਲਾਉਣਾ ਚਾਹੁੰਦੇ ਹਨ। ਮਾਨਯੋਗ ਲੋਕਪਾਲ ਦੇ ਫੈਸਲੇ ਬਿਲਕੁਲ ਵੀ ਪਸੰਦ ਨਹੀਂ ਆ ਰਹੇ ਹਨ, ਬਹੁਤ ਸਾਰੇ ਕੇਸਾਂ ਵਿੱਚ ਉਹ ਫੈਸਲੇ ਆਪਣੇ ਮੁਤਾਬਿਕ ਕਰਵਾਉਣ ਲਈ ਮੈਡਮ 'ਤੇ ਦਬਾਅ ਵੀ ਪਾ ਰਹੇ ਸਨ, ਪਰ ਲੋਕਪਾਲ ਮੈਡਮ ਵੱਲੋਂ ਸਾਰੇ ਫੈਸਲੇ ਮੈਰਿਟ ਮੁਤਾਬਕ ਕਰਨ ਕਰਕੇ ਸੱਤਾਧਾਰੀ ਧਿਰ ਅਤੇ ਉਨ੍ਹਾਂ ਦੇ ਇਸ਼ਾਰਿਆਂ ਤੇ ਚੱਲਣ ਵਾਲਾ ਪ੍ਰਸ਼ਾਸਨ ਟੇਡੇ ਢੰਗ ਨਾਲ ਲੋਕਪਾਲ ਮੈਡਮ ਨੂੰ ਤੰਗ ਪ੍ਰੇਸ਼ਾਨ ਕਰ ਰਿਹਾ ਹੈ, ਜਿਸ ਵਿੱਚ ਕਿ ਪਿਛਲੇ 4-5 ਮਹੀਨਿਆਂ ਤੋਂ ਉਨ੍ਹਾਂ ਦੀ ਤਨਖ਼ਾਹ ਵੀ ਰੋਕੀ ਹੋਈ ਹੈ। ਆਗੂਆਂ ਨੇ ਦੱਸਿਆ ਕਿ ਹੱਦ ਤਾਂ ਉਦੋਂ ਹੋ ਗਈ, ਜਦੋਂ ਜ਼ਿਲ੍ਹਾ ਪ੍ਰੀਸ਼ਦ ਦੀ ਬਿਲਡਿੰਗ ਵਿੱਚ ਦਿੱਤੇ ਦਫ਼ਤਰ (ਕਮਰੇ) ਦੇ ਦਰਵਾਜ਼ੇ ਵੀ ਉਨ੍ਹਾਂ ਲਈ ਬੰਦ ਕਰ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਇਹ ਸਾਰਾ ਕੁਝ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਸ਼ਹਿ ਤੇ ਮਿਲੀਭੁਗਤ ਕਰਕੇ ਹੋ ਰਿਹਾ ਹੈ। ਆਗੂਆਂ ਨੇ ਕਿਹਾ ਕਿ ਜੇਕਰ ਨਰੇਗਾ ਕਾਮਿਆਂ ਨੂੰ ਇਨਸਾਫ਼ ਦੇਣ ਲਈ ਨਿਯੁਕਤ ਅਧਿਕਾਰੀ ਨਾਲ ਬੇਇਨਸਾਫ਼ੀ ਹੋ ਰਹੀ ਹੈ ਤਾਂ ਆਮ ਲੋਕਾਂ ਦਾ ਕੀ ਬਣੇਗਾ? ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਜ਼ਿਲ੍ਹਾ ਨਰੇਗਾ ਕੋਆਰਡੀਨੇਟਰ-ਕਮ-ਡਿਪਟੀ ਕਮਿਸ਼ਨਰ ਨੂੰ ਮਿਲ ਕੇ ਇਸ ਮਸਲੇ ਦਾ ਹੱਲ ਕੱਢਣ ਦੀ ਮੰਗ ਕਰੇਗੀ।

# ਅਸਲਾ ਲਾਇਸੰਸੀਆਂ ਨੂੰ ਹਥਿਆਰ ਚੁੱਕ ਕੇ ਚੱਲਣ 'ਤੇ ਲਾਈ ਪਾਬੰਦੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਰਾਜੇਸ਼ ਤ੍ਰਿਪਾਠੀ ਜ਼ਿਲ੍ਹਾ ਮੈਜਿਸਟ੍ਰੇਟ ਨੇ ਪੰਚਾਇਤੀ ਚੋਣਾਂ ਨੂੰ ਸਫ਼ਲਤਾ ਪੂਰਵਕ ਨੇਪਰੇ ਚੜ੍ਹਾਉਣ ਲਈ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਾਰੇ ਅਸਲਾ ਲਾਇਸੰਸੀ ਆਪਣੇ ਹਥਿਆਰ ਚੁੱਕ ਕੇ ਚੱਲਣ 'ਤੇ ਸਖਤ ਪਾਬੰਦੀ ਲਾ ਦਿੱਤੀ ਹੈ ਤਾਂ ਜੁ ਅਣਸੁਖਾਵੀਆਂ ਘਟਨਾਵਾਂ ਨੂੰ ਵਾਪਰਣ ਤੋਂ ਰੋਕਿਆ ਜਾ ਸਕੇ।

ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਿਜ਼, ਬਾਵਰਦੀ ਪੁਲਸ ਕ੍ਰਮਚਾਰੀਆਂ 'ਤੇ ਲਾਗੂ ਨਹੀਂ ਹੋਣਗੇ। ਇਸ ਤੋਂ ਇਲਾਵਾ ਚੋਣ ਉਮੀਦਵਾਰਾਂ ਦੇ ਸੁਰੱਖਿਆ ਲਈ ਤਾਇਨਾਤ ਕ੍ਰਮਚਾਰੀਆਂ ਤੇ ਐਸ.ਪੀ.ਓਜ਼ ਵੀ ਪੋਲਿੰਗ ਸਟੇਸ਼ਨਾਂ ਦੇ ਅੰਦਰ ਹਥਿਆਰ ਲੈ ਕੇ ਨਹੀਂ ਜਾ ਸਕਣਗੇ।ਇਹ ਹੁਕਮ ਤੁਰੰਤ ਲਾਗੂ ਹੋ ਗਏ ਹਨ ਤੇ 15 ਅਕਤੂਬਰ ਤੱਕ ਪੰਚਾਇਤੀ ਚੋਣ ਪ੍ਰਕਿਰਿਆ ਸਮਾਪਤ ਹੋਣ ਤੱਕ ਲਾਗੂ ਰਹਿਣਗੇ।ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

# ਪੰਜਾਬ ਸਰਕਾਰ ਤੇ ਐੱਫ਼ ਸੀ ਆਈ ਦੇ ਅਧਿਕਾਰੀਆਂ ਦੀ ਵਪਾਰਕ ਸੋਚ ਕਿਸਾਨਾਂ ਅੱਗੇ ਬਣੀ ਚੁਣੌਤੀ



**ਜਗਰਾਉਂ (ਅਮਿਤ ਖੰਨਾ)**

'ਬੂਹੇ ਆਈ ਜੰਨ ਤੇ ਵਿੰਨੋ ਕੁੜੀ ਦੇ ਕੰਨ' ਦੀ ਕਹਾਵਤ ਨੂੰ ਪੰਜਾਬ ਤੇ ਐਫ਼.ਸੀ.ਆਈ ਦੇ ਹੋਣਹਾਰ ਅਧਿਕਾਰੀਆਂ ਨੇ ਸੱਚ ਕਰ ਵਿਖਾਇਆ। ਪੰਜਾਬ ਦੇ ਕਿਸਾਨ ਦੀ ਮਿਹਨਤ ਨਾਲ ਪਾਲੀ ਝੋਨੇ ਦੀ ਫ਼ਸਲ ਪੱਕ ਕੇ ਮੰਡੀ ਲੀਲਾਂ ਵਿੱਚ ਆਈ, ਪ੍ਰੰਤੂ ਖਰੀਦ ਨਾ ਹੋਣ ਕਰਕੇ ਕਿਸਾਨ ਵਾਪਸ ਘਰ ਲੈ ਜਾਣ ਲਈ ਮਜਬੂਰ ਹੋ ਗਿਆ। ਇਨ੍ਹਾਂ ਹੋਣਹਾਰ ਅਧਿਕਾਰੀਆਂ ਦੀ ਬਦੌਲਤ ਸ਼ੈਲਰ ਇੰਡਸਟਰੀ ਵਿੱਚੋਂ ਪਿਛਲੇ ਸਾਲ ਦੀ ਝੋਨੇ ਦੀ ਫ਼ਸਲ ਦਾ ਨਿਪਟਾਰਾ ਨਹੀਂ ਹੋਇਆ, ਗੁਦਾਮ ਨੱਕੋ-ਨੱਕ ਭਰੇ ਪਏ ਹਨ। ਆਉਣ ਵਾਲੇ ਦਿਨ ਪੰਜਾਬ ਦੀ ਆਰਥਿਕਤਾ ਲਈ ਬਹੁਤੇ ਵਧੀਆ ਨਹੀਂ ਜਾਪਦੇ। ਇਨ੍ਹਾਂ ਅਧਿਕਾਰੀਆਂ ਦੀ ਦੂਰਅੰਦੇਸ਼ੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਕਿ ਭਾਰਤ ਸਰਕਾਰ ਕੋਲ 6 ਸਾਲ ਲਈ ਭੰਡਾਰ ਹੋਣ ਦੇ ਬਾਵਜੂਦ ਨਾ ਇਨ੍ਹਾਂ ਅਧਿਕਾਰੀਆਂ ਨੇ ਕੋਈ ਚੌਲ ਐਕਸਪੋਰਟ ਕਰਨ ਦੀ ਸਲਾਹ ਦਿੱਤੀ ਤੇ ਨਾ ਹੀ ਕਿਸਾਨਾਂ ਨੂੰ ਝੋਨੇ ਦੀ ਬਿਜਾਈ ਘੱਟ ਕਰਨ ਦੀ ਸਲਾਹ ਦਿੱਤੀ। ਉੱਤੋਂ ਅਜਿਹੀਆਂ ਨੀਤੀਆਂ ਘੜੀਆਂ ਕਿ ਵਪਾਰ ਤੇ ਕਿਰਸਾਨੀ ਸੜਕਾਂ 'ਤੇ ਰੁਲਣ ਲਈ ਮਜਬੂਰ ਹੋ ਜਾਵੇ। ਅਧਿਕਾਰੀ ਵੈੱਲਫੇਅਰ ਸਟੇਟ ਨੂੰ ਵਪਾਰਕ ਅਦਾਰੇ ਵਿੱਚ ਤਬਦੀਲ ਕਰ ਚੁੱਕੇ ਹਨ। ਲਗਭਗ 40,000 ਕਰੋੜ ਰੁਪਏ ਦੀ ਲਿਮਿਟ ਕੇਂਦਰ ਸਰਕਾਰ ਵੱਲੋਂ ਜਾਰੀ ਕਰ ਦਿੱਤੀ ਹੈ, ਪ੍ਰੰਤੂ ਫ਼ਸਲ ਨੂੰ ਖਰੀਦਣ ਤੇ ਸਾਂਭ-ਸੰਭਾਲ ਵਾਲੇ ਅਦਾਰਿਆਂ ਦੀ ਕੋਈ ਤਿਆਰੀ ਨਹੀਂ। ਦੇਸ਼ ਦੀ ਖਾਣੇ ਦੀ ਸੁਰੱਖਿਆ ਦੇ ਨਾਲ ਸਿੱਧਾ-ਸਿੱਧਾ ਖਿਲਵਾੜ ਹੋ ਰਿਹਾ। ਪੂਰੇ ਪੰਜਾਬ ਵਿੱਚ ਅਨਿਸ਼ਚਤਾ ਦਾ ਮਾਹੌਲ ਹੈ। ਕਿਸਾਨ, ਮਜ਼ਦੂਰ, ਆੜ੍ਹਤੀ ਤੇ ਸ਼ੈਲਰ ਇੰਡਸਟਰੀ ਹੜਤਾਲ 'ਤੇ ਹੈ ਤੇ ਪੰਜਾਬ ਦੀ ਆਰਥਿਕਤਾ ਤਬਾਹੀ ਦੇ ਕੰਢੇ ਖੜੀ ਹੈ। ਇਸ ਤਬਾਹੀ ਦੇ ਕੁੱਝ ਸ਼ੈਲਰ ਇੰਡਸਟਰੀ ਤੇ ਕਿਸਾਨਾਂ ਦੇ ਲੀਡਰ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਆਪਣੇ ਸੌੜੇ ਹਿੱਤਾਂ ਦੀ ਖਾਤਰ ਪੂਰੇ ਪੰਜਾਬ ਨੂੰ ਇਸ ਤਬਾਹੀ ਦੇ ਕਿਨਾਰੇ ਖੜਾ ਕਰ ਦਿੱਤਾ ਹੈ।

ਬੋਗਸ ਬਿਲਿੰਗ ਦੇ ਚੱਕਰ ਵਿੱਚ ਮਹਿਕਮੇ ਦੇ ਸਾਬਕਾ ਮੰਤਰੀ ਤੇ ਅਫ਼ਸਰ ਜੇਲ੍ਹ ਵਿੱਚ ਹਨ ਤੇ ਇਸ ਦੇ ਬਾਵਜੂਦ ਮਹਿਕਮੇ ਨੇ ਝੋਨੇ ਦੀ ਫ਼ਸਲ ਨੂੰ ਢਕਣ ਲਈ ਤਰਪਾਲਾਂ ਨਹੀਂ ਖਰੀਦੀਆਂ। ਟੈਂਡਰ ਪਬਲਿਸ਼ ਕਰਕੇ ਵਾਪਸ ਕੀਤਾ, ਕਿਉਂਕਿ ਘਪਲਾ ਉਜਾਗਰ ਹੋ ਗਿਆ ਸੀ। ਹਾਲਾਤ ਮੁਤਾਬਕ ਇਸ ਸਾਲ ਬੰਪਰ ਫ਼ਸਲ ਦੀ ਉਮੀਦ ਹੈ, ਪ੍ਰੰਤੂ ਕੋਈ ਪੱਕੀ ਨੀਤੀ ਦੀ ਘਾਟ ਕਾਰਨ ਹਰ ਸੂਬੇ ਦੇ ਅਧਿਕਾਰੀ ਆਪਣੀ ਮਨਮਰਜ਼ੀ ਮੁਤਾਬਕ ਨੀਤੀ ਘੜ ਕੇ ਪੂਰੇ ਤੰਤਰ ਨੂੰ ਉਲਝਾਈ ਫਿਰਦੇ ਹਨ। ਭਾਰਤ ਦਾ ਹਰ ਸੂਬਾ ਖੇਤੀ ਵਿੱਚ ਆਤਮ ਨਿਰਭਰ ਬਣਦਾ ਜਾ ਰਿਹਾ ਤੇ ਪੰਜਾਬ ਦੇ ਅਨਾਜ ਉੱਤੇ ਨਿਰਭਰਤਾ ਘਟਦੀ ਜਾ ਰਹੀ। ਜ਼ਰੂਰਤ ਹੈ ਕਿ ਖੇਤੀ ਪ੍ਰਧਾਨ ਪੰਜਾਬ ਆਪਣੀ ਫ਼ਸਲਾਂ ਦੀ ਗੁਣਵੱਤਾ ਵੱਲ ਧਿਆਨ ਦੇਵੇ ਤਾਂ ਜੁ ਅੰਤਰਰਾਸ਼ਟਰੀ ਵਪਾਰੀਕਰਨ ਦੇ ਮਿਆਰ ਮੁਤਾਬਕ ਫ਼ਸਲਾਂ ਐਕਸਪੋਰਟ ਕਰਨ ਯੋਗ ਹੋਣ। ਸ਼ੈਲਰ ਇੰਡਸਟਰੀ ਨੂੰ ਦਰਪੇਸ਼ ਮੁਸ਼ਕਲਾਂ ਦਾ ਵੀ ਕੋਈ ਅਧਿਕਾਰੀ ਜਾਂ ਮੰਤਰੀ ਹੱਲ ਕਰਨ ਦੀ ਗੱਲ ਨਹੀਂ ਕਰ ਰਿਹਾ, ਬਲਕਿ ਨਵੀਆਂ ਨਵੀਆਂ ਸਕੀਮਾਂ, ਲਾਲਚ ਜਾਂ ਬਲੈਕਮੇਲ ਕਰਕੇ ਇਸ ਸਾਲ ਦੀ ਝੋਨੇ ਦੀ ਫ਼ਸਲ ਨੂੰ ਆਪਣੇ ਗਲੋਂ ਲਾਹੁਣਾ ਚਾਹੁੰਦੇ ਹਨ। ਇਹ ਅਧਿਕਾਰੀ ਅਸਲੀ ਗੱਲ ਸਰਕਾਰ ਨੂੰ ਦੱਸਦੇ ਹੀ ਨਹੀਂ।

ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੇ ਮੰਤਰੀ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਅਧਿਕਾਰੀਆਂ ਤੋਂ ਸਵਾਲ ਪੁੱਛਣ। 31 ਮਾਰਚ 2025 ਤੱਕ ਪੰਜਾਬ ਦੇ ਗੁਦਾਮਾਂ ਵਿੱਚ ਚੌਲ ਲਾਉਣ ਲਈ ਕਿੰਨੀ ਸਪੇਸ ਹੈ ਤੇ ਟੋਟਲ ਕਿੰਨਾ ਚੌਲ ਲੱਗਣਾ ਹੈ ਵਾਧੂ ਚੌਲ ਦੇ ਨਿਪਟਾਰੇ ਦੀ ਕੀ ਵਿਉਂਤਬੰਦੀ ਹੈ। ਕੀ.ਐੱਫ਼.ਆਰ.ਕੇ ਵਾਲਾ ਚੌਲ ਐਕਸਪੋਰਟ ਹੋ ਸਕਦਾ ਜਾਂ ਇਥਨੌਲ ਪਲਾਂਟ ਲਈ ਵਰਤਿਆ ਜਾ ਸਕਦਾ। ਸ਼ੈਲਰ ਇੰਡਸਟਰੀ ਦਾ ਸਰਕਾਰ ਨੇ ਕਿੰਨਾ ਪੈਸਾ ਦੇਣਾ ਤੇ ਹੁਣ ਤੱਕ ਕਿਉਂ ਨਹੀਂ ਦਿੱਤਾ।

# ਨਾਮਜ਼ਦਗੀ ਕਾਗਜ਼ ਦਾਖਲ ਕਰਨ ਸਮੇਂ ਲੋਕ ਹੋਏ ਖੱਜਲ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੂਰੇ ਪੰਜਾਬ ਵਿੱਚ ਨਾਮਜ਼ਦਗੀਆਂ ਦੇ ਆਖਰੀ ਦਿਨ ਸ਼ੁੱਕਰਵਾਰ ਪੰਚਾਇਤੀ ਚੋਣਾਂ ਦੇ ਨਾਮਜ਼ਦਗੀ ਪੱਤਰ ਭਰੇ ਗਏ, ਜਿੱਥੇ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ, ਉਥੇ ਫਾਜ਼ਿਲਕਾ ਵਿੱਚ ਪੁਲਸ ਪ੍ਰਸ਼ਾਨ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਅਤੇ ਹਰ ਪਾਸੇ ਜ਼ਿਲ੍ਹੇ ਦੇ ਕੋਨੇ ਕੋਨੇ 'ਤੇ ਪੁਲਸ ਦੀ ਤੈਨਾਤੀ ਕੀਤੀ ਗਈ ਤਾਂ ਜੋ ਅਮਨ ਸ਼ਾਂਤੀ ਕਾਇਮ ਰੱਖੀ ਜਾ ਸਕੇ ਅਤੇ ਅੱਜ ਬਿਨਾਂ ਕਿਸੇ ਵਿਘਨ ਦੇ ਨਾਮਜ਼ਦਗੀ ਪੱਤਰ ਪੁਲਸ ਦੀ ਦੇਖ-ਰੇਖ ਵਿੱਚ ਭਰੇ ਗਏ, ਪ੍ਰੰਤੂ ਦੂਸਰੇ ਪਾਸੇ ਦੁੱਖਦ ਪਹਿਲੂ ਦੇਖਣ ਨੂੰ ਮਿਲਿਆ, ਜਦੋਂ ਅਰਨੀਵਾਲਾ ਸ਼ੇਖ ਸੁਭਾਨ ਦੇ ਅਫਸਰ ਦੀ ਦੇਖ-ਰੇਖ ਵਿੱਚ ਅਰਨੀਵਾਲਾ ਦੇ ਕਮਿਊਨਿਟੀ ਹਾਲ ਵਿੱਚ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਪ੍ਰਬੰਧ ਕੀਤਾ ਜਾਣਾ ਸੀ, ਪ੍ਰੰਤੂ ਕਿਸੇ ਪ੍ਰਕਾਰ ਦਾ ਵੀ ਕੋਈ ਪ੍ਰਬੰਧ ਨਹੀਂ ਸੀ। ਇਨ੍ਹਾਂ ਦਿਨਾਂ ਵਿੱਚ ਬੀ ਡੀ ਪੀ ਓ ਦਫਤਰ ਵਿੱਚ ਚੰਗੀ ਲੁੱਟ ਮਚੀ ਹੋਈ ਸੀ। ਇਸ ਦੇ ਬਾਵਜੂਦ ਜਨਤਾ ਨੂੰ ਖੱਜਲ਼ ਖਵਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਸ ਦਫਤਰ ਵਿੱਚ ਨਾਮਜ਼ਦਗੀ ਪੱਤਰ ਭਰਨ ਆਏ ਤੇ ਜਦੋਂ ਸਾਡੇ ਪੱਤਰ ਪ੍ਰੇਰਕ ਨੇ ਜਾ ਕੇ ਦੇਖਿਆ ਤਾਂ ਬੀ ਡੀ ਪੀ ਓ ਦਫਤਰ ਵਿੱਚ ਲੋਕ ਗਰਮੀ ਨਾਲ ਹਾਲੋਂ ਬੇਹਾਲ ਹੋ ਰਹੇ ਸਨ ਨਾ ਕੋਈ ਪਾਣੀ ਦਾ ਪ੍ਰਬੰਧ, ਨਾ ਕਿਸੇ ਚਾਨਣੀ ਦਾ ਪ੍ਰਬੰਧ, ਲੋਕ ਧੁੱਪ ਵਿੱਚ ਸੜ ਰਹੇ ਸੀ। ਕੁਝ ਲੋਕ ਗਰਮੀ ਵਿੱਚ ਪਾਣੀ ਨਾ ਮਿਲਣ ਕਾਰਨ ਬੇਹੋਸ਼ ਹੋ ਕੇ ਡਿੱਗ ਰਹੇ ਸੀ।

ਜਦੋਂ ਪੱਤਰਕਾਰ ਨੇ ਬੀ ਡੀ ਪੀ ਓ ਮੈਡਮ ਨੂੰ ਇਸ ਦੇ ਪੂਰੇ ਪ੍ਰਬੰਧ ਬਾਰੇ ਪੁੱਛਿਆ ਤਾਂ ਉਨ੍ਹਾ ਇਹ ਆਖ ਕੇ ਪੱਲਾ ਝਾੜ ਲਿਆ ਕਿ ਮੈਂ ਸੁਪਰਡੈਂਟ ਨੂੰ ਪੁੱਛ ਕੇ ਦੱਸਦੀ ਹਾਂ ਅਤੇ ਨਾਮਜ਼ਦਗੀ ਪੱਤਰ ਭਰਨ ਆਏ ਲੋਕ ਪੂਰੇ ਪ੍ਰਬੰਧ ਨਾ ਹੋਣ ਕਾਰਨ ਪ੍ਰੇਸ਼ਾਨ ਹੋ ਰਹੇ ਗਨ।

ਉਨ੍ਹਾਂ ਦਾ ਕਹਿਣਾ ਸੀ ਕਿ ਅਸੀਂ ਸਵੇਰ ਦੇ 6 ਵਜੇ ਦੇ ਲਾਈਨਾਂ ਵਿੱਚ ਆ ਕੇ ਲੱਗੇ ਹਾਂ ਤੇ ਆਪਣੇ ਲਿਹਾਜ ਵਾਲਿਆਂ ਨੂੰ ਖਿੜਕੀਆਂ ਵਿੱਚੋਂ ਫਾਈਲਾਂ ਫੜਦੇ ਰਹੇ, ਜਿਸ ਕਰਕੇ ਇਸ ਵਿਵਾਹਰ ਕਾਰਨ ਤੇ ਛਾਂ ਦਾ ਪ੍ਰਬੰਧ ਨਾ ਹੋਣ ਕਾਰਨ ਲੋਕਾਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲਿਆ ਅਤੇ ਲੋਕ ਬਲਾਕ ਪੰਚਾਇਤ ਅਫਸਰ ਨੂੰ ਕੋਸਦੇ ਨਜ਼ਰ ਆਏ।

# ਅਗਰਵਾਲ ਸਭਾ ਨੇ ਮਹਾਰਾਜਾ ਅਗਰਸੈਨ ਜਯੰਤੀ ਧੂਮ-ਧਾਮ ਨਾਲ ਮਨਾਈ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਅਗਰਵਾਲ ਸਭਾ ਸੁਨਾਮ ਵੱਲੋਂ ਮਹਾਰਾਜਾ ਅਗਰਸੈਨ ਜੀ ਦੀ 5148ਵੀਂ ਜਯੰਤੀ ਸਮਾਰੋਹ ਸਥਾਨਕ ਸ਼ਿਵ ਨਿਕੇਤਨ ਧਰਮਸ਼ਾਲਾ ਵਿਖੇ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਪ੍ਰਚੰਡ ਕਰਨ ਤੋਂ ਬਾਅਦ ਆਰਤੀ ਕਰਕੇ ਕੀਤੀ ਗਈ ਇਸ ਸਮਾਰੋਹ ਵਿੱਚ ਅਗਰੋਹਾ ਵਿਕਾਸ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਬਜਰੰਗ ਦਾਸ ਨੇ ਬੋਲਦੇ ਕਿਹਾ ਕਿ ਅਗਰਵਾਲ ਸਮਾਜ ਵੱਲੋਂ ਹਮੇਸ਼ਾ ਮਹਾਰਾਜਾ ਅਗਰਸੈਨ ਦੇ ਦਰਸਾਏ ਰਸਤੇ 'ਤੇ ਚੱਲਣ ਦਾ ਪ੍ਰਣ ਲਿਆ ਜਾਂਦਾ ਹੈ ਤੇ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਹਰ ਤਰ੍ਹਾਂ ਦੇ ਯਤਨ ਕੀਤੇ ਜਾਂਦੇ ਨੇ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਅਗਰੋਹਾ ਧਾਮ ਵਿਖੇ ਬੱਚਿਆਂ ਦੀ ਸ਼ਾਦੀ ਕਰਨਾ ਚਾਹੁੰਦਾ ਹੈ, ਉਨ੍ਹਾਂ ਦੇ ਖਾਣ-ਪੀਣ, ਰਹਿਣ ਦਾ ਪ੍ਰਬੰਧ ਕੀਤਾ ਜਾਵੇਗਾ ਤੇ ਲੜਕੀ ਦੀ ਸ਼ਾਦੀ 'ਤੇ ਲੋੜੀਂਦਾ ਖਰਚ ਕੀਤਾ ਜਾਂਦਾ ਹੈ। ਉਨ੍ਹਾਂ ਅਗਰਵਾਲ ਸਮਾਜ ਨੂੰ ਬੇਨਤੀ ਕੀਤੀ ਕਿ ਉਹ ਇਕਜੁੱਟ ਹੋ ਕੇ ਰਹਿਣ ਤੇ ਵੱਖ ਵੱਖ ਸਭਾਵਾਂ ਦਾ ਏਕੀਕਰਨ ਕਰਨ। ਉਨ੍ਹਾਂ ਨੇ ਸ਼ਾਨਦਾਰ ਆਯੋਜਨ ਲਈ ਅਗਰਵਾਲ ਸਭਾ ਸੁਨਾਮ ਦੇ ਜਯੰਤੀ ਚੇਅਰਮੈਨ ਅਗਰ ਰਤਨ ਵੇਦ ਪ੍ਰਕਾਸ਼ ਹੋਡਲਾ ਤੇ ਸਭਾ ਦੇ ਪ੍ਰਧਾਨ ਹਕੂਮਤ ਜਿੰਦਲ ਅਤੇ ਉਨ੍ਹਾਂ ਦੀ ਟੀਮ ਦੀ ਖੁੱਲ੍ਹ ਕੇ ਤਾਰੀਫ ਕੀਤੀ ਤੇ ਉਨ੍ਹਾਂ ਦੇ ਕੰਮ ਦੀ ਤਾਈਦ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮਹਾਰਾਜਾ ਅਗਰਸੈਨ ਜੀ ਦੇ ਸਿਧਾਂਤਾਂ ਵਿੱਚ ਜਿੱਥੇ ਸਮਾਨਤਾ ਦਾ ਇੱਕ ਬਹੁਤ ਵੱਡਾ ਸੰਦੇਸ਼ ਹੈ, ਉਥੇ ਇਕਜੁੱਟਤਾ ਦਾ ਵੀ ਮਹੱਤਵ ਦਰਸਾਇਆ ਗਿਆ ਹੈ। ਉਨ੍ਹਾਂ ਵੀ ਸੁਨਾਮ ਦੀਆਂ ਦੋਨੋਂ ਅਗਰਵਾਲ ਸਭਾਵਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੀ ਗੱਲ ਕਹੀ। ਇਸ ਮੌਕੇ ਲੋਕਾਂ ਨੇ ਵੀ ਸ੍ਰੀ ਅਮਨ ਅਰੋੜਾ ਦੀ ਗੱਲ ਦਾ ਸਮਰਥਨ ਕੀਤਾ ਤੇ ਅਗਰਵਾਲ ਸਭਾਵਾਂ ਦੀ ਇਕਜੁੱਟਤਾ 'ਤੇ ਪਹਿਰਾ ਦੇਣ ਦਾ ਹੁੰਗਾਰਾ ਭਰਿਆ।ਇਸ ਸਮਾਰੋਹ ਦੌਰਾਨ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਮਹਾਰਾਜਾ ਅਗਰਸੈਨ ਜੀ ਦੀ ਜੈਯੰਤੀ ਤੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਮਹਾਰਾਜਾ ਅਗਰਸੈਨ ਜੀ ਦੇ ਦਰਸਾਏ ਰਸਤੇ 'ਤੇ ਚੱਲਿਆ ਜਾਵੇ, ਜਿੱਥੇ ਮਹਾਰਾਜਾ ਅਗਰਸੈਨ ਜੀ ਨੇ ਸਮਾਜਵਾਦ ਦੀ ਗੱਲ ਕੀਤੀ ਤੇ ਇੱਕ ਦੂਸਰੇ ਨੂੰ ਆਪਣੇ ਬਰਾਬਰ ਲਿਆਉਣ ਦੀ ਗੱਲ ਕੀਤੀ, ਉਥੇ ਉਨ੍ਹਾਂ ਨੇ ਸਮਾਜ ਵਿੱਚ ਪਿਆਰ ਦੀ ਭਾਵਨਾ ਤੇ ਇਕਜੁੱਟਤਾ ਦੀ ਨੀਤੀ ਵੀ ਅਪਣਾਈ। ਇਸ ਤੋਂ ਪਹਿਲਾਂ ਜਯੰਤੀ ਚੇਅਰਮੈਨ ਵੇਦ ਪ੍ਰਕਾਸ਼ ਹੋਡਲਾ ਤੇ ਅਗਰਵਾਲ ਸਭਾ ਸੁਨਾਮ ਦੇ ਪ੍ਰਧਾਨ ਹਕੂਮਤ ਜਿੰਦਲ ਨੇ ਆਏ ਸਾਰੇ ਮਹਿਮਾਨਾਂ ਤੇ ਹਾਜ਼ਰ ਲੋਕਾਂ ਦਾ ਸਵਾਗਤ ਕੀਤਾ। ਜ਼ਿਲ੍ਹਾ ਪ੍ਰਧਾਨ ਸ਼ਾਮ ਲਾਲ ਸਿੰਗਲਾ, ਅਗਰਵਾਲ ਸਭਾ ਸਨਾਮ ਦੇ ਚੇਅਰਮੈਨ ਮਨਪ੍ਰੀਤ ਬਾਂਸਲ, ਜਨਰਲ ਸਕੱਤਰ ਕ੍ਰਿਸ਼ਨ ਗੋਇਲ ਸੰਦੋਹਾ, ਸੀਨੀਅਰ ਵਾਈਸ ਪ੍ਰਧਾਨ ਯਸ਼ਪਾਲ ਮੰਗਲਾ, ਅਗਰਵਾਲ ਸਭਾ ਯੂਥ ਵਿੰਗ ਦੇ ਪ੍ਰਧਾਨ ਯੋਗੇਸ਼ ਗਰਗ ਨੇ ਵੀ ਆਪਣੇ ਵਿਚਾਰ ਰੱਖੇ।ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਸੰਸਕ੍ਰਿਤ ਪ੍ਰੋਗਰਾਮ ਪੇਸ਼ ਕੀਤਾ। ਇਸ ਜਯੰਤੀ ਸਮਾਰੋਹ ਵਿੱਚ ਵੱਖ ਵੱਖ ਸਕੂਲਾਂ ਦੇ ਉਨ੍ਹਾਂ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ, ਜਿਨ੍ਹਾਂ ਨੇ ਵਿੱਦਿਅਕ ਤੇ ਹੋਰ ਖੇਤਰਾਂ ਵਿੱਚ ਇਲਾਕੇ ਦਾ ਨਾਮ ਰੋਸ਼ਨ ਕੀਤਾ ਤੇ ਨਾਲ ਹੀ ਇਸ ਮੌਕੇ ਸ਼ਹਿਰ ਦੀਆਂ ਲਗਭਗ ਤਿੰਨ ਦਰਜਨ ਸੰਸਥਾਵਾਂ ਦਾ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਕਰਦੇ ਹੋਏ ਜਨਰਲ ਸਕੱਤਰ ਕ੍ਰਿਸ਼ਨ ਗੋਇਲ ਸੰਦੋਹਾ ਤੇ ਯਸ਼ਪਾਲ ਮੰਗਲਾ ਨੇ ਆਏ ਹੋਏ ਸਾਰੇ ਹੀ ਮਹਿਮਾਨਾਂ ਦਾ ਸਵਾਗਤ ਕੀਤਾ, ਜਯੰਤੀ ਸਮਾਰੋਹ ਨੂੰ ਬਾਖੂਬੀ ਅਨੁਸ਼ਾਸਨ ਵਿੱਚ ਰਹਿ ਕੇ ਚਲਾਇਆ।ਇਸ ਮੌਕੇ ਅਗਰਵਾਲ ਸਭਾ ਪੰਜਾਬ ਦੀ ਪ੍ਰਧਾਨ ਸ੍ਰੀਮਤੀ ਰੇਵਾ ਛਾਹੜੀਆ, ਹਿਤੇਸ਼ ਵੀਰ ਗੁਪਤਾ ਪੀਸੀਐੱਸ, ਸ੍ਰੀਮਤੀ ਆਸ਼ਾ ਬਜਾਜ, ਸ੍ਰੀ ਮੁਕੇਸ਼ ਜੁਨੇਜਾ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ, ਅਗਰਵਾਲ ਸਭਾ ਯੂਥ ਵਿੰਗ ਦੇ ਪ੍ਰਧਾਨ ਯੋਗੇਸ਼ ਗਰਗ ਤੇ ਸਕੱਤਰ ਧੀਰਜ ਗੋਇਲ ਤੇ ਉਨ੍ਹਾਂ ਦੀ ਟੀਮ, ਅਗਰਵਾਲ ਸਭਾ ਸੁਨਾਮ ਦੀ ਪ੍ਰਧਾਨ ਮੰਜੂ ਗਰਗ ਤੇ ਹੋਰ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਭਾਰੀ ਸੰਖਿਆ ਵਿੱਚ ਲੋਕਾਂ ਨੇ ਹਾਜ਼ਰੀ ਲਗਵਾਈ।




# ਨਾਮਜ਼ਦਗੀਆਂ ਭਰਨ ਦੇ ਆਖ਼ਰੀ ਦਿਨ ਜ਼ੀਰਾ 'ਚ ਮਾਹੌਲ ਸ਼ਾਂਤੀਪੂਰਵਕ ਰਿਹਾ



**ਜ਼ੀਰਾ (ਨਰਿੰਦਰ ਅਨੇਜਾ)**-ਪੰਚਾਇਤੀ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਆਖਰੀ ਦਿਨ ਸ਼ੁੱਕਰਵਾਰ ਸਵੇਰੇ 4 ਵਜੇ ਦੇ ਕਰੀਬ ਹੀ ਵੱਡੀਆਂ ਵੱਡੀਆਂ ਲਾਈਨਾਂ ਲਗਾ ਕੇ ਲੋਕ ਖੜ੍ਹੇ ਹੋ ਗਏ। 1 ਅਕਤੂਬਰ ਨੂੰ ਪੰਚਾਇਤੀ ਚੋਣਾਂ ਦੀ ਨਾਮਜ਼ਦਗੀ ਨੂੰ ਲੈ ਕੇ ਜ਼ੀਰੇ ਵਿੱਚ ਬਹੁਤ ਜ਼ਿਆਦਾ ਮਾਹੌਲ ਖਰਾਬ ਹੋ ਗਿਆ ਸੀ ਅਤੇ ਇੱਥੋਂ ਤੱਕ ਕਿ ਇੱਟਾਂ ਰੋੜੇ ਤੇ ਗੋਲੀਆਂ ਵੀ ਚੱਲ ਗਈਆਂ ਸਨ। ਅਜਿਹੀ ਘਟਨਾ ਦੁਬਾਰਾ ਤੋਂ ਨਾ ਵਾਪਰੇ, ਇਸ ਕਾਰਨ ਐੱਸ ਐੱਸ ਪੀ ਸੌਮਿਆ ਮਿਸ਼ਰਾ ਦੀ ਅਗਵਾਈ ਹੇਠ ਬੀਤੇ ਕੱਲ੍ਹ ਤੋਂ ਹੀ ਜ਼ੀਰਾ ਸ਼ਹਿਰ ਵਿੱਚ ਕਾਫੀ ਪੁਲਸ ਬਲ ਤੈਨਾਤ ਕਰ ਦਿੱਤਾ ਗਿਆ ਸੀ ਤਾਂ ਜੋ ਕੋਈ ਅਣਹੋਣੀ ਘਟਨਾ ਨਾ ਹੋ ਜਾਵੇ। ਇਸ ਲਈ ਉਹ ਵਾਰ-ਵਾਰ ਆਪ ਖੁਦ ਫਲੈਗ ਮਾਰਚ ਕਰਦੇ ਰਹੇ। ਉਨ੍ਹਾਂ ਦੀ ਸਖਤੀ ਕਾਰਨ ਤੇ ਬਿਨਾਂ ਭੇਦ ਭਾਵ ਤੋਂ ਉਨ੍ਹਾਂ ਨੇ ਆਮ ਆਦਮੀ ਪਾਰਟੀ ਤੇ ਬਾਕੀਆਂ ਪਾਰਟੀਆਂ ਦੇ ਨਾਮਜ਼ਦਗੀ ਕਾਗਜ਼ ਦਾਖਲ ਕਰਵਾਏ। ਪੰਚਾਇਤ ਪੰਚਾਂ ਦੇ ਇਲੈਕਸ਼ਨ ਲੜਨ ਤੋਂ ਇਲਾਵਾ ਉਨ੍ਹਾਂ ਨੇ ਜਿੱਥੇ ਫਾਈਲਾਂ ਭਰੀਆਂ ਜਾ ਰਹੀਆਂ ਸਨ, ਉਥੇ ਕਿਸੇ ਹੋਰ ਨੂੰ ਦਾਖਲ ਨਹੀਂ ਹੋਣ ਦਿੱਤਾ ਅਤੇ ਜਿਸ ਦੀ ਬਦੌਲਤ ਸ਼ਾਂਤੀਪੂਰਵਕ ਢੰਗ ਨਾਲ ਪੰਚਾਇਤੀ ਚੋਣਾਂ ਦੀਆਂ ਫਾਈਲਾਂ ਦਾਖਲ ਹੋ ਸਕੀਆਂ। ਜ਼ੀਰੇ ਸ਼ਹਿਰ ਦੇ ਲੋਕਾਂ ਨੇ ਬਿਨਾਂ ਲੜਾਈ ਝਗੜੇ ਤੋਂ ਪੰਚਾਇਤੀ ਚੋਣਾਂ ਲਈ ਫਾਈਲਾਂ ਭਰੇ ਜਾਣ 'ਤੇ ਐੱਸ ਐੱਸ ਪੀ ਸੌਮਿਆ ਮਿਸ਼ਰਾ ਦੀ ਸ਼ਲਾਘਾ ਵੀ ਕੀਤੀ।

# ਪ੍ਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ ਵੱਲੋਂ ਅੱਖਾਂ ਦਾ ਮੁਫਤ ਕੈਂਪ

**ਮੋਗਾ (ਇਕਬਾਲ ਸਿੰਘ ਖਹਿਰਾ)**

ਗੁਰਦੁਆਰਾ ਨਾਮਦੇਵ ਭਵਨ ਮੋਗਾ ਵਿਖੇ ਪ੍ਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ ਮੋਗਾ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਸ਼ੰਕਰਾ ਆਈ ਹਸਪਤਾਲ ਮੁੱਲਾਂਪੁਰ ਦੇ ਸਹਿਯੋਗ ਨਾਲ ਅੱਖਾਂ ਦਾ ਕੈਂਪ ਲਗਾਇਆ, ਜਿਸ ਦਾ ਉਦਘਾਟਨ ਮੋਗਾ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ ਵੱਲੋਂ ਕੀਤਾ ਗਿਆ। ਇਸ ਆਈ ਕੈਂਪ ਵਿੱਚ ਮੇਅਰ ਬਲਜੀਤ ਸਿੰਘ ਚਾਨੀ ਨੇ ਪ੍ਰਮੇਸ਼ਰ ਦੁਆਰ ਦਲ ਵੱਲੋਂ ਸਮਾਜ ਲਈ ਸਮੇਂ ਸਮੇਂ ਕੀਤੇ ਜਾਂਦੇ ਕੰਮਾਂ ਦੀ ਸ਼ਲਾਘਾ ਕੀਤੀ। ਅਪ੍ਰੇਸ਼ਨ ਕੈਂਪ ਵਿੱਚ ਡਾਕਟਰਾਂ ਦੀ ਟੀਮ ਵੱਲੋਂ 686 ਮਰੀਜ਼ਾਂ ਦੀਆਂ ਅੱਖਾਂ ਦਾ ਨਰੀਖਣ ਕੀਤਾ ਗਿਆ, ਜਿਸ ਵਿੱਚ ਕਰੀਬ 120 ਮਰੀਜ਼ਾਂ ਦੇ ਲੈਨਜ਼ ਪਾਏ ਗਏ ਤੇ 210 ਮਰੀਜ਼ਾਂ ਨੂੰ ਐਨਕਾਂ ਮੁਫ਼ਤ ਦਿੱਤੀਆਂ 130 ਮਰੀਜ਼ਾਂ ਨੂੰ ਦਵਾਈ ਦਿੱਤੀ ਗਈ। ਇਸ ਮੌਕੇ ਦਲ ਦੇ ਪ੍ਰਧਾਨ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਕੈਂਪ ਵਿੱਚ ਯੂ.ਐੱਲ.ਓ. ਤੋਂ ਸਪੀਕਰ ਸਿੰਘ ਨੇ ਵੀ ਸ਼ਿਰਕਤ ਕੀਤੀ ਤੇ ਦਲ ਦੇ ਮੈਂਬਰਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਸਮੇਂ ਕਾਂਗਰਸ ਦੇ ਹਲਕਾ ਇੰਚਾਰਜ ਮਾਲਵਿਕਾ ਸੂਦ ਨੇ ਆਈ ਕੈਂਪ ਵਿੱਚ ਹਾਜ਼ਰੀ ਭਰੀ ਤੇ ਸਾਰੇ ਦਲ ਦੇ ਮੈਂਬਰਾਂ ਨੂੰ ਇਸ ਕੈਂਪ ਦੀ ਵਧਾਈ ਦਿੱਤੀ। ਇਸ ਕੈਂਪ ਵਿੱਚ ਅਕਾਲੀ ਦਲ ਦੇ ਸੀਨੀਅਰ ਮੈਂਬਰ ਮਨਜੀਤ ਸਿੰਘ (ਧੰਮੂ) ਪ੍ਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ ਮੋਗਾ ਦੇ ਪ੍ਰਧਾਨ ਕੁਲਵਿੰਦਰ ਸਿੰਘ (ਸੋਨੂ), ਚੇਅਰਮੈਨ ਪ੍ਰਿਤਪਾਲ ਸਿੰਘ ਨੈਸਲੇ ਤੇ ਇਸ਼ਮੀਤ ਸਿੰਘ ਸੀਨੀਅਰ ਮੈਂਬਰਾਂ ਦੀ ਨਿਗਰਾਨੀ ਹੇਠ ਹੋਈ, ਇਸ ਕੈਂਪ ਵਿੱਚ ਸਹਿਯੋਗੀ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਗੋਕਲ ਚੰਦ ਤੇ ਉਨ੍ਹਾਂ ਦੇ ਮੈਂਬਰ, ਸਮਾਜ ਸੇਵਾ ਸੁਸਾਇਟੀ ਦੇ ਪ੍ਰਧਾਨ ਗੁਰਸੇਵਕ ਸਿੰਘ ਸੰਨਿਆਸੀ, ਖਾਲਸਾ ਸੇਵਾ ਸੁਸਾਇਟੀ ਦੇ ਪ੍ਰਧਾਨ ਪਰਮਜੋਤ ਸਿੰਘ ਖਾਲਸਾ ਤੇ ਕੁਲਦੀਪ ਸਿੰਘ ਕਲਸੀ ਵੱਲੋਂ ਵੀ ਪੂਰਨ ਸਹਿਯੋਗ ਦਿੱਤਾ ਗਿਆ। ਇਸ ਸਮੇਂ ਦਲ ਦੇ ਮੈਂਬਰਾਂ 'ਚ ਡਾਕਟਰ ਬਲਜਿੰਦਰ ਸਿੰਘ ਬਾਜਵਾ, ਵਾਈਸ ਪ੍ਰਧਾਨ ਗੁਰਮੇਲ ਸਿੰਘ, ਕੈਸ਼ੀਅਰ ਕੇਵਲ ਸਿੰਘ ਨੈਸਲੇ, ਸਹਾਇਕ ਕੈਸ਼ੀਅਰ ਭੁਪਿੰਦਰ ਸਿੰਘ, ਦਫਤਰ ਸਕੱਤਰ ਅਮਰੀਕ ਸਿੰਘ ਆਰਸਨ, ਕੁਲਜੀਤ ਸਿੰਘ (ਰਾਜਾ), ਏਮਨਦੀਪ ਸਿੰਘ, ਜਸ਼ਨਪ੍ਰੀਤ ਸਿੰਘ, ਜੰਮੀਰੂ ਸਿੰਘ, ਮੋਹਣ ਸਿੰਘ, ਗੁਰਜੰਟ ਸਿੰਘ ਤੋਂ ਇਲਾਵਾ ਬਲੱਡ ਸੇਵਾ ਸੁਸਾਇਟੀ ਦੇ ਪ੍ਰਧਾਨ ਗੁਰਨਾਮ ਸਿੰਘ (ਲਵਲੀ) ਨੇ ਵੀ ਹਾਜ਼ਰੀ ਭਰੀ। ਇਸ ਕੈਂਪ ਵਿੱਚ ਗੁਰਦੁਆਰਾ ਨਾਮਦੇਵ ਭਵਨ ਦੀ ਪ੍ਰਬੰਧਕ ਕਮੇਟੀ ਤੇ ਪ੍ਰਧਾਨ ਗੁਰਪ੍ਰੀਤ ਸਿੰਘ ਵੱਲੋਂ ਲੰਗਰ ਪ੍ਰਸ਼ਾਦਾ ਤੇ ਚਾਹ ਦੀ ਸੇਵਾ ਕੀਤੀ ਗਈ। ਇਸ ਕੈਂਪ ਵਿੱਚ ਸਟੇਜ ਦੀ ਸੇਵਾ ਕਰਨਵੀਰ ਸਿੰਘ ਭੰਮ ਤੇ ਬਲਜੀਤ ਸਿੰਘ ਖੀਵਾ ਵੱਲੋਂ ਕੀਤੀ ਗਈ ਤੇ ਆਏ ਹੋਏ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।



## ਰਾਮਗੜ੍ਹੀਆ ਅਕਾਲ ਜਥੇਬੰਦੀ ਨੇ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਗੁਰਦੁਆਰਾ ਵਿਸ਼ਵਕਰਮਾ ਰਾਮਗੜ੍ਹੀਆ ਫਰੀਦਕੋਟ ਵਿਖੇ ਰਾਮਗੜ੍ਹੀਆ ਅਕਾਲ ਜਥੇਬੰਦੀ ਵੱਲੋਂ ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ।ਇਸ ਮੌਕੇ ਜਥੇਬੰਦੀ ਦੇ ਸੂਬਾ ਅਬਜ਼ਰਵਰ ਗੁਰਸੇਵਕ ਸਿੰਘ ਤੇ ਜ਼ਿਲ੍ਹਾ ਚੇਅਰਮੈਨ ਸੁਖਜਿੰਦਰ ਸਿੰਘ ਤੁੰਬੜ ਭਾਨਾ ਨੇ ਸਾਰੇ ਹੀ ਰਾਮਗੜ੍ਹੀਆ ਭਾਈਚਾਰਾ ਤੇ ਕਿਰਤੀ ਲੋਕਾਂ ਨੂੰ ਭਾਈ ਲਾਲੋ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ ਅਤੇ ਭਾਈ ਲਾਲੋ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਬੁਲਾਰਿਆਂ ਨੇ ਦੱਸਿਆ ਕਿ ਕਿਸ ਤਰ੍ਹਾਂ ਭਾਈ ਲਾਲੋ ਦੇ ਵਾਰਸ ਕਿਰਤੀ ਲੋਕਾਂ ਵੱਲੋਂ ਇਸ ਦੁਨੀਆ ਦੇ ਨਿਰਮਾਣ ਵਿੱਚ ਵੱਡਾ ਯੋਗਦਾਨ ਪਾਇਆ ਗਿਆ। ਭਾਈ ਲਾਲੋ ਦੀ ਕਿਰਤ ਨੂੰ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਬਹੁਤ ਹੀ ਸਲਾਹਿਆ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਖੀਵਾ, ਵਾਈਸ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਕੋਟਕਪੂਰਾ, ਹਰਬੰਸ ਸਿੰਘ ਔਲਖ, ਸਤਪਾਲ ਸਿੰਘ, ਹਲਕਾ ਪ੍ਰਧਾਨ ਕੋਟਕਪੂਰਾ ਸੁਖਦੇਵ ਸਿੰਘ, ਠੇਕੇਦਾਰ ਸੁਖਦੇਵ ਸਿੰਘ ਕਲਸੀ, ਮੇਲਾ ਸਿੰਘ ਠੇਕੇਦਾਰ, ਗੁਰਸੇਵ ਸਿੰਘ ਕੋਟ ਸੁਖੀਆ, ਮੋਦਨ ਸਿੰਘ ਕੋਟਕਪੂਰਾ, ਲਖਵੀਰ ਸਿੰਘ ਕੋਟਕਪੂਰਾ, ਕੁਲਵੰਤ ਸਿੰਘ ਫਰੀਦਕੋਟ, ਬਾਗ ਸਿੰਘ ਕਬਰ ਵੱਛਾ, ਸਤਨਾਮ ਸਿੰਘ ਕਬਰ ਵੱਛਾ ਤੇ ਕਿਰਤੀ ਵਰਗ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ।

## ਸ੍ਰੀ ਸਨਾਤਨ ਧਰਮ ਸਭਾ ਵੱਲੋਂ ਨਵਰਾਤਰਿਆਂ ਦੇ ਸੰਬੰਧ 'ਚ ਸਮਾਗਮ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਹਿੰਦੂ ਧਰਮ 'ਚ ਨਵਰਾਤਰਿਆਂ ਦਾ ਖ਼ਾਸ ਮਹੱਤਵ ਹੈ ਤੇ ਨਵਰਾਤਰਿਆਂ ਦੇ ਚਲਦਿਆਂ ਸ੍ਰੀ ਸਨਾਤਨ ਧਰਮ ਸਭਾ ਸਮਾਣਾ ਵੱਲੋਂ ਸਥਾਨਕ ਵਜ਼ੀਰੀ ਵਾਲਾ ਮੰਦਰ ਵਿਖੇ ਇੱਕ ਵਿਸ਼ੇਸ਼ ਸਮਾਗਮ ਕੀਤਾ ਜਾ ਰਿਹਾ ਹੈ ਤੇ ਮਾਤਾ ਰਾਣੀ ਦੀ ਪੂਜਾ ਕਰਵਾਈ ਜਾ ਰਹੀ ਹੈ।ਇਨ੍ਹਾਂ ਨਵਰਾਤਰਿਆਂ ਦੇ ਚਲਦਿਆਂ ਪਹਿਲੇ ਦਿਨ ਹਲਕਾ ਵਿਧਾਇਕ ਸ੍ਰ. ਚੇਤਨ ਸਿੰਘ ਜੌੜਾਮਾਜਰਾ, ਉਦਯੋਗਪਤੀ ਰਮੇਸ਼ ਗਰਗ, ਆਮ ਆਦਮੀ ਪਾਰਟੀ ਦੀ ਬਲਾਕ ਪ੍ਰਧਾਨ ਸੁਨੈਨਾ ਮਿੱਤਲ ਤੇ ਠੇਕੇਦਾਰ ਪ੍ਰਮੋਦ ਸਿੰਗਲਾ ਆਦਿ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਮਾਤਾ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਸੰਸਥਾ ਪ੍ਰਧਾਨ ਵਿਮਲ ਬਾਂਸਲ, ਸਕੱਤਰ ਰਾਮ ਬਾਂਸਲ ਤੇ ਮਨੋਜ ਬਾਂਸਲ ਮੌਂਜਾ ਨੇ ਦੱਸਿਆ ਕਿ ਦੇਸ਼ ਭਰ ਵਿੱਚ ਸ਼ੁਕਲ ਪੱਖ ਦੀ ਪ੍ਰਤਿਪਦਾ ਤਿਥੀ ਤੋਂ ਲੈ ਕੇ ਨੌਮੀ ਤੱਕ ਚੇਤ ਦੇ ਨਰਾਤਿਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ।ਨਰਾਤਿਆਂ ਦੇ 9 ਦਿਨ ਦੇਵੀ ਦੁਰਗਾ ਦੇ ਨੌਂ ਰੂਪਾਂ ਦੀ ਪੂਜਾ ਕੀਤੀ ਜਾਂਦੀ ਹੈ।ਇਸ ਮੌਕੇ ਰਜਿੰਦਰ ਪ੍ਰਸ਼ਾਦ, ਵਰੁਣ ਬਾਂਸਲ, ਕਰਨ ਬਾਂਸਲ, ਪੱਪੂ ਪਾਠਕ, ਰਾਜ ਕੁਮਾਰ, ਕ੍ਰਿਸ਼ਨ ਕੁਮਾਰ, ਤਰੁਨ ਗਰਗ, ਅਮਿਤ ਅਗਰਵਾਲ, ਨਮਨ ਬਾਂਸਲ ਆਦਿ ਮੌਜੂਦ ਰਹੇ।

## ਦੁਸਹਿਰਾ ਉਤਸਵ ਨੂੰ ਲੈ ਕੇ ਪੁਲਸ ਵੱਲੋਂ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਦੁਸਹਿਰਾ ਉਤਸਵ ਸਬੰਧੀ ਪੁਲਸ ਉੱਚ ਅਧਿਕਾਰੀਆਂ ਵੱਲੋਂ ਮਾਛੀਵਾੜਾ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਹੋ ਰਹੀਆਂ ਰਾਮਲੀਲ੍ਹਾ ਮੰਚਨ ਵਾਲੇ ਸਥਾਨਾਂ ਦਾ ਜਾਇਜ਼ਾ ਲਿਆ ਗਿਆ। ਡੀ.ਐੱਸ.ਪੀ. ਕਰਮਜੀਤ ਸਿੰਘ ਗਰੇਵਾਲ ਤੇ ਥਾਣਾ ਮੁਖੀ ਪਵਿੱਤਰ ਸਿੰਘ ਵੱਲੋਂ ਸਥਾਨਕ ਦੁਸਹਿਰਾ ਮੈਦਾਨ ਦਾ ਨਿਰੀਖਣ ਕੀਤਾ ਅਤੇ ਇੱਥੇ ਰਾਮਲੀਲ੍ਹਾ ਦਾ ਮੰਚਨ ਕਰਵਾ ਰਹੀ ਸੰਸਥਾ ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲ੍ਹਾ ਕਮੇਟੀ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ। ਡੀ ਐੱਸ ਪੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਲੋਕਾਂ ਦੀ ਸੁਰੱਖਿਆ ਲਈ ਰਾਮਲੀਲ੍ਹਾ ਦੇ ਮੰਚਨ ਦੌਰਾਨ ਦੁਸਹਿਰਾ ਗਰਾਊਂਡ ਦੇ ਬਾਹਰ ਤੇ ਅੰਦਰ ਪੁਲਸ ਕਰਮਚਾਰੀ ਤਾਇਨਾਤ ਰਹਿਣਗੇ। ਉਨ੍ਹਾ ਕਿਹਾ ਕਿ ਦੁਸਹਿਰਾ ਮੈਦਾਨ ਦੇ ਹਰੇਕ ਥਾਂ 'ਤੇ ਸੀਸੀਟੀਵੀ ਕੈਮਰੇ ਲਗਾ ਦਿੱਤੇ ਗਏ ਹਨ ਤੇ ਪੁਲਸ ਵੱਲੋਂ ਪੂਰੇ ਉਤਸਵ ਦੌਰਾਨ ਨਜ਼ਰ ਰੱਖੀ ਜਾਵੇਗੀ। ਇਸ ਮੌਕੇ ਸਭਾ ਦੇ ਪ੍ਰਧਾਨ ਅਸ਼ੋਕ ਸੂਦ ਨੇ ਪੁਲਸ ਅਧਿਕਾਰੀਆਂ ਨੂੰ ਕਿਹਾ ਕਿ ਪ੍ਰਬੰਧਕ ਕਮੇਟੀ ਹਰ ਸੰਭਵ ਸਹਿਯੋਗ ਦੇਵੇਗੀ। ਇਸ ਤੋਂ ਇਲਾਵਾ ਪੁਲਸ ਅਧਿਕਾਰੀਆਂ ਵੱਲੋਂ ਇੰਦਰਾ ਕਾਲੋਨੀ ਵਿਖੇ ਬਾਲ ਰਾਮਲੀਲ੍ਹਾ ਕਮੇਟੀ ਵੱਲੋਂ ਕਰਵਾਈ ਜਾ ਰਹੀ ਰਾਮਲੀਲ੍ਹਾ ਮੰਚਨ ਵਾਲੇ ਸਥਾਨ ਦਾ ਦੌਰਾ ਕੀਤਾ, ਜਿੱਥੇ ਲੋਕਾਂ ਦੀ ਸੁਰੱਖਿਆ ਲਈ ਪੁਲਸ ਕਰਮਚਾਰੀਆਂ ਦੀ ਡਿਊਟੀ ਲਗਾਈ ਗਈ।

## ਮੁਕਤਸਰ ਵਿਕਾਸ ਮਿਸ਼ਨ ਨੇ ਗੋਬਿੰਦ ਦਾਬੜਾ ਨਾਲ ਦੁੱਖ ਸਾਂਝਾ ਕੀਤਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)**-ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ, ਬੀ. ਐਂਡ ਆਰ. ਵਿਭਾਗ ਵਿੱਚੋਂ ਸੇਵਾ ਮੁਕਤ ਸੁਪਰਡੈਂਟ ਗੋਬਿੰਦ ਸਿੰਘ ਦਾਬੜਾ ਦੀ ਧਰਮਪਤਨੀ ਸੁਰਿੰਦਰ ਕੌਰ ਦਾਬੜਾ (76) ਸੇਵਾ ਮੁਕਤ ਬੀ.ਪੀ.ਈ.ਓ. ਬੀਤੀ 28 ਸਤੰਬਰ ਨੂੰ ਅਕਾਲ ਚਲਾਣਾ ਕਰ ਗਏ ਸਨ।ਉਹ ਆਪਣੇ ਪਿਛੇ ਤਿੰਨ ਉੱਚ ਸਿੱਖਿਆ ਪ੍ਰਾਪਤ, ਵਧੀਆ ਅਹੁਦਿਆਂ 'ਤੇ ਬਿਰਾਜ਼ਮਾਨ ਸ਼ਾਦੀਸ਼ੁਦਾ ਲੜਕੀਆਂ ਨਵਨੀਤ ਦਾਬੜਾ ਧਰਮਪਤਨੀ ਨਰਿੰਦਰ ਪਾਲ ਮੋਂਗਾ, ਨਵਦੀਪ ਕੌਰ ਧਰਮਪਤਨੀ ਵਿਕਰਾਂਤ ਧੀਂਗੜਾ, ਨਵਜੋਤ ਕੌਰ ਧਰਮਪਤਨੀ ਅਮਨਦੀਪ ਸਿੰਘ ਸਮੇਤ ਪੁੱਤਰਾਂ ਵਰਗਾ ਭਤੀਜਾ ਗੋਰਾ ਦਾਬੜਾ ਤੇ ਉਸ ਦੀ ਧਰਮਪਤਨੀ ਸੀਮਾ ਰਾਣੀ ਸਮੇਤ ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਦਾ ਪੂਰਾ ਭਰਿਆ ਬਗੀਚਾ ਛੱਡ ਗਏ ਹਨ।ਆਪਣੇ ਸੇਵਾ ਕਾਰਜਕਾਲ ਦੌਰਾਨ ਅਧਿਆਪਕ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵਜੋਂ ਸੇਵਾ ਨਿਭਾਉਣ ਸਮੇਂ ਸਵ: ਸੁਰਿੰਦਰ ਕੌਰ ਦਾਬੜਾ ਆਪਣੇ ਕਿੱਤੇ ਪ੍ਰਤੀ ਸਮਰਪਤ, ਮਿਹਨਤੀ ਅਧਿਆਪਕ ਤੇ ਇਮਾਨਦਾਰ ਅਧਿਕਾਰੀ ਵਜੋਂ ਜਾਣੇ ਜਾਂਦੇ ਰਹੇ।ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਅੱਜ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਸਥਾਨਕ ਗਾਂਧੀ ਨਗਰ ਸਥਿਤ ਗੋਬਿੰਦ ਸਿੰਘ ਦਾਬੜਾ ਦੇ ਗ੍ਰਹਿ ਵਿਖੇ ਜਾ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਮਿਸ਼ਨ ਦੇ ਸੀਨੀਅਰ ਆਗੂ ਚੌ. ਬਲਬੀਰ ਸਿੰਘ, ਡਾ. ਜਸਵਿੰਦਰ ਸਿੰਘ, ਓ. ਪੀ. ਖਿੱਚੀ, ਰਾਜੇਸ਼ ਗਿਰਧਰ, ਗੁਰਨਾਮ ਸਿੰਘ ਲੈਕਚਰਾਰ ਤੇ ਨਰਿੰਦਰ ਕਾਕਾ ਆਦਿ ਪ੍ਰਧਾਨ ਨਾਲ ਮੌਜੂਦ ਸਨ। ਸਵ: ਸੁਰਿੰਦਰ ਕੌਰ ਦਾਬੜਾ ਨਮਿਤ ਕੀਰਤਨ ਤੇ ਅੰਤਿਮ ਅਰਦਾਸ 6 ਅਕਤੂਬਰ ਨੂੰ ਦੁਪਹਿਰ 12:00 ਤੋਂ 1:00 ਵਜੇ ਤੱਕ ਸਥਾਨਕ ਜਲਾਲਾਬਾਦ ਰੋਡ ਸਥਿਤ ਸ਼ਿਵ ਸ਼ਕਤੀ ਹਾਲ ਵਿਖੇ ਹੋਵੇਗੀ।

## ਪੀ ਏ ਯੂ ਪੈਨਸ਼ਨਰ ਤੇ ਰਿਟਾਇਰੀਜ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਲੁਧਿਆਣਾ (ਐਮ ਐਸ ਭਾਟੀਆ)**-ਪੀ.ਏ.ਯੂ ਪੈਨਸ਼ਨਰ ਤੇ ਰਿਟਾਇਰੀਜ ਵੈਲਫੇਅਰ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ ਸਾਥੀ ਪਰਮਜੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਕਾਮਰੇਡ ਜੋਗਿੰਦਰ ਰਾਮ ਨੇ ਚਲਾਈ ਤੇ ਵੱਖ-ਵੱਖ ਮਸਲੇ ਵਿਚਾਰੇ ਗਏ, ਜਿਵੇਂ 1-1-16 ਤੋਂ 1-7-21 ਤੱਕ ਰਿਟਾਇਰ ਹੋਏ ਸਾਥੀਆਂ ਨੂੰ ਗ੍ਰੈਚੁਇਟੀ ਤੇ ਲੀਵ ਇਨਕੈਸਮੈਂਟ ਲਈ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਬਕਾਇਆ ਰਾਸ਼ੀ ਜਲਦੀ ਜਾਰੀ ਕੀਤੀ ਜਾਵੇ। ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਜਨਵਰੀ 2016 ਤੋਂ ਬਾਅਦ ਦਾ ਬਣਦਾ ਬਕਾਇਆ ਜਲਦੀ ਜਾਰੀ ਕੀਤਾ ਜਾਵੇ, ਕਿਉਂਕਿ ਦੇਸ਼ ਦੇ ਬਾਕੀ ਸੂਬਿਆਂ ਨੇ ਬਕਾਏ ਜਾਰੀ ਕਰ ਦਿੱਤੇ ਹਨ।ਉਪਰੋਕਤ ਮਸਲਿਆਂ ਬਾਰੇ ਸਾਥੀ ਪਰਮਜੀਤ ਸਿੰਘ ਗਿੱਲ, ਕਾਮਰੇਡ ਜੋਗਿੰਦਰ ਰਾਮ, ਜੈਪਾਲ ਸਿੰਘ ਤੇ ਪ੍ਰੀਤਮ ਸਿੰਘ ਆਦਿ ਨੇ ਸੰਬੋਧਨ ਕੀਤਾ।

## ਜਗਸੀਰ ਸਿੰਘ ਸ਼ੀਰਾ ਬਹੁਮੰਤਵੀ ਸਹਿਕਾਰੀ ਖੇਤਬਾੜੀ ਸਭਾ ਦੇ ਪ੍ਰਧਾਨ ਬਣੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਦੀ ਛੀਨੀਵਾਲ ਕਲਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਦੇ ਸਕੱਤਰ ਸੁਖਚੈਨ ਸਿੰਘ ਦੀ ਨਿਗਰਾਨੀ ਹੇਠ ਸਭਾ ਦੇ ਚੁਣੇ ਹੋਏ ਮੈਂਬਰਾਂ ਵੱਲੋਂ ਬਹੁਸੰਮਤੀ ਨਾਲ ਮਤਾ ਪਾਸ ਕਰਕੇ ਕਿਸਾਨ ਆਗੂ ਜਗਸੀਰ ਸਿੰਘ ਛੀਨੀਵਾਲ ਨੂੰ ਸਭਾ ਦਾ ਪ੍ਰਧਾਨ ਪ੍ਰਧਾਨ ਚੁਣ ਲਿਆ ਗਿਆ।ਸੀਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ, ਅਤੇ ਸੁਖਵਿੰਦਰ ਸਿੰਘ ਕਾਕਾ ਨੂੰ ਮੀਤ ਪ੍ਰਧਾਨ ਬਣਾਇਆ ਗਿਆ।ਇਸ ਮੌਕੇ ਨਵ ਨਿਯੁਕਤ ਪ੍ਰਧਾਨ ਛੀਨੀਵਾਲ ਨੇ ਕਿਹਾ ਕਿ ਮੈਂ ਪਿੰਡ ਵਾਸੀਆਂ ਦਾ ਹਮੇਸ਼ਾ ਕਰਜ਼ਦਾਰ ਰਹਾਂਗਾ, ਜਿਨ੍ਹਾਂ ਨੇ ਦਾਸ ਤੇ ਸਮੂਹ ਕਮੇਟੀ ਨੂੰ ਸੇਵਾ ਦਾ ਮੌਕਾ ਦਿੱਤਾ।ਉਨ੍ਹਾਂ ਦੱਸਿਆ ਕਿ ਨਵੀ ਚੁਣੀ ਕਮੇਟੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਬੰਦ ਪਏ ਡੀਜ਼ਲ ਪੰਪ ਨੂੰ ਚਾਲੂ ਕਰਾ ਦਿੱਤਾ ਹੈ, ਸੁਸਾਇਟੀ ਦੀ ਇਮਾਰਤ ਨੂੰ ਮਾਡਰਨ ਦਿੱਖ, ਕਿਸਾਨ ਭਰਾਵਾਂ ਦੇ ਬੈਠਣ ਲਈ ਏ ਸੀ ਅਰਾਮ ਘਰ ਤੇ ਆਲੀਸ਼ਾਨ ਝੌਂਪੜੀ ਬਣਾਈ ਗਈ ਹੈ।ਸੰਦਾਂ ਦੀ ਨਿਗਰਾਨੀ ਲਈ ਸੀ.ਸੀ.ਟੀ.ਐਮ ਵੀ ਕੈਮਰੇ, ਹਰਿਆਵਲ ਲਈ ਬੂਟੇ ਤੇ ਇੰਟਰਲਾਕ ਟਾਇਲ ਲਗਵਾਈ ਗਈ।ਮੱਧ ਵਰਗੀ ਕਿਸਾਨਾਂ ਲਈ 70 ਹਾਰਸ ਪਾਵਰ ਦਾ ਫੋਰ ਵਾਈ ਫੋਰ ਨਵਾਂ ਟਰੈਕਟਰ, ਸੁਪਰ ਸੀਡਰ ਉਲਟਾਵੇ ਹਲ, ਸਮਾਟ ਸੀਡਰ ਆਦਿ ਗਿਆਰਾਂ ਨਵੇਂ ਆਧੁਨਿਕ ਸੰਦ ਕਿਸਾਨਾਂ ਲਈ ਲਿਆਂਦੇ ਗਏ ਹਨ।ਉਨ੍ਹਾਂ ਕਿਹਾ ਕਿ ਨਵਨਿਯੁਕਤ ਕਮੇਟੀ ਵੱਲੋਂ ਭਵਿੱਖ 'ਚ ਵੀ ਖੇਤੀਬਾੜੀ ਸਹਿਕਾਰੀ ਸਭਾ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਸਿਰਤੋੜ ਯਤਨ ਕੀਤੇ ਜਾਣਗੇ।ਸਹਿਕਾਰੀ ਸਭਾ ਨੂੰ ਜ਼ਿਲ੍ਹੇ 'ਚ ਪਹਿਲੇ ਨੰਬਰ 'ਤੇ ਪੁਚਾ ਕੇ ਮੁਨਾਫ਼ਾ ਕਿਸਾਨਾਂ ਨੂੰ ਵੰਡਿਆ ਜਾਇਆ ਕਰੇਗਾ।ਸਟਾਫ਼ ਮੈਂਬਰਾਂ, ਵੱਖ-ਵੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ, ਨਗਰ ਨਿਵਾਸੀਆਂ ਵੱਲੋਂ ਨਵੇਂ ਚੁਣੇ ਗਏ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਤੇ ਸਮੂਹ ਅਹੁਦੇਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

# ਕਿਸਾਨੀ ਮੰਗਾਂ ਲੈ ਕੇ ਏਕਤਾ ਅਜ਼ਾਦ ਨੇ ਸੁਨਾਮ ਸਟੇਸ਼ਨ 'ਤੇ ਰੇਲਾਂ ਰੋਕੀਆਂ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਦੋਵਾਂ ਮੋਰਚਿਆਂ ਦੇ ਸੱਦੇ 'ਤੇ ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ ਦਿਵਾਉਣ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਵੀਰਵਾਰ ਪੂਰੇ ਭਾਰਤ ਵਿੱਚ ਦੋ ਘੰਟੇ ਦਾ ਰੇਲ ਰੋਕੋ ਪ੍ਰੋਗਰਾਮ ਕੀਤਾ ਗਿਆ, ਜਿਸ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਜ਼ਿਲ੍ਹਾ ਕਾਰਜਕਾਰੀ ਆਗੂ ਕੁਲਵਿੰਦਰ ਸੋਨੀ ਲੌਂਗੋਵਾਲ ਦੀ ਅਗਵਾਈ ਵਿੱਚ ਸੁਨਾਮ ਦੇ ਰੇਲਵੇ ਸਟੇਸ਼ਨ 'ਤੇ ਰੇਲਾਂ ਰੋਕੀਆਂ ਗਈਆਂ। ਸੂਬਾ ਕਾਰਜਕਾਰੀ ਆਗੂ ਜਸਵਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਅੱਜ ਤਿੰਨ ਸਾਲ ਤੋਂ ਵੀ ਉੱਪਰ ਦਾ ਸਮਾਂ ਲਖੀਮਪੁਰ ਖੀਰੀ ਵਿੱਚ ਆਪਣਾ ਹੱਕ ਮੰਗ ਰਹੇ ਕਿਸਾਨ ਭਰਾਵਾਂ ਦੇ ਉੱਪਰ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਦੇ ਵੱਲੋਂ ਆਪਣੀ ਗੱਡੀ ਚੜ੍ਹਾ ਕੇ ਸ਼ਹੀਦ ਕੀਤਿਆਂ ਨੂੰ ਹੋ ਗਿਆ ਹੈ।ਲਗਾਤਾਰ ਮੋਦੀ ਸਰਕਾਰ ਦੀ ਸ਼ਹਿ 'ਤੇ ਕੇਂਦਰੀ ਮੰਤਰੀ ਤੇ ਉਸ ਦਾ ਬੇਟਾ ਖੁੱਲ੍ਹੇਆਮ ਬਾਹਰ ਘੁੰਮ ਰਹੇ ਹਨ ਤੇ ਬੀਜੇਪੀ ਸਰਕਾਰ ਵੱਲੋਂ ਲਗਾਤਾਰ ਉਨ੍ਹਾਂ ਨੂੰ ਦੁਬਾਰਾ ਟਿਕਟਾਂ ਦੇ ਕੇ ਨਿਵਾਜਿਆ ਜਾ ਰਿਹਾ ਹੈ ਤੇ ਕਿਸਾਨ ਭਰਾਵਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ।ਅੱਜ ਦਾ ਪ੍ਰੋਗਰਾਮ ਮੋਦੀ ਸਰਕਾਰ ਨੂੰ ਸਾਫ ਸ਼ਬਦਾਂ ਵਿੱਚ ਚੇਤਾਵਨੀ ਹੈ ਕਿ ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਜੇ ਜਲਦੀ ਸਜ਼ਾਵਾਂ ਨਾ ਦਿੱਤੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਸੂਬਾ ਕਾਰਜਕਾਰੀ ਆਗੂ ਦਿਲਬਾਗ ਸਿੰਘ ਹਰੀਗੜ੍ਹ ਨੇ ਕਿਹਾ ਕਿ ਪੰਜਾਬ ਸਰਕਾਰ ਜਿਹੜੀ ਕਿਸਾਨਾਂ ਦੀ ਹਮਦਰਦ ਸਰਕਾਰ ਕਹਿੰਦੀ ਨ੍ਹੀਂ ਥਕਦੀ, ਉਨ੍ਹਾਂ ਦੇ ਰਾਜ ਵਿੱਚ ਕਿਸ ਤਰ੍ਹਾਂ ਵੱਡੀ ਪੱਧਰ 'ਤੇ ਡੀ ਏ ਪੀ ਦੀ ਕਾਲਾਬਾਜ਼ਾਰੀ ਦੇ ਨਾਲ ਧੜੱਲੇ ਨਾਲ ਨਕਲੀ ਡੀ ਏ ਪੀ ਵਿਕ ਰਿਹਾ ਹੈ।ਕਣਕ ਦੀ ਬੀਜਾਈ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਡੀ ਏ ਪੀ ਦੀ ਘਾਟ ਪੂਰੇ ਪੰਜਾਬ ਵਿੱਚ ਬਣੀ ਹੋਈ ਹੈ, ਜਿਸ ਨਾਲ ਕਿਸਾਨਾਂ ਵਿੱਚ ਸਹਿਮ ਦਾ ਮਾਹੌਲ ਹੈ। ਸੂਬਾ ਕਾਰਜਕਾਰੀ ਆਗੂ ਭੈਣ ਬਲਜੀਤ ਕੌਰ ਨੇ ਕਿਹਾ ਕਿ ਸਰਕਾਰ ਵੱਲੋਂ ਲਗਾਤਾਰ ਕਿਸਾਨੀ ਮੋਰਚੇ ਦੇ ਸ਼ਹੀਦਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।ਨਾ ਤਾਂ ਸਰਕਾਰ ਵੱਲੋਂ ਐਲਾਨੀ ਵਿੱਤੀ ਸਹਾਇਤਾ ਪਰਵਾਰਾਂ ਨੂੰ ਦਿੱਤੀ ਜਾ ਰਹੀ ਹੈ, ਨਾ ਇੱਕ ਜੀ ਨੂੰ ਬਣਦੀ ਸਰਕਾਰੀ ਨੌਕਰੀ ਸਰਕਾਰ ਵੱਲੋਂ ਦਿੱਤੀ ਜਾ ਰਹੀ ਹੈ।ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਮੰਗਾਂ ਨੂੰ ਲੈ ਕੇ ਵੀ ਵੱਡੇ ਪ੍ਰੋਗਰਾਮ ਪੰਜਾਬ ਸਰਕਾਰ ਵਿਰੁੱਧ ਕੀਤੇ ਜਾਣਗੇ।ਸੋ ਇਨ੍ਹਾਂ ਪ੍ਰੋਗਰਾਮਾਂ ਦੀ ਵਿਉਂਤਬੰਦੀ ਲਈ ਆਗੂਆਂ ਨੂੰ ਜੁੱਟ ਜਾਣ ਦੀ ਹਦਾਇਤ ਕੀਤੀ ਗਈ।ਧਰਨੇ ਵਿੱਚ ਜ਼ਿਲ੍ਹਾ ਕਾਰਜਕਾਰੀ ਆਗੂ ਸੰਤ ਰਾਮ ਛਾਜਲੀ, ਜਸਵੀਰ ਸਿੰਘ ਮੈਦੇਵਾਸ, ਸੁਖਦੇਵ ਸ਼ਰਮਾ, ਰਾਜ ਥੇੜ੍ਹੀ, ਹਰਦੇਵ ਕੁਲਾਰ, ਹੈਪੀ ਨਮੋਲ, ਬਲਜੀਤ ਗੋਬਿੰਦਗੜ੍ਹ, ਬਲਵਿੰਦਰ ਲੱਖੇਵਾਲ, ਕੁਲਵਿੰਦਰ ਪੇਧਨੀ, ਜੱਗਰ ਸਿੰਘ, ਭੈਣ ਕਰਮਜੀਤ ਕੌਰ, ਬਿੰਦਰ ਦਿੜ੍ਹਬਾ, ਸੁਖਦੇਵ ਲੌਂਗੋਵਾਲ ਨੇ ਵੀ ਸੰਬੋਧਨ ਕੀਤਾ।

## 530 ਗ੍ਰਾਮ ਹੈਰੋਇਨ ਤੇ ਮੋਟਰਸਾਈਕਲ ਸਮੇਤ ਦੋ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਔਰਤ ਤੇ ਵਿਅਕਤੀ ਨੂੰ 530 ਗ੍ਰਾਮ ਹੈਰੋਇਨ ਤੇ 1 ਮੋਟਰਸਾਈਕਲ ਬਿਨਾਂ ਨੰਬਰੀ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਆਰਿਫ ਕੇ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਪਿੰਡ ਬੰਡਾਲਾ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਸਵਰਨਜੀਤ ਸਿੰਘ ਉਰਫ ਗੋਲਾ ਪੁੱਤਰ ਮੁਖਤਿਆਰ ਸਿੰਘ ਤੇ ਪਰਮਜੀਤ ਕੌਰ ਪਤਨੀ ਮੁਖਤਿਆਰ ਸਿੰਘ ਵਾਸੀਅਨ ਪੱਤੀ ਬੀਜੇ ਕੇ ਡੱਲ ਖਾਲੜਾ ਜ਼ਿਲ੍ਹਾ ਤਰਨ ਤਾਰਨ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ, ਜੋ ਅੱਜ ਫਿਰੋਜ਼ਪੁਰ ਏਰੀਆ ਵਿੱਚ ਡਲੀਵਰੀ ਦੇਣ ਲਈ ਮੋਟਰਸਾਈਕਲ 'ਤੇ ਸਵਾਰ ਹੋ ਕੇ ਆ ਰਹੇ ਹਨ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀਆਨ ਨੂੰ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 530 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਭਗਤ ਨਾਮਦੇਵ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਸਮਾਗਮ ਲਈ ਆਗੂਆਂ ਨੂੰ ਸੱਦਾ ਪੱਤਰ



**ਸੰਗਰੂਰ (ਪ੍ਰਵੀਨ ਸਿੰਘ)**

ਆਲ ਇੰਡੀਆ ਕਸ਼ੱਤਰੀਆ ਟਾਂਕ ਪ੍ਰਤੀਨਿਧੀ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਦੀ ਅਗਵਾਈ ਵਿੱਚ ਗੁਰਦੁਆਰਾ ਭਗਤ ਨਾਮਦੇਵ ਜੀ ਸੰਗਰੂਰ, ਬਰਨਾਲਾ, ਗੁਰਦੁਆਰਾ ਤਪਿਆਣਾ ਸਾਹਿਬ ਘੁਮਾਣ ਤੇ ਗੁਰਦੁਆਰਾ ਸਾਹਿਬ ਚਰਨ ਕਮਲ ਘੁਮਾਣ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਵੱਲੋਂ ਫ਼ੈਸਲਾ ਕੀਤਾ ਗਿਆ ਸੀ ਕਿ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ 754ਵੇਂ ਜਨਮ ਦਿਹਾੜੇ ਨੂੰ ਸਮਰਪਤ ਸੂਬਾ ਪੱਧਰੀ ਗੁਰਮਤਿ ਸਮਾਗਮ ਗੁਰਦੁਆਰਾ ਤਪਿਆਣਾ ਸਾਹਿਬ ਘੁਮਾਣ ਵਿਖੇ 10, 11 ਅਤੇ 12 ਨਵੰਬਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇ।

ਸੂਬਾ ਪੱਧਰੀ ਸਮਾਗਮ ਨੂੰ ਲੈ ਕੇ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਦੀ ਅਗਵਾਈ ਵਿੱਚ ਵੱਖ-ਵੱਖ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਆਗੂਆਂ ਨੇ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਦੇ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਤਵੀਰ ਸਿੰਘ ਧਾਮੀ ਨਿੱਜੀ ਸਕੱਤਰ, ਲਖਵੰਤ ਸਿੰਘ ਚੀਫ਼, ਬਲਜੀਤ ਸਿੰਘ ਇੰਚਾਰਜ ਖਰੀਦ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਿੱਥੇ ਸੱਦਾ ਪੱਤਰ ਦਿੱਤਾ ਗਿਆ, ਉੱਥੇ ਇਨ੍ਹਾਂ ਸ਼ਖ਼ਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ।

## ਪਿੰਡਾਂ 'ਚ ਪੰਚਾਇਤੀ ਚੋਣਾਂ ਨੂੰ ਲੈ ਕੇ ਗਰਮਜੋਸ਼ੀ ਵਾਲਾ ਮਾਹੌਲ

**ਬਠਿੰਡਾ (ਰਾਜੀਵ ਗੋਇਲ)**-ਸੂਬੇ ਅੰਦਰ ਪੰਚਾਇਤੀ ਚੋਣਾਂ ਨੂੰ ਲੈ ਕੇ ਕੀਤੇ ਗਏ ਐਲਾਨ ਤੋਂ ਬਾਅਦ ਪਿੰਡਾਂ 'ਚ ਗਰਮਜੋਸ਼ੀ ਵਾਲਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ ਅਤੇ ਭਗਤਾ ਬਲਾਕ ਦੇ ਕਈ ਪਿੰਡਾਂ 'ਚ ਤਾਂ ਲੜਾਈ ਝਗੜੇ ਦੇ ਵੀ ਆਸਾਰ ਬਣੇ ਹੋਏ ਹਨ। ਪਿਛਲੇ ਦੋ ਦਿਨ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਮੇਨ ਚੌਕ ਵਿੱਚ ਕਾਗਜ਼ ਭਰਨ ਤੇ ਐੱਨ ਓ ਸੀਜ਼ ਨੂੰ ਲੈ ਕੇ ਧਰਨਾ ਵੀ ਲੱਗਿਆ ਰਿਹਾ, ਜਿਸ ਵਿੱਚ ਸਿਰਫ ਵਿਰੋਧੀ ਪਾਰਟੀਆਂ ਦੇ ਹੀ ਨਹੀਂ ਸਗੋਂ ਮੌਜੂਦਾ ਪਾਰਟੀ ਦੇ ਕਾਰਕੁੰਨ ਵੀ ਧਰਨੇ 'ਚ ਸ਼ਮੂਲੀਅਤ ਕਰਦੇ ਨਜ਼ਰ ਆਏ। ਜੇਕਰ ਅੱਜ ਦੇ ਹਾਲਾਤਾਂ ਦੀ ਗੱਲ ਕੀਤੀ ਜਾਵੇ ਤਾਂ ਪਿੰਡਾਂ ਅੰਦਰ ਪੰਚਾਇਤੀ ਚੋਣਾਂ ਵਿੱਚ ਵਿਰੋਧੀ ਉਮੀਦਵਾਰਾਂ ਦੀ ਚਾਂਦੀ ਹੈ ਤੇ ਆਮ ਲੋਕ ਮੌਜੂਦਾ ਸਰਕਾਰ ਦੇ ਉਮੀਦਵਾਰਾਂ ਨੂੰ ਛੱਡ ਪੁਰਾਣੀਆਂ ਪਾਰਟੀਆਂ ਦੇ ਆਗੂਆਂ ਨੂੰ ਤਰਜੀਹ ਦਿੰਦੇ ਨਜ਼ਰ ਆ ਰਹੇ ਹਨ।

ਉਧਰ ਖੁੰਡ ਚਰਚਾ ਇਹ ਵੀ ਹੈ ਕਿ ਜੇਕਰ ਇਨ੍ਹਾਂ ਪੰਚਾਇਤੀ ਚੋਣਾਂ ਵਿੱਚ ਕਿਸੇ ਵੀ ਕਿਸਮ ਦੀ ਧਾਂਦਲੀ ਨਾ ਹੋਈ ਤਾਂ ਆਪ ਸਰਕਾਰ ਨੂੰ ਆਪਣੀ ਸਥਿਤੀ ਆਪਣੇ ਆਪ ਸਪੱਸ਼ਟ ਹੋ ਜਾਵੇਗੀ।

# ਅੰਤਰਰਾਸ਼ਟਰੀ ਬਜ਼ੁਰਗ ਦਿਵਸ ਧੂਮਧਾਮ ਨਾਲ ਬਣਾਇਆ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਬਜ਼ੁਰਗ ਸਾਡੇ ਸਮਾਜ ਦਾ ਇੱਕ ਅਜਿਹਾ ਸਨਮਾਨਤ ਅੰਗ ਹਨ, ਜਿਨ੍ਹਾਂ ਨੂੰ ਸ਼ਾਮਲ ਕੀਤੇ ਬਿਨਾਂ ਕੋਈ ਵੀ ਕੰਮ ਨੇਪਰੇ ਚੜ੍ਹਨਾ ਬਹੁਤ ਹੀ ਮੁਸ਼ਕਲ ਹੈ।ਜੇ ਗੱਲ ਕਰੀਏ ਸਾਡੇ ਦੇਸ਼ ਦੀ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਨੂੰ ਜ਼ਿਆਦਾਤਰ ਬਜ਼ੁਰਗ ਹੀ ਚਲਾ ਰਹੇ ਹਨ, ਕਿਉਂਕਿ ਬਜ਼ੁਰਗਾਂ ਕੋਲ ਤਜਰਬਾ ਹੀ ਇਨਾ ਹੁੰਦਾ ਹੈ, ਜਿਸ ਨਾਲ ਉਨ੍ਹਾਂ ਨੂੰ ਕਿਸੇ ਕੰਮ ਵਿੱਚ ਕੋਈ ਮੁਸ਼ਕਲ ਨਹੀਂ ਆਉਂਦੀ।ਇਸੇ ਲਈ ਕਿਹਾ ਜਾਂਦਾ ਹੈ ਕਿ ਬਜ਼ੁਰਗ ਸਾਡੇ ਦੇਸ਼ ਦਾ ਅਨਮੋਲ ਸਰਮਾਇਆ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰਧਾਨ ਪੀ ਡੀ ਸ਼ਰਮਾ ਨੇ ਫਿਰੋਜ਼ਪੁਰ ਵਿਖੇ ਮਨਾਏ ਗਏ ਬਜ਼ੁਰਗ ਦਿਵਸ ਮੌਕੇ ਕੀਤਾ।ਸੀਨੀਅਰ ਸਿਟੀਜਨ ਕੌਂਸਲ ਰਜਿਸਟਰਡ ਫਿਰੋਜ਼ਪੁਰ ਵੱਲੋਂ ਪੀ ਡੀ ਸ਼ਰਮਾ ਦੀ ਪ੍ਰਧਾਨਗੀ ਹੇਠ ਅੰਤਰਰਾਸ਼ਟਰੀ ਬਜ਼ੁਰਗ ਦਿਵਸ ਧੂਮਧਾਮ ਨਾਲ ਬਾਗਵਾਨ ਵਿਖੇ ਮਨਾਇਆ ਗਿਆ।ਇਸ ਮੌਕੇ ਕੌਂਸਲ ਦੇ ਸੀਨੀਅਰ ਤੇ ਬਜ਼ੁਰਗ ਮੈਂਬਰ ਮਾਨਯੋਗ ਸ੍ਰੀਮਤੀ ਸ਼ਸ਼ੀ ਕੱਕੜ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਉਨ੍ਹਾਂ ਦੇ ਨਾਲ ਗੁਰਚਰਨ ਸਿੰਘ ਸੇਠੀ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।ਜਾਣਕਾਰੀ ਦਿੰਦੇ ਹੋਏ ਕੌਂਸਲ ਦੇ ਪ੍ਰਧਾਨ ਪੀ ਡੀ ਸ਼ਰਮਾ ਨੇ ਦੱਸਿਆ ਕਿ ਇਹਨਾਂ ਮਹਿਮਾਨਾਂ ਦੇ ਬਾਗਬਾਨ ਵਿਖੇ ਪੁੱਜਣ 'ਤੇ ਸਮੂਹ ਕੌਂਸਲ ਮੈਂਬਰਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਬਜ਼ੁਰਗਾਂ ਦਾ ਸਨਮਾਨ ਕਿੰਨਾ ਜ਼ਰੂਰੀ ਹੈ।ਇਸ ਮੌਕੇ ਸਮਾਗਮ ਵਿੱਚ ਸ਼ਾਮਲ ਹੋਏ ਮੁੱਖ ਮਹਿਮਾਨ ਸ਼ਸ਼ੀ ਕੱਕੜ ਨੇ ਕਿਹਾ ਕਿ ਉਨ੍ਹਾਂ ਨੂੰ ਇੱਥੇ ਆ ਕੇ ਇੱਕ ਵਿਸ਼ੇਸ਼ ਖੁਸ਼ੀ ਮਿਲਦੀ ਹੈ, ਕਿਉਂਕਿ ਇੱਥੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਜ਼ੁਰਗਾਂ ਦਾ ਸਨਮਾਨ ਕਰਨ ਦਾ ਸੰਦੇਸ਼ਾ ਦਿੱਤਾ ਜਾਂਦਾ ਹੈ, ਉਥੇ ਨਾਲ ਹੀ ਇਥੇ ਬਜ਼ੁਰਗ ਕਲਾਕਾਰ ਆਪਣੇ ਕਲਾ ਦੇ ਜੌਹਰ ਦਿਖਾ ਕੇ ਸਮੇਂ ਨੂੰ ਖੁਸ਼ੀਆਂ ਵਿੱਚ ਬਣ ਦਿੰਦੇ ਹਨ।ਇਸ ਮੌਕੇ ਕੌਂਸਲ ਵੱਲੋਂ ਆਪਣੇ ਸਤਿਕਾਰਤ ਮੈਂਬਰਾਂ ਸ਼ਸ਼ੀ ਕੱਕੜ, ਹਰੀ ਚੰਦ ਚੋਪੜਾ, ਕਮਲ ਦਾਸ, ਸੀਜੇ ਮਹਾਜਨ, ਦੇਵਰਾਜ ਚਾਵਲਾ ਤੇ ਸੁਰਿੰਦਰ ਮੋਂਗਾ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ।ਇਸ ਮੌਕੇ ਸੀਨੀਅਰ ਸਿਟੀਜਨ ਕਲਾਕਾਰ ਪ੍ਰੇਮ ਨਾਥ, ਹਰੀ ਚੰਦ ਚੋਪੜਾ, ਕਮਲ ਦਾਸ, ਸ਼ਿਵਦਰਸ਼ਨ ਲਾਲ ਤੇ ਹੋਰ ਬਹੁਤ ਸਾਰੇ ਕਲਾਕਾਰਾਂ ਨੇ ਆਪਣੇ ਕਲਾ ਦੇ ਜੌਹਰ ਦਿਖਾਏ ਤੇ ਸਮਾਗਮ ਨੂੰ ਖੁਸ਼ੀਆਂ ਨਾਲ ਭਰ ਦਿੱਤਾ।ਸ਼ਸ਼ੀ ਚੁੱਘ ਸਕਿਟ ਪੇਸ ਵਿੱਚ ਕਰਨ ਵਿੱਚ ਬਹੁਤ ਹੀ ਮਾਹਰ ਕਲਾਕਾਰ ਹੈ।ਇਸ ਮੌਕੇ ਕੌਂਸਲ ਦੇ ਪ੍ਰਧਾਨ ਪੀ ਡੀ ਸ਼ਰਮਾ ਨੇ ਆਏ ਮਹਿਮਾਨਾਂ ਤੇ ਕੌਂਸਲ ਅਧਿਕਾਰੀਆਂ ਨੇ ਜਨਮ ਦਿਨ ਵਾਲੇ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਤੋਹਫੇ ਦੇ ਕੇ ਸਨਮਾਨਤ ਕੀਤਾ।ਅੰਤ ਵਿੱਚ ਕੌਂਸਲ ਅਧਿਕਾਰੀਆਂ ਵੱਲੋਂ ਪੀ ਡੀ ਸ਼ਰਮਾ ਦੀ ਪ੍ਰਧਾਨਗੀ ਹੇਠ ਆਏ ਮਹਿਮਾਨਾਂ ਨੂੰ ਸਨਮਾਨ੍ਹ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ।

## ਕਾਠਗੜ੍ਹ ਵਿਖੇ ਹੋਈ ਲੜਾਈ 'ਚ 4 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਕਾਠਗੜ੍ਹ ਵਿਖੇ ਬੀਤੇ ਦਿਨੀਂ ਘਰ ਵਿੱਚ ਆ ਕੇ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿੱਚ 4 ਲੋਕਾਂ ਖਿਲਾਫ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਰਚਾ ਦਰਜ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮੁੱਦਈ ਜਸਬੀਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਕਾਠਗੜ੍ਹ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ 31-08-2024 ਦੀ ਰਾਤ ਕਰੀਬ 10.30 ਵਜੇ ਉਸ ਦਾ ਸਾਲਾ ਸੁਖਚੈਨ ਸਿੰਘ ਵਗੈਰਾ ਨੇ ਉਸ ਦੇ ਘਰ ਆ ਕੇ ਉਸ ਦੀ ਤੇ ਉਸ ਦੇ ਮਾਤਾ ਦੀ ਕੁੱਟਮਾਰ ਕੀਤੀ ਅਤੇ ਸੱਟਾਂ ਲੱਗਣ ਦੇ ਕਾਰਨ ਉਨ੍ਹਾਂ ਨੂੰ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਦਾਖਲ ਕਰਵਾਇਆ ਗਿਆ ਹੈ। ਇਸ ਦੇ ਬਾਅਦ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਦਾਖਲ ਕਰਵਾਇਆ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਲੜਾਈ ਦੇ ਦੌਰਾਨ ਜ਼ਖ਼ਮੀ ਵਿਅਕਤੀ ਨੂੰ 8 ਸਤੰਬਰ 2024 ਨੂੰ ਛੁੱਟੀ ਲੈ ਕੇ ਘਰ ਆ ਗਿਆ ਸੀ ਤੇ ਦੋਵਾਂ ਧਿਰਾਂ ਦੇ ਵਿਚਕਾਰ ਆਪਸੀ ਰਾਜ਼ੀਨਾਮੇ ਦੀ ਗੱਲ ਚਲਦੀ ਰਹੀ, ਜੋ ਸਿਰੇ ਨਾ ਚੜ੍ਹ ਸਕੀ, ਜਿਸ 'ਤੇ ਮੁੱਦਈ ਜਸਬੀਰ ਸਿੰਘ ਵੱਲੋਂ ਪੁਲਸ ਕੋਲ ਦਰਜ ਕਰਵਾਏ ਬਿਆਨਾਂ ਦੇ ਅਧਾਰ 'ਤੇ ਸੁਖਚੈਨ ਸਿੰਘ ਉਰਫ ਰਮਨ ਪੁੱਤਰ ਜੋਗਿੰਦਰ ਸਿੰਘ ਵਾਸੀ ਊਝਾ ਵਾਲੀ, ਯੁਵਰਾਜ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਊਝਾ ਵਾਲੀ, ਗੁਰਦਾਸ ਸਿੰਘ ਪੁੱਤਰ ਸੋਮਾ ਸਿੰਘ ਵਾਸੀ ਊਝਾ ਵਾਲੀ ਤੇ ਜੀਤੋ ਬਾਈ ਪਤਨੀ ਜੋਗਿੰਦਰ ਸਿੰਘ ਵਾਸੀ ਊਝਾ ਵਾਲੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

## ਸਰਕਾਰੀ ਕਾਲਜ 'ਚ ਸਹਾਇਕ ਪ੍ਰੋਫੈਸਰਾਂ ਵੱਲੋਂ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਪ੍ਰਗਟ



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਗੈਸਟ ਫੈਕਲਟੀ ਸੰਯੁਕਤ ਫਰੰਟ ਪੰਜਾਬ ਦੇ ਸੱਦੇ 'ਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਵਿਰੁੱਧ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਨੇ ਕਾਲੀਆਂ ਪੱਟੀਆਂ ਬਣ ਕੇ ਰੋਸ ਪ੍ਰਗਟ ਕੀਤਾ।ਇਸ ਮੌਕੇ ਡਾ. ਕੁਲਦੀਪ ਸਿੰਘ ਬਾਹੀਆ, ਪ੍ਰੋ. ਰਮਨਦੀਪ ਸਿੰਘ, ਡਾ. ਮਨੀਤਾ ਜੋਸ਼ੀ, ਪ੍ਰੋ. ਮੁਹੰਮਦ ਅਨਵਰ ਤੇ ਹੋਰ ਮੈਂਬਰਾਂ ਨੇ ਦੱਸਿਆ ਕਿ ਚਾਰ ਤੇ ਪੰਜ ਅਕਤੂਬਰ ਨੂੰ ਪੰਜਾਬ ਭਰ ਦੇ ਸਾਰੇ ਸਰਕਾਰੀ ਕਾਲਜਾਂ ਵਿੱਚ ਦੋ ਦਿਨ ਕਾਲੀਆਂ ਪੱਟੀਆਂ ਬਣ ਕੇ ਸਰਕਾਰ ਵਿਰੁੱਧ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ।ਇਸ ਦੌਰਾਨ ਸਮੂਹ ਪ੍ਰੋਫੈਸਰ ਸਾਹਿਬਾਨ ਆਪੋ ਆਪਣੀਆਂ ਕਲਾਸਾਂ ਰੋਜ਼ਾਨਾ ਵਾਂਗੂ ਲਗਾਉਣਗੇ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ।ਉਨ੍ਹਾਂ ਕਿਹਾ ਕਿ ਅਸੀਂ ਪਿਛਲੇ 15-20 ਸਾਲਾਂ ਤੋਂ ਤਨਦੇਹੀ ਨਾਲ ਇਨ੍ਹਾਂ ਕਾਲਜਾਂ ਨੂੰ ਸੰਭਾਲਿਆ ਹੈ, ਜਦੋਂ ਬਹੁਤੇ ਲੋਕ ਇੰਨੇ ਘੱਟ ਮਿਹਨਤਾਨੇ 'ਤੇ ਇਨ੍ਹਾਂ ਕਾਲਜ ਵੱਲ ਮੂੰਹ ਵੀ ਨਹੀਂ ਕਰਦੇ ਸੀ, ਅੱਜ ਪੰਜਾਬ ਸਰਕਾਰ ਸਾਡੀਆਂ ਇਨ੍ਹਾਂ ਪੋਸਟਾਂ ਨੂੰ ਖਾਲੀ ਦੱਸ ਸਿੱਧੇ ਸਿੱਧੇ ਸਾਡੀ ਮਿਹਨਤ ਤੇ ਤਜਰਬੇ ਨੂੰ ਅੱਖੋਂ ਪਰੋਖੇ ਕਰ ਰਹੀ ਹੈ, ਜੋ ਕਿ ਸਰਾਸਰ ਗਲਤ ਤੇ ਧੋਖਾ ਹੈ।ਸਾਡਾ ਇਹ ਰੋਸ ਪੰਜਾਬ ਸਰਕਾਰ ਦੀਆਂ ਅਜਿਹੀਆਂ ਹੀ ਮਾਰੂ ਨੀਤੀਆਂ ਵਿਰੁੱਧ ਹੈ।ਉਨ੍ਹਾਂ ਦੱਸਿਆ ਕਿ ਇਸੇ ਰੋਸ ਦੀ ਲੜੀ ਤਹਿਤ ਛੇ ਅਕਤੂਬਰ ਨੂੰ ਗੈਸਟ ਫੈਕਲਟੀ ਸੰਯੁਕਤ ਫਰੰਟ ਪੰਜਾਬ ਦੇ ਸੱਦੇ 'ਤੇ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਸੁਨਾਮ ਕਾਲਜ ਦੇ ਸਮੂਹ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰ ਹਾਜ਼ਰ ਸਨ।

## ਚੋਣ ਲੜਨ ਤੋਂ ਰੋਕਣ ਲਈ ਧਮਕਾਉਣ ਦੇ ਦੋਸ਼ ਹੇਠ ਦੋ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਫ਼ਤਹਿਗੜ੍ਹ ਨਿਊਆਂ ਵਿਖੇ ਪੰਚਾਇਤੀ ਚੋਣ ਲੜਨ ਤੋਂ ਰੋਕਣ ਲਈ ਇੱਕ ਵਿਅਕਤੀ ਨੂੰ ਧਮਕਾਉਣ ਦੇ ਕਥਿਤ ਮਾਮਲੇ 'ਚ ਪੁਲਸ ਵੱਲੋਂ ਇੱਕ ਨਾਮਾਲੂਮ ਵਿਅਕਤੀ ਸਣੇ ਦੋ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਮੁਨੀਸ਼ ਕੁਮਾਰ ਵਾਸੀ ਪਿੰਡ ਫ਼ਤਹਿਗੜ੍ਹ ਨਿਊਆਂ ਨੇ ਦੱਸਿਆ ਕਿ ਉਸ ਦੇ ਪਿਤਾ ਪੰਚਾਇਤੀ ਚੋਣਾਂ ਲੜਨੀਆਂ ਚਾਹੁੰਦੇ ਹਨ, ਜਦੋਂ ਕਿ ਉਨ੍ਹਾਂ ਦੇ ਪਿੰਡ ਦਾ ਅਮਰਜੀਤ ਸਿੰਘ ਉਸਦੇ ਪਿਤਾ ਦੇ ਚੋਣ ਲੜਨ 'ਤੇ ਇਤਰਾਜ਼ ਕਰ ਰਿਹਾ ਹੈ।ਮੁਨੀਸ਼ ਕੁਮਾਰ ਨੇ ਦੋਸ਼ ਲਾਏ ਕਿ 29 ਸਤੰਬਰ ਨੂੰ ਰਾਤ ਕਰੀਬ 11 ਵਜੇ ਉਸਦੇ ਮੋਬਾਈਲ ਨੰਬਰ 'ਤੇ ਇੱਕ ਵਿਦੇਸ਼ੀ ਨੰਬਰ ਜਿਸ ਦੇ ਹੇਠਾਂ ਗੋਲਡੀ ਲਿਖਿਆ ਆ ਰਿਹਾ ਸੀ ਤੋਂ ਕਾਲ ਆਈ ਤੇ ਫੋਨ ਕਰਨ ਵਾਲੇ ਵਿਅਕਤੀ ਵੱਲੋਂ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ।ਮੁਨੀਸ਼ ਕੁਮਾਰ ਨੇ ਦੋਸ਼ ਲਾਏ ਕਿ 2 ਅਕਤੂਬਰ ਨੂੰ ਦੁਪਹਿਰ ਸਮੇਂ ਉਹ ਪਿੰਡ ਦੇ ਬੱਸ ਅੱਡੇ 'ਚ ਮੌਜੂਦ ਸੀ ਤਾਂ ਉੱਥੇ ਪਹੁੰਚੇ ਅਮਰਜੀਤ ਸਿੰਘ ਵੱਲੋਂ ਉਸ ਨੂੰ ਧਮਕਾਇਆ ਗਿਆ।ਮੁਨੀਸ਼ ਕੁਮਾਰ ਦੇ ਬਿਆਨਾਂ 'ਤੇ ਅਮਰਜੀਤ ਸਿੰਘ ਵਾਸੀ ਪਿੰਡ ਫ਼ਤਹਿਗੜ੍ਹ ਨਿਊਆਂ ਤੇ ਇੱਕ ਨਾਮਾਲੂਮ ਵਿਅਕਤੀ ਵਿਰੁੱਧ ਅ/ਧ 351(3),171 ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਸਿਹਰਾ ਬੰਨ੍ਹ ਕੇ ਦਾਖ਼ਲ ਕੀਤੇ ਨਾਮਜ਼ਦਗੀ ਕਾਗ਼ਜ਼



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਲਾਲਬਾਈ ਤੋਂ ਸਰਪੰਚੀ ਲਈ ਕਾਗ਼ਜ਼ ਦਾਖ਼ਲ ਕਰਨ ਇੱਕ ਤਜਿੰਦਰ ਸਿੰਘ ਉਰਫ਼ ਤੇਜੀ ਨਾਮੀ ਨੌਜਵਾਨ ਬਰਾਤ ਸਮੇਤ ਸਿਰ 'ਤੇ ਸਿਹਰੇ ਸਮੇਤ ਪੁੱਜਿਆ। ਉਹ ਪਿੰਡ ਲਾਲਬਾਈ ਤੋਂ ਸਰਪੰਚੀ ਦੀ ਚੋਣ ਲਈ ਕਾਗ਼ਜ਼ ਦਾਖ਼ਲ ਕਰਨ ਆਇਆ ਅਤੇ ਅੱਜ ਉਸ ਦਾ ਵਿਆਹ ਹੈ, ਬਰਾਤ ਜਾਣੀ ਸੀ, ਪ੍ਰੰਤੂ ਫਿਰ ਵੀ ਕਾਗ਼ਜ਼ ਦਾਖ਼ਲ ਕਰਨ ਪੁੱਜਿਆ।

## ਕਾਗਜ਼ ਦਾਖ਼ਲ ਕਰਨ ਤੋਂ ਰੋਕ 'ਆਪ' ਨੇ ਆਪਣੀ ਹਾਰ ਕਬੂਲੀ : ਡਾ. ਹਰਜੋਤ ਕਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਵਿੱਚ ਜੋ ਅੱਜ ਲੋਕਤੰਤਰ ਦਾ ਗਲਾ ਘੁੱਟਿਆ ਗਿਆ ਹੈ ਤੇ ਪੂਰੇ ਪੰਜਾਬ ਵਿੱਚ ਮੈਂਬਰ ਪੰਚਾਇਤ ਤੇ ਸਰਪੰਚਾਂ ਦੇ ਉਮੀਦਵਾਰਾਂ ਨੂੰ ਕਾਗਜ਼ ਦਾਖ਼ਲ ਕਰਨ ਤੋਂ ਰੋਕਣਾ, ਹਿੰਸਕ ਘਟਨਾਵਾਂ ਤੇ ਧੱਕੇਸ਼ਾਹੀ ਕਰਨਾ ਇਹ ਸਿੱਧ ਕਰਦਾ ਹੈ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਹੀ ਆਪਣੀ ਹਾਰ ਕਬੂਲ ਕਰ ਲਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਭਾਜਪਾ ਦੇ ਸੈਕਟਰੀ ਤੇ ਮੋਗਾ ਦੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਸਿੰਘ ਨੇ ਕੀਤਾ। ਉਨ੍ਹਾ ਕਿਹਾ ਕਿ ਹਰ ਕਿਸੇ ਨੂੰ ਬਰਾਬਰ ਦਾ ਮੌਕਾ ਦੇਣਾ ਚਾਹੀਦਾ ਹੈ ਤੇ ਜੇਕਰ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਵਿਕਾਸ ਕਰਵਾਇਆ ਹੈ ਤਾਂ ਫਿਰ ਉਨ੍ਹਾਂ ਵਿੱਚ ਚੋਣਾਂ ਨੂੰ ਲੈ ਕੇ ਏਨੀ ਬੌਖਲਾਹਟ ਕਿਓਂ ਹੈ, ਆਪ ਸਰਕਾਰ ਨੂੰ ਸਾਰਿਆਂ ਨੂੰ ਕਾਗਜ਼ ਦਾਖ਼ਲ ਕਰਨ ਦੇਣੇ ਚਾਹੀਦੇ ਸਨ ਤਾਂ ਕਿ ਉਨ੍ਹਾਂ ਨੂੰ ਪੰਜਾਬ ਵਿੱਚ ਆਪਣੇ ਹਾਲਾਤਾਂ ਬਾਰੇ ਪਤਾ ਲੱਗਦਾ। ਡਾ. ਹਰਜੋਤ ਕਮਲ ਨੇ ਕਿਹਾ ਕਿ ਪੰਚਾਇਤਾਂ ਲੋਕਤੰਤਰ ਦੀ ਨੀਂਹ ਹੁੰਦੀਆਂ ਹਨ, ਜੋ ਕਿ ਲੋਕਤੰਤਰ ਨੂੰ ਮਜ਼ਬੂਤ ਕਰਦੀਆਂ ਹਨ, ਪਰ ਆਮ ਆਦਮੀ ਪਾਰਟੀ ਦੀ ਸਰਕਾਰ, ਇਨ੍ਹਾਂ ਦੇ ਐੱਮ.ਐੱਲ.ਏ., ਲੀਡਰ ਤੇ ਵਲੰਟੀਅਰ ਜਿਸ ਤਰ੍ਹਾਂ ਧੱਕਾ ਕਰ ਰਹੇ ਹਨ, ਇਹ ਲੋਕਤੰਤਰ ਦੀਆਂ ਨੀਂਹਾਂ ਪੱਟਣ ਵਾਲਾ ਕੰਮ ਕੀਤਾ ਹੈ। ਡਾ. ਹਰਜੋਤ ਨੇ ਇਸ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਸਰਕਾਰ ਨੇ ਬਦਲਾਅ ਦੇ ਨਾਮ 'ਤੇ ਬਦਲਾਖੋਰੀ ਪੈਦਾ ਕਰਕੇ ਭਾਈਚਾਰਕ ਸਾਂਝ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ ਅਤੇ ਭਰਾ-ਭਰਾ ਵਿੱਚ ਮਾਰੂ ਜੰਗ ਛੇੜ ਦਿੱਤੀ ਹੈ।

## ਸ਼ਹਿਰ ਦੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਜਾਰੀ

### *4 ਕਰੋੜ ਨਾਲ ਬਣਨਗੀਆਂ ਮੁਹੱਲਿਆਂ ਦੀਆਂ ਸੜਕਾਂ : ਡਾ. ਓਬਰਾਏ*



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਸ਼ਹਿਰ ਦੇ ਵਸਨੀਕਾਂ ਨੂੰ ਸੱਤੇ ਦਿਨ 24 ਘੰਟੇ ਨਹਿਰੀ ਪਾਣੀ ਦੀ ਸਪਲਾਈ ਕਰਨ ਲਈ ਪਾਈਆਂ ਜਾ ਰਹੀਆਂ ਪਾਈਪਾਂ ਕਾਰਨ ਪੁੱਟੀਆਂ ਗਈਆਂ ਸੜਕਾਂ ਦੀ ਮੁਰੰਮਤ ਦਾ ਕੰਮ ਪਟਿਆਲਾ ਸ਼ਹਿਰੀ ਤੇ ਦਿਹਾਤੀ ਹਲਕੇ ਵਿੱਚ ਵੱਖ ਵੱਖ ਥਾਵਾਂ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ।ਇਹ ਜਾਣਕਾਰੀ ਸਾਂਝੀ ਕਰਦਿਆਂ ਨਗਰ ਨਿਗਮ ਪਟਿਆਲਾ ਦੇ ਕਮਿਸ਼ਨਰ ਡਾ. ਰਜਤ ਓਬਰਾਏ ਨੇ ਦੱਸਿਆ ਕਿ ਇਸ ਤੋਂ ਬਿਨਾਂ ਸ਼ਹਿਰ ਦੀਆਂ ਵੱਖ ਵੱਖ ਕਲੋਨੀਆਂ ਵਿੱਚ ਸੀਵਰੇਜ ਪਾਈਪ ਲਾਈਨਾਂ ਪਾਉਣ ਕਾਰਨ ਪੁੱਟੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਵੀ ਜਲਦ ਸ਼ੁਰੂ ਹੋ ਜਾਵੇਗਾ।ਕਮਿਸ਼ਨਰ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਨੂੰ ਸੜਕਾਂ ਟੁੱਟੀਆਂ ਹੋਣ ਕਰਕੇ ਆ ਰਹੀਆਂ ਦਿੱਕਤਾਂ ਦੂਰ ਕਰਨ ਲਈ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪਟਿਆਲਾ ਦਿਹਾਤੀ ਦੇ ਵਿਧਾਇਕ ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਹੇਠ ਇਨ੍ਹਾਂ ਸੜਕਾਂ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ।ਕਮਿਸ਼ਨਰ ਨੇ ਦੱਸਿਆ ਕਿ ਫੁਲਕੀਆਂ ਇਨਕਲੇਵ ਤੋਂ ਤ੍ਰਿਪੜੀ ਤੱਕ, ਮਨਜੀਤ ਨਗਰ, ਫੈਕਟਰੀ ਏਰੀਆ, ਡੀ.ਐੱਲ.ਐੱਫ ਤੇ ਅਨੰਦ ਨਗਰ ਦੇ ਖੇਤਰਾਂ ਦੀਆਂ ਸੜਕਾਂ ਦਾ ਕੰਮ ਵੀ ਜਲਦ ਸ਼ੁਰੂ ਕੀਤਾ ਜਾਵੇਗਾ।ਇਸ ਲਈ ਚਾਰ ਕਰੋੜ ਰੁਪਏ ਦਾ ਟੈਂਡਰ ਪਾਸ ਹੋ ਚੁੱਕਾ ਹੈ ਤੇ ਜਲਦ ਕੰਮ ਸ਼ੁਰੂ ਹੋ ਜਾਵੇਗਾ। ਇਸ ਮੌਕੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ, ਦੀਪਜੋਤ ਕੌਰ, ਐੱਸ. ਈ. ਗੁਰਪ੍ਰੀਤ ਸਿੰਘ ਵਾਲੀਆ ਤੇ ਹਰਕਿਰਨ ਸਿੰਘ ਮੌਜੂਦ ਸਨ।

## ਆੜ੍ਹਤੀਆ ਐਸੋਸੀਏਸ਼ਨ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਾਇਆ



**ਮੱਖੂ (ਰਛਪਾਲ ਸਿੰਘ ਸੰਧੂ)**

ਦਾਣਾ ਮੰਡੀ 'ਚ ਆੜ੍ਹਤੀਆਂ ਐਸੋਸੀਏਸ਼ਨ ਦੇ ਸਮੂਹ ਆੜ੍ਹਤੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਝੋਨੇ ਦੇ ਸੀਜ਼ਨ ਦੀ ਸ਼ੁਰੂਆਤ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਦੀ ਆੜ੍ਹਤ ਦੀ ਦੁਕਾਨ ਪਵਨ ਕਟਾਰੀਆ ਐਂਡ ਬ੍ਰਦਰਜ 'ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਾਇਆ ਗਿਆ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰਦੁਆਰਾ ਸਾਹਿਬ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਮਖੂ ਦੇ ਗੰਥੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।

ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ ਨੇ ਕਿਹਾ ਕਿ ਜਦ ਤੱਕ ਕੇਂਦਰ ਅਤੇ ਪੰਜਾਬ ਸਰਕਾਰ ਆੜ੍ਹਤੀਆਂ ਦੀਆਂ ਮੰਗਾਂ ਨਹੀਂ ਮੰਨਦੀ, ਉਦੋਂ ਤੱਕ ਮੰਡੀਆਂ ਵਿੱਚ ਆੜ੍ਹਤੀਆਂ ਵੱਲੋਂ ਕੰਮ ਬੰਦ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਆੜ੍ਹਤੀਆਂ ਤੇ ਕਿਸਾਨਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ, ਜੋ ਕਦੇ ਖਤਮ ਨਹੀਂ ਹੋ ਸਕਦਾ। ਆੜ੍ਹਤੀਆ ਵਰਗ ਹਮੇਸ਼ਾ ਕਿਸਾਨਾਂ ਨਾਲ ਖੜ੍ਹਾ ਹੈ।ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਸਕੱਤਰ ਪੰਜਾਬ ਪ੍ਰਗਟ ਸਿੰਘ ਤਲਵੰਡੀ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਜਿਸ ਕਾਰਨ ਕਿਸਾਨਾਂ ਨੂੰ ਮਜਬੂਰਨ ਸੜਕੀ ਆਵਾਜਾਈ ਤੇ ਰੇਲ ਗੱਡੀਆਂ ਰੋਕੀਆਂ ਜਾਣਗੀਆਂ, ਜਿਸ ਦੀ ਜ਼ਿੰਮੇਵਾਰੀ ਕੇਂਦਰ ਤੇ ਪੰਜਾਬ ਸਰਕਾਰ ਦੀ ਹੋਵੇਗੀ।ਉਨ੍ਹਾਂ ਆੜ੍ਹਤੀਆਂ ਵਰਗ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦੇ ਇਸ ਸੰਘਰਸ਼ ਵਿੱਚ ਸਾਥ ਦੇਣ।ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਸੁਖਦੇਵ ਸਿੰਘ ਅਰਾਈਆਂਵਾਲਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਫ਼ਸਲ ਮੰਡੀਆਂ ਵਿੱਚ ਸੁਕਾ ਕੇ ਲਿਆਉਣ ਤਾਂ ਜੁ ਮੰਡੀਆਂ ਵਿੱਚ ਝੋਨੇ ਦੀ ਫ਼ਸਲ ਵੇਚਣ ਲਈ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

**PUBLIC NOTICE**

Under the instruction of Jana Small Finance Bank Limited, I hereby informed the general public that Trishna Kumari w/o Sumit Kumar is absolute owner of Property Plot measuring length towards one side 45 feet other side 45.9 feet, width towards front & back 25 feet, Total measuring 126.25 Square Yards bearing Khasra no.33//5/2, 15/1, 34//1/1, 10/2 all min, situated at Kot Khalsa Sub Urban Abadi Prem Nagar, Tehsil & District Amritsar and Trishna Kumar w/o Sumit Kumar is selling above said property to Jyoti w/o Rajinder Kumar is taking loan on said property from Jana Small Finance Bank Limited Plot no 1 4 S chowk Majitha Road Amritsar. in the Jamabandi for the year 2009-10 Amrit Lal s/o Devi Sharan is the owner of 4 Marla of property. Then Amrit Lal s/o Devi Sharan sold 4 Marlas of property to Rimpy Kumari w/o Jaj Kumar vide sale deed regd dated 27.03.2012 as doc no. 19983 of which mutation no.17355 has been sanctioned by revenue authorities. Then Rimpy Kumari w/o Jaj Kumar sold 126.25 sq yards of property to Trishna Kumar w/o Sumit Kumar vide sale deed regd dated 11.02.2013 as doc no.26014 of which mutation no.18613 has been sanctioned by revenue authorities and same is remained as owner of 4 Marlas in the Jamabandi for the year 2014-15, 2019-20. Trishna Kumar w/o Sumit Kumar has lost previous Original documents i.e. 1. Sale deed executed by Gurbhej Singh, Gurbax Singh sons of Sadhu Singh through G.P.A Narinder Singh so Sant Singh in favor of Amrit Lal s/o Devi Sharan regd dt 13.2.03 as doc no 12998. 2. Sale deed executed by Amrit Lal s/o Devi Sharan in favor of Rimpy Kumari w/o Jaj Kumar regd dt 27.03.2012 as doc no.19983. A DDR as also been got registered in this respect having no 22 dt 30.9.2024 PS Cantonment. Anybody having claim or claiming any prior rights interest in any manner in this property or has raised loan by depositing the aforesaid Sale Deed to any person/ bank/ corporation/ financial institution may approach the undersigned and may submit objections in writing within 15 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Jana Small Finance Bank Limited.

Vikas Verma (Advocate), House no 264 Basant Avenue, Near I.M. A House Amritsar. Ph: 9815156302

**CORRIGENDUM**

With reference to the advertisement dated 29th August 2024 for selection of staff in Sai College of Education, Changaliwala, (Sangrur) we invites applications for the post of Principal (1), Asst. Prof. for Teaching in Punjabi (1), English (1), Social Studies (1), Commerce (1), Hindi (1), Education (1) with 55% Marks in M.A. & M.Ed. UGC Net/Ph.D./ Qualifications/ Pay Scale as per University Norms. Email Bio-data along within 03 Days at SAICOELEHRA@GMAIL.COM & apply on Dean College Dev Council job Portal

Link- FACULTY.LEARNPUNJABI.ORG/JOBPORTAL/

Contact No. 73472-67396

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| | | | |
|---|---|---|---|
| ਟੈਂਡਰ ਨੰਬਰ | 251-ਬਿਜਲੀ-T-39/2024-25 | | |
| ਕੰਮਾਂ ਦਾ ਵੇਰਵਾ | ਐਸਐਸਈ/ਬਿਜਲੀ ਸਪਲਾਈ/ਫਿਰੋਜ਼ਪੁਰ ਦੇ ਤਹਿਤ ਮਕਖੂ, ਫਿਰੋਜ਼ਪੁਰ ਸ਼ਹਿਰ, ਫਾਜਿਲਕਾ, ਗੁਰੂ ਹਰਸਹਾਯ, ਕੋਟਕਪੁਰਾ, ਗੋਨਿਯਾਨਾ ਭਾਈ ਜਗਤਾ ਅਤੇ ਜਲਾਲਾਬਾਦ ਮਾਲ ਰੋਡ ਦੀ ਉਨਯਨ/ਸੁਧਾਰ ਦੇ ਸਬੰਧ ਵਿਚ ਬਿਜਲੀ ਕੰਮ। | | |
| ਅੰਦਾਜਨ ਲਾਗਤ (₹) | 1,63,94,677.75 | ਬਿਆਨਾ ਰਾਸ਼ੀ (₹) | 2,32,000/- |
| ਕੰਮ ਦਾ ਸਮਾਂ | 06 ਮਹੀਨੇ | | |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 22.10.2024 ਨੂੰ 15:00 ਵਜੇ ਦੇ ਬਾਅਦ | | |
| ਵੈਬਸਾਈਟ | www.ireps.gov.in | | |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 32-ਬਿਜਲੀ-2024-25

ਮਿਤੀ 01.10.2024 3047/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Dhanvarsha

**ਟਰੂਕੈਪ ਫਾਈਨਾਂਸ ਲਿਮਟਿਡ**

(ਆਮ ਕਰਕੇ ਧਨਵਰਸ਼ਾ ਫਿਨਵੈਸਟ ਲਿਮ. ਵਜੋਂ ਜਾਣਿਆ ਜਾਂਦਾ)

**ਜਨਤਕ ਸੂਚਨਾ**

ਇਹ ਸਾਡੇ ਗ੍ਰਾਹਕਾਂ ਅਤੇ ਜਨਤਾ ਸੂਚਿਤ ਕੀਤਾ ਜਾਂਦਾ ਹੈ ਕਿ ਟਰੂਕੈਪ ਫਾਈਨਾਂਸ ਲਿਮ., ਇੱਕ ਨਾਨ-ਬੈਂਕਿੰਗ ਫਾਈਨੈਂਸ਼ੀਅਲ ਕੰਪਨੀ, ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਕੋਲ ਰਜਿਸਟਰਡ, ਜਿਸ ਦਾ ਰਜਿਸਟਰਡ ਦਫਤਰ ਤੀਜੀ ਮੰਜ਼ਲ, ਏ ਵਿੰਗ, ਡੀ ਜੇ ਹਾਊਸ, ਪੁਰਾਣਾ ਨਗਰਦਾਸ ਰੋਡ, ਅੰਧੇਰੀ (ਈਸਟ), ਮੁੰਬਈ-400069 ਵਿਖੇ ਹੈ, ਟਰੂਕੈਪ ਫਾਈਨਾਂਸ ਲਿਮ. ਗੋਲਡਨ ਟਾਵਰ-1, ਅਗਰਸੈਨ ਚੌਂਕ, ਬੰਧਨ ਬੈਂਕ ਦੇ ਉਪਰ, ਮਾਲ ਰੋਡ, ਫਿਰੋਜ਼ਪੁਰ ਸਿਟੀ, ਪੰਜਾਬ-152001 ਵਿਖੇ ਸਥਿਤ ਸ਼ਾਖਾ ਦਫਤਰ ਮਿਤੀ 10 ਜਨਵਰੀ 2025 ਤੋਂ ਟਰੂਕੈਪ ਫਾਈਨਾਂਸ ਲਿਮ. ਮਾਰਫਤ ਮਲਕੀਤ ਸਿੰਘ, ਤਲਵੰਡੀ ਰੋਡ, ਨੇੜੇ ਕਲਾਕ ਟਾਵਰ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-142047 ਵਿੱਚ ਤਬਦੀਲ ਕਰ ਰਹੀ ਹੈ। ਜਿਨ੍ਹਾਂ ਗ੍ਰਾਹਕਾਂ ਨੂੰ ਤਬਦੀਲ ਕੀਤੇ ਜਾਣ ਵਾਲੇ ਸਥਾਨ ਤੋਂ ਸੇਵਾਵਾਂ ਦਿੱਤੀਆਂ ਜਾਂ ਰਹੀਆਂ ਹਨ, ਉਨ੍ਹਾਂ ਨੂੰ ਨਵੀਂ ਸ਼ਾਖਾ ਤੋਂ ਸੇਵਾਵਾਂ ਦਿੱਤੀਆਂ ਜਾਣਗੀਆਂ। ਸਾਰੇ ਸੰਬੰਧਤ ਨੂੰ ਇਸ ਦਾ ਧਿਆਨ ਰੱਖਣ ਦੀ ਬੇਨਤੀ ਕੀਤੀ ਜਾਂਦੀ ਹੈ।

ਸਥਾਨ : ਮੁੰਬਈ ਵਾਸਤੇ ਟਰੂਕੈਪ ਫਾਈਨਾਂਸ ਲਿਮ.

ਸਹੀ/-

ਮਿਤੀ : 05 ਅਕਤੂਬਰ 2024 ਕੰਪਨੀ ਸਕੱਤਰ ਅਤੇ ਏ ਐੱਮ ਪੀ; ਪਾਲਣਾ ਅਧਿਕਾਰੀ

5-Oct-PAGE-8.qxd 10/4/2024 8:21 PM Page 1



## ਭਗਵਾਨ ਵਾਲਮੀਕੀ ਪ੍ਰਗਟ ਦਿਵਸ ਸੰਬੰਧੀ ਭੁਲੱਥ 'ਚ ਮੀਟਿੰਗ

**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਵਿਖੇ ਭਗਵਾਨ ਵਾਲਮੀਕੀ ਪ੍ਰਗਟ ਦਿਵਸ ਮਨਾਉਣ ਸਬੰਧੀ ਵਾਲਮੀਕੀ ਭਾਈਚਾਰੇ ਦੇ ਆਗੂਆਂ ਵੱਲੋਂ ਵਾਲਮੀਕੀ ਮੰਦਰ ਭੁਲੱਥ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਮਾਸਟਰ ਬੀਰ ਸਿੰਘ ਸਿੱਧੂ, ਭਾਈ ਕੁਲਦੀਪ ਸਿੰਘ ਸਿੱਧੂ, ਸਤਵੰਤ ਸਿੰਘ ਸਿੱਧੂ, ਬਲਦੇਵ ਸਿੰਘ ਸਿੱਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਰਹਿਬਰਾਂ ਦੇ ਪ੍ਰਕਾਸ਼ ਦਿਹਾੜੇ ਮਨਾਉਂਦੇ ਹੋਏ ਸਮੂਹ ਭਾਈਚਾਰੇ ਨੂੰ ਏਕਤਾ ਦਾ ਸਬੂਤ ਦੇਣਾ ਚਾਹੀਦਾ ਹੈ। ਵਾਲਮੀਕੀ ਮੰਦਰ ਭਲੱਥ ਦੇ ਸੰਚਾਲਕ ਭਾਈ ਕੁਲਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪੰਜ ਅਕਤੂਬਰ ਤੋਂ ਪ੍ਰਭਾਤ ਫੇਰੀਆਂ ਲਗਾਤਾਰ ਪ੍ਰਕਾਸ਼ ਦਿਹਾੜੇ ਦੇ ਸਮਾਗਮ ਤੱਕ ਚਲਦੀਆਂ ਰਹਿਣਗੀਆਂ। 15 ਅਕਤੂਬਰ ਨੂੰ ਆਦਿ ਗ੍ਰੰਥ ਕੌਮੀ ਗਿਆਨ ਪ੍ਰਕਾਸ਼ ਦੇ ਅਖੰਡ ਪਾਠ ਸਾਹਿਬ ਰੱਖੇ ਜਾਣਗੇ, 16 ਅਕਤੂਬਰ ਨੂੰ ਸਵੇਰੇ 10 ਵਜੇ ਸ਼ੋਭਾ ਯਾਤਰਾ ਸ਼ੁਰੂ ਕਰਦੇ ਹੋਏ ਨਗਰ ਕੀਰਤਨ ਕੱਢੇ ਜਾਣਗੇ। ਇਸ ਮੌਕੇ ਨਗਰ ਕੀਰਤਨ ਤੇ ਸ਼ੋਭਾ ਯਾਤਰਾ ਦਾ ਉਦਘਾਟਨ ਡਾਕਟਰ ਰਾਜ ਕੁਮਾਰ ਚੱਬੇਵਾਲ ਐਮ .ਪੀ. ਤੇ ਡਾਕਟਰ ਰਵਜੋਤ ਸਿੰਘ ਕੈਬਨਿਟ ਮੰਤਰੀ ਪੰਜਾਬ ਕਰਨਗੇ। ਇਸ ਮੌਕੇ ਉਚੇਚੇ ਤੌਰ 'ਤੇ ਕੁੱਲੇ ਵਾਲੀ ਸਰਕਾਰ ਬਾਬਾ ਸੋਮ ਪ੍ਰਕਾਸ਼ ਵੀ ਸ਼ਿਰਕਤ ਕਰਨਗੇ। ਸ਼ੋਭਾ ਯਾਤਰਾ ਦੌਰਾਨ ਭਗਵਾਨ ਵਾਲਮੀਕੀ ਤੇ ਲਵਕੁਸ਼ ਦੇ ਜੀਵਨ ਸਬੰਧੀ ਵੱਖ-ਵੱਖ ਝਲਕੀਆਂ ਪੇਸ਼ ਕੀਤੀਆਂ ਜਾਣਗੀਆਂ, ਸ਼ੋਭਾ ਯਾਤਰਾ ਭਗਵਾਨ ਵਾਲਮੀਕੀ ਮੰਦਰ ਭੁਲੱਥ ਤੋਂ ਸ਼ੁਰੂ ਹੋ ਕੇ ਵੱਖ ਵੱਖ ਪਿੰਡਾਂ ਵਿੱਚ ਦੀ ਹੁੰਦੀ ਹੋਈ ਦੁਬਾਰਾ ਭੁਲੱਥ ਵਿਖੇ ਪੁੱਜੇਗੀ। 17 ਅਕਤੂਬਰ ਨੂੰ ਆਦਿ ਗ੍ਰੰਥ ਕੌਮੀ ਗਿਆਨ ਪ੍ਰਕਾਸ਼ ਦੇ ਭੋਗ ਪਾਏ ਜਾਣਗੇ ਤੇ ਰਾਤ 7 ਵਜੇ ਤੋਂ ਲੈ ਕੇ 10 ਵਜੇ ਤੱਕ ਕੀਰਤਨ ਸਤਸੰਗ ਹੋਵੇਗਾ। ਮੀਟਿੰਗ ਦੌਰਾਨ ਬਾਬਾ ਦੀਪਕ ਸ਼ਾਹ, ਸਤਵੰਤ ਸਿੰਘ ਸਿੱਧੂ, ਸੁਦੇਸ਼ ਕੁਮਾਰ ਸਿੱਧੂ, ਲਖਵਿੰਦਰ ਪੰਮਾ, ਅਮਰਜੀਤ ਸਿੰਘ ਸੀਤਾ, ਸਰਬਜੀਤ ਬਾਬਾ ਨਿੱਕਾ, ਜੋਗਿੰਦਰ ਸਿੰਘ ਠੇਕੇਦਾਰ, ਮਹਿੰਦਰ ਸਿੰਘ, ਗੁਰਨਾਮ ਸਿੰਘ, ਨਰੇਸ਼ ਕੁਮਾਰ ਨੀਟੂ,,ਚਰਨਦਾਸ, ਦਰਸ਼ਨ ਲਾਲ, ਵਿਲੀਅਮ ਬਿੱਟੂ, ਅਮਰੀਕ ਸਿੰਘ, ਸੁਰਿੰਦਰ ਸਿੰਘ, ਰਵੀ ਕੁਮਾਰ ਕੁਲਵਿੰਦਰ ਕੁਮਾਰ ,ਲਵ ਕੁਮਾਰ ਸਿੱਧੂ, ਮਨੀ ਗਿੱਲ, ਭੀਮਾ ,ਲਖਵਿੰਦਰ ਸਿੰਘ, ਹਰਸ਼ ਸਿੱਧੂ, ਲਖਵੀਰ ਸਿੰਘ, ਅਨਮੋਲ ਸਿੱਧੂ, ਸ਼ੁਭਮ ਸਿੱਧੂ, ਰੋਬਿਨ ਹਰਜੋਤ ਸੌਰਭ, ਗੁਰਪ੍ਰੀਤ ਸਿੰਘ, ਆਕਾਸ਼, ਸਮੀਰ, ਪੰਛੀ ਕੁਮਾਰ, ਨਾਹਰ, ਅਸ਼ੋਕ ਕੁਮਾਰ, ਜਗਦੀਸ਼ ਕੁਮਾਰ ,ਰੋਬਿਨ ਸਿੰਘ, ਪਰਵੀਨ ਕੁਮਾਰ ਭੁਲੱਥ ਕਲੋਨੀ, ਅਸ਼ੋਕ ਕੁਮਾਰ ਤੇ ਹੋਰ ਪਤਵੰਤੇ ਹਾਜ਼ਰ ਸਨ।

## ਭਾਈ ਗੁਰਮੇਲ ਸਿੰਘ ਦਾ ਪਰਵਾਰ ਸਨਮਾਨਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਸੰਪਰਦਾਇ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਦੇ ਕਰੀਬ 40 ਜੁਝਾਰੂ ਸਿੰਘ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਕਮਾਂਡ ਹੇਠ ਤੀਸਰੇ ਘੱਲੂਘਾਰੇ (ਜੂਨ 1984) ਦੌਰਾਨ ਹਕੂਮਤ ਦੀਆਂ ਫੌਜਾਂ ਨਾਲ ਲੜੇ ਤੇ ਆਖਰੀ ਦਮ ਤੱਕ ਲੜਦੇ 35 ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਇਨ੍ਹਾਂ 40 ਸਿੰਘਾਂ ਦੇ ਜਥੇਦਾਰ ਸ਼ਹੀਦ ਭਾਈ ਗੁਰਮੇਲ ਸਿੰਘ ਪਿੰਡ ਭੁਲਾਣਾ ਜਿਨ੍ਹਾਂ ਦੀ ਕਮਾਂਡ ਹੇਠ ਉਕਤ ਸਿੰਘ ਮੈਦਾਨੇ ਜੰਗ ਵਿੱਚ ਲੜੇ, ਦਾ ਪਰਵਾਰ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਪਿੰਡ ਨਡਾਲੋਂ ਵਿਖੇ ਨਤਮਸਤਕ ਹੋਇਆ ਤੇ ਉਨ੍ਹਾਂ ਅਸਥਾਨ ਦੀ ਜਾਣਕਾਰੀ ਵੀ ਲਈ। ਇਸ ਮੌਕੇ ਉਕਤ ਅਸਥਾਨ ਦੇ ਮੁਖੀ ਜਥੇਦਾਰ ਬਾਬਾ ਗੁਰਮੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਰਵਾਰ ਨੂੰ ਪਹੁੰਚਣ ਤੇ ਜਥੇਦਾਰ ਜਸਬੀਰ ਸਿੰਘ ਭੱਟੀ, ਭਾਈ ਅਮਰਜੀਤ ਸਿੰਘ ਰਾਜਾ ਜਾਂਗਲੀਆਣਾ ਤੇ ਬਾਬਾ ਜਰਨੈਲ ਸਿੰਘ ਨਡਾਲੋਂ ਦੀ ਅਗਵਾਈ ਵਿੱਚ ਜਿੱਥੇ ਜੀਉ ਆਇਆਂ ਆਖਿਆ ਗਿਆ ਉੱਥੇ ਜਥੇਦਾਰ ਸ਼ਹੀਦ ਭਾਈ ਗੁਰਮੇਲ ਸਿੰਘ ਦੀ ਪੰਥ ਲਈ ਕੀਤੀ ਵੱਡੀ ਕੁਰਬਾਨੀ ਲਈ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਬਾਬਾ ਅਕਾਸ਼ਦੀਪ ਸਿੰਘ ਬਾਸਰਕੇ ਗਿੱਲਾਂ, ਬਲਜਿੰਦਰ ਸਿੰਘ ਪੰਜੋੜ, ਲਖਵਿੰਦਰ ਸਿੰਘ ਬਿੰਦਾ ਨਡਾਲੋਂ, ਧਰਮਿੰਦਰ ਸਿੰਘ ਸੋਨੂੰ ਨਡਾਲੋਂ, ਲਖਵੀਰ ਸਿੰਘ ਰਾਣਾ ਡਾਂਨਸੀਵਾਲ, ਪਰਮਜੀਤ ਸਿੰਘ ਮੇਘੋਵਾਲ, ਕਿਸ਼ਨ ਸਿੰਘ ਲਾਂਗਰੀ, ਬਾਬਾ ਬਿੰਦਰ ਸਿੰਘ, ਪਰਮਜੀਤ ਸਿੰਘ ਪੰਮਾ, ਭਾਈ ਸ਼ਮਸ਼ੇਰ ਸਿੰਘ ਆਦਿ ਹਾਜ਼ਰ ਸਨ।

## ਬਦਲ ਰਹੇ ਮੌਸਮ 'ਚ ਸਾਨੂੰ ਸਿਹਤ ਦਾ ਵਿਸ਼ੇਸ਼ ਧਿਆਨ ਰੱਖਣਾ ਪਵੇਗਾ : ਡਾ. ਲਵਪ੍ਰੀਤ ਪਾਬਲਾ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਇਤਿਹਾਸਿਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਮੂਨਕਾਂ ਵਿਖੇ ਸੀਤਾ ਦੇਵੀ ਮੈਮੋਰੀਅਲ ਵੇਵਜ਼ ਹਸਪਤਾਲ ਟਾਂਡਾ ਵੱਲੋਂ ਇੱਕ ਦਿਨ ਮੁਫਤ ਸਿਹਤ ਜਾਂਚ ਕੈਂਪ ਲਗਾਇਆ ਗਿਆ।ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਦੇ ਮੌਜੂਦਾ ਮੁਖੀ ਜ਼ਿੰਦਾ ਸ਼ਹੀਦ ਸੰਤ ਬਾਬਾ ਨਿਹਾਲ ਸਿੰਘ ਦੀ ਪ੍ਰੇਰਨਾ ਸਦਕਾ ਸੇਵਾਦਾਰ ਬਾਬਾ ਕੁਲਦੀਪ ਸਿੰਘ ਤੇ ਹਰਪ੍ਰੀਤ ਸਿੰਘ ਸੀਕਰੀ ਦੀ ਦੇਖ ਰੇਖ ਹੇਠ ਲਗਾਏ ਗਏ ਇਸ ਕੈਂਪ ਦੌਰਾਨ ਵੇਵਜ਼ ਹਸਪਤਾਲ ਟਾਂਡਾ ਤੇ ਡਾਇਰੈਕਟਰ ਡਾ. ਲਵਪ੍ਰੀਤ ਸਿੰਘ ਦੀ ਮਾਹਰ ਟੀਮ ਵਿੱਚ ਸ਼ਾਮਲ ਡਾ. ਜਸਦੀਪ ਕੌਰ, ਗੁਰਪ੍ਰੀਤ ਕੌਰ, ਬਲਰਾਜ ਸੰਧੂ, ਬਲਵੀਰ ਸਿੰਘ ਢਿੱਲੋਂ, ਰਜਿੰਦਰ ਸਿੰਘ ਜੌਹਲ, ਨਵਜੋਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਦੀ ਟੀਮ ਨੇ 150 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ ਕਰਦੇ ਹੋਏ ਹੋਏ ਜਿੱਥੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਉੱਥੇ ਹੀ ਬਦਲ ਰਹੇ ਮੌਸਮ ਸਬੰਧੀ ਜਾਣਕਾਰੀ ਦਿੰਦੇ ਹੋਏ ਹੋਣ ਵਾਲੀਆਂ ਵੱਖ ਵੱਖ ਬਿਮਾਰੀਆਂ ਤੋਂ ਜਾਗਰੂਕ ਕਰਦੇ ਹੋਏ ਮਰੀਜ਼ਾਂ ਨੂੰ ਸਿਹਤ ਪ੍ਰਤੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਾ. ਲਵਪ੍ਰੀਤ ਸਿੰਘ ਪਾਬਲਾ ਨੇ ਦੱਸਿਆ ਕਿ ਗਰਮੀਆਂ ਦੇ ਮੌਸਮ ਤੋਂ ਬਾਅਦ ਹੁਣ ਦਿਨ ਬਦਿਨ ਸਰਦੀਆਂ ਦੇ ਮੌਸਮ ਦੀ ਸ਼ੁਰੂਆਤ ਹੋਣ ਜਾ ਰਹੀ ਹੈ ਤੇ ਇਸ ਬਦਲਣ ਵਾਲੇ ਮੌਸਮ ਵਿੱਚ ਸਾਨੂੰ ਆਪਣੀ ਸਿਹਤ ਦਾ ਖਾਸ ਧਿਆਨ ਰੱਖਣਾ ਪਵੇਗਾ। ਸਾਨੂੰ ਆਪਣੀ ਸਿਹਤ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਰਹਿਣਾ ਚਾਹੀਦਾ ਹੈ। ਸੇਵਾਦਾਰ ਬਾਬਾ ਕੁਲਦੀਪ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਨੇ ਕੈਂਪ ਦੀ ਸਮਾਪਤੀ 'ਤੇ ਸਮੁੱਚੀ ਡਾਕਟਰੀ ਟੀਮ ਦਾ ਧੰਨਵਾਦ ਕਰਦੇ ਹੋਏ ਦਿੱਤੀਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਗੁਰੂ ਚਰਨਾਂ ਵਿੱਚ ਮਰੀਜ਼ਾਂ ਦੀ ਸਿਹਤਯਾਬੀ ਵਾਸਤੇ ਅਰਦਾਸ ਬੇਨਤੀ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਤੇ ਸੰਗਤਾਂ ਵੀ ਹਾਜ਼ਰ ਸਨ।

## ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸਤਰੀ ਦਾ ਜਨਮ ਦਿਵਸ ਸ਼ਰਧਾ ਨਾਲ ਮਨਾਇਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸ਼ਹਿਰੀ ਕਾਂਗਰਸ ਵਲੋਂ ਸੀਨੀਅਰ ਕਾਂਗਰਸ ਨੇਤਾ ਅਤੇ ਸਾਬਕਾ ਚੇਅਰਮੈਨ ਬੀ ਸੀ ਕਮਿਸ਼ਨ ਸਰਵਣ ਸਿੰਘ ਦੀ ਪ੍ਰਧਾਨਗੀ ਹੇਠ ਰਾਸ਼ਟਰਪਿਤਾ ਮਹਾਤਮਾ ਗਾਂਧੀ ਅਤੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰ ਦਾ ਜਨਮ ਦਿਵਸ ਬੜੀ ਸ਼ਰਧਾ ਨਾਲ ਜ਼ਿਲ੍ਹਾ ਕਾਂਗਰਸ ਦਫਤਰ ਹੁਸ਼ਿਆਰਪੁਰ ਵਿਖੇ ਮਨਾਇਆ ਗਿਆ। ਇਸ ਇਸ ਮੌਕੇ ਕਾਂਗਰਸ ਨੇਤਾਵਾਂ ਵਲੋਂ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਨੂੰ ਸ਼ਰਧਾ ਨਾਲ ਯਾਦ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸਰਵਣ ਸਿੰਘ ਨੇ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਵਲੋਂ ਦੇਸ਼ ਦੀ ਆਜ਼ਾਦੀ ਵਿੱਚ ਪਾਏ ਯੋਗਦਾਨ ਨੂੰ ਮੀਲ ਦਾ ਪੱਥਰ ਦੱਸਦੇ ਹੋਏ ਉਨ੍ਹਾਂ ਵਲੋਂ ਦਿਖਾਏ ਸ਼ਾਂਤੀ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਲਾਲ ਬਹਾਦਰ ਸ਼ਾਸਤਰੀ ਦੇ ਨਾਅਰੇ ਜੈ ਜਵਾਨ ਜੈ ਕਿਸਾਨ ਨੂੰ ਯਾਦ ਕਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਸੰਘਰਸ਼ ਕਰ ਰਹੇ ਕਿਸਾਨਾਂ ਦਾ ਸਾਥ ਦੇਣ ਲਈ ਅਤੇ ਰੁਜ਼ਗਾਰ ਲਈ ਭਟਕ ਰਹੇ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਦੀ ਬਹੁਤ ਵੱਡੀ ਜ਼ਰੂਰਤ ਹੈ।ਇਸ ਮੌਕੇ ਨਵੀ ਰੈਹਲ ਸ਼ਹਿਰੀ ਪ੍ਰਧਾਨ, ਰਜਨੀਸ਼ ਟੰਡਨ ਮੁੱਖ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ, ਗੁਰਮੀਤ ਸਿੱਧੂ ਐਮ ਸੀ, ਅਸ਼ੋਕ ਮਹਿਰਾ ਐਮ ਸੀ, ਮੀਨਾ ਸ਼ਰਮਾ ਐਮ ਸੀ, ਇੰਟੇਕ ਨੇਤਾ ਅਸ਼ਵਨੀ ਸ਼ਰਮਾ, ਸੇਵਾ ਸਿੰਘ, ਹਰੀਸ਼ ਆਨੰਦ, ਸੰਤੋਸ਼ ਕੁਮਾਰੀ ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ, ਕੰਚਨ, ਰਮੇਸ਼ ਡਡਵਾਲ, ਗੁਰਦੀਪ ਕਟੋਚ ਚੇਅਰਮੈਨ ਜ਼ਿਲ੍ਹਾ ਐਸ ਸੀ ਡਿਪਾਰਟਮੈਂਟ, ਵਿਨੋਦ ਰਾਏ ਸੁਨੀਲ ਦੱਤ ਪਰਾਸ਼ਰ, ਬਿੰਦਰ ਕੁਮਾਰ, ਸੁਰਿੰਦਰ ਬੀਟਨ, ਸੋਢੀ ਰਾਮ ਸਰਪੰਚ ਚੇਅਰਮੈਨ ਐਸਸੀ ਡਿਪਾਰਟਮੈਂਟ, ਪੁਨੀਤ ਸ਼ਰਮਾ, ਯੁਗਲ ਕਿਸ਼ੋਰ, ਆਸ਼ੂ ਸ਼ਰਮਾਂ, ਆਸ਼ੂ ਬਤਰਾ ਰਵੀ ਸ਼ਰਮਾ, ਸ੍ਰੀਮਤੀ ਰਜਨੀ, ਦਲਵਿੰਦਰ ਕੌਰ, ਦੀਪ ਭੱਟੀ, ਰਵਿੰਦਰ ਕੌਰ, ਮਨਜਿੰਦਰ ਪਾਲ, ਅਭਿਸ਼ੇਕ, ਜੀਵਨ ਕੁਮਾਰ ਅਤੇ ਰਣਜੀਤ ਸਿੰਘ ਆਦਿ ਕਾਂਗਰਸ ਨੇਤਾ ਮੌਜੂਦ ਸਨ।

## ਆਰ ਬੀ ਯੂ ਵਿਖੇ ਹੈਕਾਥਨ ਦਾ ਆਯੋਜਨ

**ਮੋਹਾਲੀ, ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅਗਰਵਾਲ)**- ਰਿਆਤ ਬਾਹਰਾ ਯੂਨੀਵਰਸਿਟੀ ਨੇ ਸਫਲਤਾਪੂਰਵਕ ਇੰਟਰਨਲ ਸਮਾਰਟ ਇੰਡੀਆ ਹੈਕਾਥਨ 2024 ਦਾ ਆਯੋਜਨ ਕੀਤਾ, ਜਿਸ ਵਿੱਚ 40 ਟੀਮਾਂ ਨੂੰ ਸ਼ਾਰਟਲਿਸਟ ਕੀਤਾ ਗਿਆ ਅਤੇ ਉਨ੍ਹਾਂ ਦੇ ਨਾਂ ਕੇਂਦਰ ਸਰਕਾਰ ਦੇ ਸਬੰਧਤ ਵਿਭਾਗ ਨੂੰ ਭੇਜ ਦਿੱਤੇ ਗਏ ਹਨ। ਯੂਨੀਵਰਸਿਟੀ ਦੇ ਸਕੂਲ ਆਫ ਕੰਪਿਊਟਿੰਗ ਦੇ ਡੀਨ ਡਾ. ਆਨੰਦ ਸ਼ੁਕਲਾ ਨੇ ਕਿਹਾ ਕਿ ਇਹ ਰੋਮਾਂਚਕ ਪ੍ਰੋਗ੍ਰਾਮ ਨਵੀਂ ਸੋਚ ਵਾਲੇ ਵਿਦਿਆਰਥੀਆਂ ਨੂੰ ਅੱਗੇ ਆਉਣ ਦਾ ਮੌਕਾ ਦੇਵੇਗਾ, ਜਿੱਥੇ ਉਹ ਕੋਡਿੰਗ ਦੀਆਂ ਮੁਹਾਰਤਾਂ ਵਿਖਾ ਸਕਣਗੇ ਅਤੇ ਇਹ ਪ੍ਰੋਗਰਾਮ ਉਹਨਾਂ ਦੇ ਕੋਡਿੰਗ ਹੁਨਰ ਦਾ ਪ੍ਰਦਰਸ਼ਨ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਹੈ।ਪਾਈਸੌਫਟ ਇਨਫੋਮੈਟਿਕਸ ਪ੍ਰਾਈਵੇਟ ਲਿਮਿਟਿਡ ਦੇ ਵਾਈਸ-ਪ੍ਰੈਜ਼ੀਡੈਂਟ ਮਿਸਟਰ ਹਰੀਸ਼ ਚਾਵਲਾ ਅਤੇ ਟੈਕ ਲਾਈਵ ਸੋਲੂਸ਼ਨਜ਼ ਪ੍ਰਾਈਵੇਟ ਲਿਮਿਟਿਡ ਦੇ ਡਾਇਰੈਕਟਰ ਨਵਨੀਤ ਸਿੰਘ ਇਸ ਪ੍ਰੋਗਰਾਮ ਦੇ ਜੱਜ ਸਨ।ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ, ਉਪ-ਚੇਅਰਮੈਨ ਗੁਰਿੰਦਰ ਬਾਹਰਾ ਅਤੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਵਿਭਾਗਾਂ ਦੇ ਮੁਖੀਆਂ, ਕੋਆਰਡੀਨੇਟਰਾਂ ਅਤੇ ਵਿਦਿਆਰਥੀਆਂ ਅਤੇ ਸਮੁੱਚੀ ਟੀਮ ਵੱਲੋਂ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ।ਇੱਕ ਹੈਕਾਥਨ ਇੱਕ ਨਵੀਨਤਾ ਮੁਕਾਬਲਾ ਹੈ ਜਿੱਥੇ ਲੋਕ ਚੁਣੌਤੀਆਂ ਨੂੰ ਹੱਲ ਕਰਨ ਵਾਲੇ ਉਤਪਾਦ ਬਣਾਉਣ ਲਈ ਇਕੱਠੇ ਹੁੰਦੇ ਹਨ।

## ਆੜ੍ਹਤੀ ਯੂਨੀਅਨ ਵੱਲੋਂ ਹੜਤਾਲ ਦੇ ਚਲਦਿਆਂ ਮੰਡੀਆਂ 'ਚ ਝੋਨੇ ਦੀ ਸਾਫ-ਸਫਾਈ ਦਾ ਕੰਮ ਸ਼ੁਰੂ



**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ 'ਚ ਆੜ੍ਹਤੀ ਯੂਨੀਅਨ ਵੱਲੋਂ ਲਗਾਤਾਰ ਹੜਤਾਲ ਦੇ ਚੌਥੇ ਦਿਨ ਚਲਦਿਆਂ ਵੀ ਮੰਡੀ ਵਿੱਚ ਹੱਲੇ ਤੱਕ ਝੋਨੇ ਦੀ ਆਮਦ ਦਾ ਪੂਰੀ ਤਰ੍ਹਾਂ ਜ਼ੋਰ ਨਹੀਂ ਪੈ ਸਕਿਆ, ਕਿਉਂਕਿ ਕਿਸਾਨ ਵਰਗ ਹਾਲੇ ਤੱਕ ਮੰਡੀਆਂ 'ਚ ਆਪਣਾ ਝੋਨਾ ਪੂਰੀ ਤਰ੍ਹਾਂ ਨਹੀਂ ਲਿਆ ਰਿਹਾ। ਦੂਜੇ ਪਾਸੇ ਬੇਸ਼ੱਕ ਝੋਨੇ ਦੀ ਫਸਲ ਪੱਕ ਕੇ ਤਿਆਰ ਹੋ ਚੁੱਕੀ ਹੈ ਤੇ ਇਲਾਕੇ ਅੰਦਰ ਕਟਾਈ ਨੇ ਜ਼ੋਰਾਂ 'ਤੇ ਚੱਲ ਰਹੀ ਹੈ, ਪਰ ਅੱਜ ਜਦੋਂ ਮੰਡੀਆਂ ਦਾ ਦੌਰਾ ਕੀਤਾ ਗਿਆ ਤਾਂ ਕੁਝ ਥਾਵਾਂ 'ਤੇ ਮੰਡੀਆਂ ਵਿੱਚ ਲੇਬਰ ਵੱਲੋਂ ਝੋਨੇ ਦੀਆਂ ਢੇਰੀਆਂ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਆੜ੍ਹਤੀ ਯੂਨੀਅਨ ਭੁਲੱਥ ਦੇ ਪ੍ਰਧਾਨ ਜਸਵੰਤ ਸਿੰਘ ਬਾਜਵਾ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਹਾਲੇ ਤੱਕ ਯੂਨੀਅਨ ਵੱਲੋਂ ਹੜਤਾਲ ਜਾਰੀ ਹੈ, ਜਿੰਨੀ ਦੇਰ ਤੱਕ ਕੋਈ ਫੈਸਲਾ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕੋਈ ਲਿਫਟਿੰਗ ਜਾਂ ਝੋਨੇ ਦੀ ਤਲਾਈ ਸ਼ੁਰੂ ਨਹੀਂ ਹੋਵੇਗੀ। ਸਿਰਫ ਕੁਝ ਝੋਨੇ ਦੀਆਂ ਢੇਰੀਆਂ ਕਿਸਾਨਾਂ ਵੱਲੋਂ ਮੰਡੀਆਂ ਵਿੱਚ ਲਿਆਂਦੀਆਂ ਗਈਆਂ ਹਨ। ਲੇਬਰ ਵੱਲੋਂ ਥੋੜ੍ਹੀ ਬਹੁਤੀ ਸਾਫ ਸਫਾਈ ਕੀਤੀ ਜਾ ਰਹੀ ਹੈ। ਦੂਜੇ ਪਾਸੇ ਕਿਸਾਨਾਂ ਨੂੰ ਝੋਨੇ ਦੀਆਂ ਢੇਰੀਆਂ ਰੋਗੀਆਂ ਦੇਖ ਕੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਸੀਚੇਵਾਲ ਦੀ ਗ੍ਰਾਮ ਪੰਚਾਇਤ ਪੰਜਵੀਂ ਵਾਰ ਸਰਬਸਮੰਤੀ ਨਾਲ ਚੁਣੀ



**ਸ਼ਾਹਕੋਟ (ਗਿਆਨ ਸੈਦਪੁਰੀ)**-ਪਿੰਡ ਸੀਚੇਵਾਲ ਦੀ ਗ੍ਰਾਮ ਪੰਚਾਇਤ ਪੰਜਵੀਂ ਵਾਰ ਸਰਬਸਮੰਤੀ ਨਾਲ ਚੁਣੀ ਗਈ। ਇਸ ਚੋਣ ਵਿੱਚ ਬੂਟਾ ਸਿੰਘ ਨੂੰ ਸਰਪੰਚ ਚੁਣਿਆ ਗਿਆ ਹੈ। ਬੂਟਾ ਸਿੰਘ ਇੱਕ ਵਾਰ ਪਿੰਡ ਦੇ ਪੰਚ ਵੀ ਰਹਿ ਚੁੱਕੇ ਹਨ। ਪੰਚਾਇਤ ਘਰ ਵਿੱਚ ਪਿੰਡ ਦੇ ਲੋਕਾਂ ਦਾ ਵੱਡਾ ਇੱਕਠ ਹੋਇਆ। ਇਸ ਦੌਰਾਨ ਸਰਬਸਮੰਤੀ ਨਾਲ 7 ਪੰਚਾਇਤ ਮੈਂਬਰਾਂ ਦੀ ਚੋਣ ਕੀਤੀ ਗਈ। ਜਦੋਂ ਬੂਟਾ ਸਿੰਘ ਨੂੰ ਸਰਪੰਚ ਬਣਾਉਣ ਦੀ ਗੱਲ ਪਿੰਡ ਦੇ ਲੋਕਾਂ ਵਿੱਚ ਰੱਖੀ ਗਈ ਤਾਂ ਸਾਰੇ ਲੋਕਾਂ ਨੇ ਇੱਕਸੁਰ ਹੁੰਦਿਆਂ ਸਹਿਮਤੀ ਪ੍ਰਗਟਾਈ। ਜੈਕਾਰਿਆਂ ਦੀ ਗੂੰਜ ਵਿੱਚ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਨਵੀਂ ਚੁਣੀ ਗਈ ਪੰਚਾਇਤ ਦੇ ਮੈਂਬਰਾਂ ਦਾ ਸਨਮਾਨ ਕੀਤਾ।ਇਸ ਤੋਂ ਪਹਿਲਾਂ ਤੇਜਿੰਦਰ ਸਿੰਘ ਰਾਗੀ ਸਰਪੰਚ ਰਹੇ ਸਨ। ਉਨ੍ਹਾਂ ਦੀ ਵਿਦਿਅਕ ਯੋਗਤਾ ਐਮ.ਏ ਐਮ.ਫਿਲ ਸੀ। ਪਿੰਡ ਵਿੱਚ ਸਰਬਸੰਮਤੀ ਰਾਹੀਂ ਪੰਚਾਇਤ ਚੁਣਨ ਦੀ ਪਿਰਤ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਚੋਣ ਨਾਲ ਹੋਈ ਸੀ। ਸੰਤ ਸੀਚੇਵਾਲ 2003 ਵਿਚ ਪਹਿਲੀ ਵਾਰ ਸਰਬਸਮੰਤੀ ਨਾਲ ਚੁਣੇ ਗਏ ਸਨ। ਉਸ ਤੋਂ ਬਾਅਦ ਅਗਲੇ ਪੰਜ ਸਾਲਾਂ ਲਈ ਮੁੜ ਸਰਬਸਮੰਤੀ ਨਾਲ ਸਰਪੰਚ ਬਣੇ ਸਨ। 2013 ਵਿੱਚ ਪਿੰਡ ਦੀ ਐਮ.ਏ ਤੱਕ ਪੜ੍ਹੀ ਲੜਕੀ ਰਜਵੰਤ ਕੌਰ ਸਰਬਸਮੰਤੀ ਨਾਲ ਸਰਪੰਚ ਬਣੀ ਸੀ। ਸੰਤ ਸੀਚੇਵਾਲ ਵੱਲੋਂ ਵਿਕਾਸ ਦੇ ਮਿੱਥੇ ਟੀਚੇ ਤੋਂ ਅੱਗੇ ਤੁਰਨਾ ਆਪਣੇ ਆਪ ਵਿੱਚ ਹੀ ਵੱਡੀ ਚਣੌਤੀ ਸੀ। ਪੰਜ ਸਾਲ ਵਿੱਚ ਉਨ੍ਹਾਂ ਨੇ ਪਿੰਡ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਇਆ। ਉਨ੍ਹਾਂ ਤੋਂ ਬਾਅਦ ਨੌਜਵਾਨ ਆਗੂ ਤੇਜਿੰਦਰ ਸਿੰਘ ਸਰਬਸਮੰਤੀ ਨਾਲ ਸਰਪੰਚ ਬਣੇ।

ਉਨ੍ਹਾਂ ਦੀ ਮਿਆਦ ਫਰਵਰੀ 2024 ਤੱਕ ਰਹੀ। ਹੁਣ ਅਗਲੇ ਪੰਜਾਂ ਸਾਲ ਲਈ ਪਿੰਡ ਦੀ ਵਾਗਡੋਰ ਬੂਟਾ ਸਿੰਘ ਦੇ ਹੱਥਾਂ ਵਿੱਚ ਸੌਂਪ ਦਿੱਤੀ ਗਈ ਹੈ। ਉਨ੍ਹਾਂ ਨਾਲ ਜਿਹੜੇ ਪੰਚ ਬਣੇ ਹਨ ਉਨ੍ਹਾਂ ਵਿੱਚ ਸੁਰਜੀਤ ਸਿੰਘ ਸ਼ੰਟੀ ਪਿਛਲੇ 20 ਸਾਲ ਤੋਂ ਪੰਚ ਬਣਦੇ ਆ ਰਹੇ ਹਨ। ਹੋਰ ਪੰਚਾਂ ਵਿੱਚ ਗੁਰਮੇਲ ਸਿੰਘ, ਸੁਲੱਖਣ ਸਿੰਘ, ਸੁਰਜੀਤ ਸਿੰਘ, ਹਰਜਿੰਦਰ ਕੌਰ, ਕਮਲਜੀਤ ਕੌਰ ਅਤੇ ਗੁਰਪ੍ਰੀਤ ਕੌਰ ਸ਼ਾਮਲ ਹਨ।

## ਬਾਬਾ ਅਰਜਨ ਪ੍ਰਕਾਸ਼ ਦੀ ਬਰਸੀ ਮਨਾਈ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਇਥੋਂ ਨਜ਼ਦੀਕੀ ਪਿੰਡ ਭਾਰਟਾ ਖੁਰਦ ਵਿਖੇ ਬ੍ਰਹਮ ਗਿਆਨੀ 108 ਸੰਤ ਬਾਬਾ ਅਰਜਨ ਪ੍ਰਕਾਸ਼ ਦੀ ਸਲਾਨਾ ਬਰਸੀ ਬੜੀ ਸ਼ਰਧਾ ਨਾਲ ਮਨਾਈ ਗਈ। ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੰਤ ਬਾਬਾ ਕੁਲਦੀਪ ਸਿੰਘ ਨਾਨਕਸਰ ਵਾਲਿਆਂ ਨੇ ਬਾਬਾ ਸ੍ਰੀ ਚੰਦ ਦੇ ਜੀਵਨ ਅਤੇ ਉਹਨਾ ਵਲੋਂ ਕੀਤੀ ਭਗਤੀ ਬਾਰੇ ਇਕੱਤਰ ਸੰਗਤਾਂ ਨੂੰ ਸਰਵਣ ਕਰਵਾਇਆ। ਇਸ ਮੌਕੇ ਅਵਤਾਰ ਸਿੰਘ ਫੌਜੀ, ਪ੍ਰਿਤਪਾਲ ਸਿੰਘ, ਸਤਨਾਮ ਸਿੰਘ, ਪ੍ਰਧਾਨ ਸ਼ਮਸ਼ੇਰ ਸਿੰਘ, ਗੁਰਨਾਮ ਸਿੰਘ, ਮੋਹਨ ਸਿੰਘ, ਮਾ. ਨਰਿੰਦਰ ਸਿੰਘ ਭਾਰਟਾ, ਜਥੇ. ਜੋਗਿੰਦਰ ਸਿੰਘ ਡੁਲਕੂ, ਬਹਾਦਰ ਸਿੰਘ ਭਾਰਟਾ, ਕੁਲਵੀਰ ਸਿੰਘ ਖੱਦਰ, ਬਲਬੀਰ ਸਿੰਘ, ਸੰਤੋਖ ਸਿੰਘ, ਪਰਵਿੰਦਰ ਸਿੰਘ, ਕਰਨੈਲ ਸਿੰਘ, ਕਸ਼ਮੀਰ ਸਿੰਘ, ਪਰਮਜੀਤ ਸਿੰਘ ਹਾਜ਼ਰ ਸਨ। ਸੰਗਤਾਂ ਲਈ ਅਟੁੱਟ ਲੰਗਰ ਵਰਤਾਇਆ ਗਿਆ। ਕੁਲਦੀਪ ਸਿੰਘ ਤੰਬੜ ਜਿਮੀਂਦਾਰਾਂ ਸੀਡ ਸਟੋਰ ਵਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।



## ਪੁਲਸ ਕਮਿਸ਼ਨਰ ਵੱਲੋਂ ਥਾਣਿਆਂ ਦੀ ਅਚਨਚੇਤ ਚੈਕਿੰਗ

**ਜਲੰਧਰ (ਇਕਬਾਲ ਸਿੰਘ ਉਭੀ)**- ਪੁਲਸ ਦੀ ਕਾਰਜ ਪ੍ਰਣਾਲੀ ਨੂੰ ਪ੍ਰਭਾਵੀ, ਜਵਾਬਦੇਹ ਅਤੇ ਪਾਰਦਰਸ਼ੀ ਬਣਾਉਣ ਲਈ ਪੁਲਸ ਕਮਿਸ਼ਨਰ ਨੇ ਥਾਣਾ ਡਵੀਜ਼ਨ ਨੰਬਰ 7 ਅਤੇ 8 ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਪੁਲਸ ਕਮਿਸ਼ਨਰ ਨੇ ਇਨ੍ਹਾਂ ਥਾਣਿਆਂ ਵਿੱਚ ਬਕਾਇਆ ਪਏ ਕੇਸਾਂ ਦੀ ਜਾਂਚ ਕੀਤੀ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਨੂੰ ਕਲੀਅਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਕੇਸਾਂ ਦੇ ਨਿਪਟਾਰੇ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਗੈਰਵਾਜਬ ਅਤੇ ਅਣਚਾਹੀ ਹੈ। ਲੰਬਿਤ ਕੇਸਾਂ ਨੂੰ ਨਿਪਟਾਉਣ ਲਈ ਪੁਲਸ ਨੂੰ ਸਮਾਂ ਸੀਮਾ ਨਿਰਧਾਰਤ ਕਰਦੇ ਹੋਏ ਪੁਲਸ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਸਾਰੇ ਕੇਸਾਂ ਨੂੰ ਇਸ ਦੇ ਤਰਕਪੂਰਨ ਸਿੱਟੇ 'ਤੇ ਪਹੁੰਚਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਅਮਨ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੁਲਸ ਵਚਨਬੱਧ ਹੈ ਅਤੇ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਵਪਨ ਸ਼ਰਮਾ ਨੇ ਸਪੱਸ਼ਟ ਕਿਹਾ ਕਿ ਪੁਲਸ ਅਧਿਕਾਰੀਆਂ ਵੱਲੋਂ ਇਨ੍ਹਾਂ ਮਾਮਲਿਆਂ ਨਾਲ ਨਜਿੱਠਣ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਵਰਤੀ ਜਾਵੇਗੀ ਤਾਂ ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ।ਪੁਲਸ ਕਮਿਸ਼ਨਰ ਨੇ ਇਹ ਵੀ ਹਦਾਇਤ ਕੀਤੀ ਕਿ ਜੇਕਰ 72 ਘੰਟਿਆਂ ਦੇ ਅੰਦਰ ਚਲਾਨ ਚੈਕਿੰਗ ਨਾ ਕੀਤੀ ਗਈ ਤਾਂ ਏ.ਸੀ.ਪੀਜ਼ ਅਤੇ ਏ.ਡੀ.ਸੀ.ਪੀਜ਼ ਨੂੰ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਚੈਕਿੰਗ ਦਾ ਉਦੇਸ਼ ਨੁਕਸ ਕੱਢਣਾ ਨਹੀਂ ਹੈ ਬਲਕਿ ਅਸਲ ਮਕਸਦ ਲੋਕਾਂ ਦੀ ਸਹੂਲਤ ਲਈ ਜ਼ਮੀਨੀ ਪੱਧਰ 'ਤੇ ਸਥਿਤੀ ਦਾ ਜਾਇਜ਼ਾ ਲੈਣਾ ਹੈ।

## ਬਾਬਾ ਬੁੱਢਾ ਜੀ ਦਾ ਸੱਚਖੰਡ ਗਮਨ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ



**ਮੋਹਾਲੀ (ਗੁਰਜੀਤ ਬਿੱਲਾ)**-ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਿੱਖ ਪੰਥ ਦੀ ਮਹਾਨ ਸ਼ਖਸੀਅਤ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਦਾ ਸੱਚਖੰਡ ਗਮਨ ਦਿਵਸ ਸ਼ਰਧਾ ਭਾਵਨਾ ਮਨਾਇਆ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਸਾਰਾ ਦਿਨ ਵਿਸ਼ੇਸ਼ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਬਾਬਾ ਦੀਪ ਸਿੰਘ ਦੇ ਕਵੀਸ਼ਰੀ ਜਥੇ ਨੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜੀਵਨ ਬ੍ਰਿਤਾਂਤ ਅਤੇ 125 ਸਾਲ ਵਿੱਚ ਸੱਚਖੰਡ ਗਮਨ ਹੋਣ ਬਾਰੇ ਸੰਗਤਾਂ ਨੂੰ ਕਵੀਸ਼ਰੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਦੱਸਿਆ ਕਿ ਬਾਬਾ ਬੁੱਢਾ ਜੀ ਨੂੰ 5 ਗੁਰੂ ਸਾਹਿਬਾਨ ਜੀ ਨੂੰ ਗੁਰਿਆਈ ਦਾ ਤਿਲਕ ਲਗਾਉਣ ਅਤੇ 9 ਗੁਰੂ ਸਾਹਿਬਾਨ ਜੀ ਦੇ ਦਰਸ਼ਨ ਕਰਨ ਦਾ ਮਾਣ ਹਾਸਲ ਹੈ। ਸ਼੍ਰੋਮਣੀ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਨੇ ਆਪਣੇ ਪ੍ਰਵਚਨਾਂ ਰਾਹੀਂ ਦੱਸਿਆ ਕਿ ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਪ੍ਰਤਾਪੀ ਪੁੱਤਰ ਹੋਣ ਦਾ ਵਰ ਦਿੱਤਾ ਅਤੇ ਲੰਗਰ ਛਕਦਿਆਂ ਹੋਇਆ ਗੰਢਾ ਭੰਨਦੇ ਹੋਏ ਬਚਨ ਕੀਤੇ ਕਿ ਜਿਵੇਂ ਇਹ ਗੰਢਾ ਭੰਨਿਆ ਹੈ, ਉਸੇ ਤਰ੍ਹਾਂ ਆਪ ਜੀ ਦਾ ਪੁੱਤਰ ਦੁਸ਼ਮਣਾਂ ਦੇ ਸਿਰ ਭੰਨੇਗਾ। ਆਪ ਜੀ ਦੇ ਬਚਨਾਂ ਅਨੁਸਾਰ ਮਾਤਾ ਗੰਗਾ ਜੀ ਦੀ ਕੁੱਖੋਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਇਸ ਤੋਂ ਇਲਾਵਾ ਬੀਬੀ ਪਲਵਿੰਦਰ ਕੌਰ, ਬੀਬੀ ਹਰਜਿੰਦਰ ਕੌਰ, ਭਾਈ ਜਸਵਿੰਦਰ ਸਿੰਘ, ਭਾਈ ਏਕਮਜੋਤ ਸਿੰਘ, ਭਾਈ ਹਰਕੰਵਲ ਸਿੰਘ, ਭਗੜਾਣੇ ਵਾਲਿਆਂ ਦਾ ਕਵੀਸ਼ਰੀ ਜੱਥਾ, ਭਾਈ ਹਰਮਨਜੋਤ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ ਭਾਈ ਨਿਤਿਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਸੰਦੀਪ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ ।ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਇਸ ਮੌਕੇ ਤੇ ਦੱਸਿਆ ਕਿ13 ਅਕਤੂਬਰ ਨੂੰ ਦਸਵੀਂ ਦਾ ਸ਼ੁੱਭ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਦਿਨ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥੇ, ਇੰਟਰਨੈਸ਼ਨਲ ਪੰਥਕ ਢਾਡੀ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਕੀਤਾ ਜਾਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਖੇਤੀਬਾੜੀ ਵਿਭਾਗ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸੰਬੰਧੀ ਕੀਤਾ ਜਾਗਰੂਕ

**ਫਗਵਾੜਾ (ਜਸਵਿੰਦਰ ਢੱਡਾ)**-ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵਲੋਂ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਕੇ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਣ ਅਤੇ ਮਨੁੱਖੀ ਸਿਹਤ 'ਤੇ ਪੈਂਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ।ਮੁੱਖ ਖੇਤੀਬਾੜੀ ਅਫਸਰ ਡਾ. ਬਲਬੀਰ ਚੰਦ ਵਲੋਂ ਖੇਤੀਬਾੜੀ ਵਿਭਾਗ ਦੀ ਟੀਮ ਨਾਲ ਫਗਵਾੜਾ ਦੇ ਪਿੰਡ ਬਰਨ, ਰਾਣੀਪੁਰ, ਬੋਹਾਨੀ ਅਤੇ ਬਬੇਲੀ ਦਾ ਦੌਰਾ ਕਰਕੇ ਕਿਸਾਨਾਂ ਨੂੰ ਫਸਲੀ ਰਹਿੰਦ-ਖੂੰਹਦ ਦਾ ਸੁਚੱਜਾ ਪ੍ਰਬੰਧਨ ਕਰਨ ਦੀ ਅਪੀਲ ਕਰਦਿਆਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਸਬਸਿਡੀ 'ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਖੇਤੀ ਮਸ਼ੀਨਾਂ ਦੀ ਵਰਤੋਂ ਕਰਕੇ ਪਰਾਲੀ ਦਾ ਸਹੀ ਨਿਪਟਾਰਾ ਕਰਨ ਦੀ ਵੀ ਤਾਕੀਦ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀਆਂ ਪੰਜ ਜਾਗਰੂਕਤਾ ਵੈਨਾਂ ਜ਼ਿਲ੍ਹੇ ਦੀਆਂ ਵੱਖ-ਵੱਖ ਸਬ-ਡਵੀਜ਼ਨਾਂ 'ਚ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕਰਨ ਦੇ ਨਾਲ-ਨਾਲ ਵਿਭਾਗ ਵਲੋਂ ਸਬਸਿਡੀ 'ਤੇ ਦਿੱਤੀਆਂ ਜਾਂਦੀਆਂ ਖੇਤੀ ਮਸ਼ੀਨਾਂ ਬਾਰੇ ਵੀ ਜਾਗਰੂਕ ਕਰ ਰਹੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਵਿਚ ਲਗਭਗ 32 ਦੇ ਕਰੀਬ ਬੇਲਰ ਵੀ ਚੱਲ ਰਹੇ ਹਨ ਤਾਂ ਜੋ ਪਰਾਲੀ ਨੂੰ ਗੱਠਾਂ ਬਣਾ ਕੇ ਬਾਇਲਰ ਯੂਨਿਟਾਂ ਵਿਚ ਬਾਲਣ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ।

## ਜਲਾਲਪੁਰ ਨੇ ਕੈਬਨਿਟ ਮੰਤਰੀ ਸੌਂਦ ਨੂੰ ਦਿੱਤੀ ਵਧਾਈ



**ਬਲਾਚੌਰ (ਜਸਵਿੰਦਰ ਬੈਂਸ)**-ਸ਼ਹੀਦ ਭਗਤ ਸਿੰਘ ਨਗਰ ਤੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਨਵੇਂ ਬਣੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਬਣਨ 'ਤੇ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਤਰੁਨਪ੍ਰੀਤ ਸਿੰਘ ਸੌਂਦ ਪੇਂਡੂ ਵਿਕਾਸ ਅਤੇ ਪੰਚਾਇਤਾਂ, ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰਮੋਸ਼ਨ, ਲੇਬਰ, ਪ੍ਰਾਹੁਣਚਾਰੀ ਅਤੇ ਇੰਡਸਟਰੀ ਅਤੇ ਕਾਮਰਸ ਮੰਤਰੀ ਪੰਜਾਬ ਨੇ ਕਿਹਾ ਕਿ ਜੋ ਵੀ ਜ਼ਿਲ੍ਹੇ ਦੀਆਂ ਸਮੱਸਿਆਵਾਂ ਹੋਣਗੀਆਂ, ਉਨ੍ਹਾਂ ਨੂੰ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਸਤਨਾਮ ਜਲਾਲਪੁਰ ਨੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦਾ ਧੰਨਵਾਦ ਕੀਤਾ ਅਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਬਹੁਜਨ ਸਮਾਜ ਪਾਰਟੀ ਦੀ ਹੋਈ ਅਹਿਮ ਮੀਟਿੰਗ



**ਟਾਂਡਾ ਉੜਮੁੜ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਟਾਂਡਾ ਉੜਮੁੜ ਦੀ ਵਿਸ਼ੇਸ਼ ਮੀਟਿੰਗ ਹਲਕਾ ਇੰਚਾਰਜ ਜਸਵਿੰਦਰ ਦੁੱਗਲ ਅਤੇ ਹਲਕਾ ਪ੍ਰਧਾਨ ਸੰਤੋਖ ਸਿੰਘ ਨਰਿਆਲ ਦੀ ਅਗਵਾਈ ਹੇਠ ਨਵੀਆਂ ਨਿਯੁਕਤੀਆਂ ਕਰਨ ਸੰਬੰਧੀ ਅਹਿਮ ਮੀਟਿੰਗ ਹੋਈ। ਪਾਰਟੀ ਦੀ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਦੁਸ਼ਾਂਤ ਸੈਣੀ ਨੂੰ ਬਹੁਜਨ ਸਮਾਜ ਪਾਰਟੀ ਬੀ.ਸੀ ਵਿੰਗ ਦਾ ਹਲਕਾ ਪ੍ਰਧਾਨ ਅਤੇ ਗੁਰਮੁਖ ਸਿੰਘ ਨੂੰ ਬੀ.ਸੀ ਵਿੰਗ ਦਾ ਹਲਕਾ ਵਾਈਸ ਪ੍ਰਧਾਨ, ਬਲਰਾਮ ਸੈਣੀ ਨੂੰ ਬੀ .ਸੀ ਵਿੰਗ ਦਾ ਜਨਰਲ ਸੈਕਟਰੀ ਲਗਾਇਆ ਗਿਆ। ਨਵਨਿਯੁਕਤ ਅਹੁਦੇਦਾਰਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਦੁਸ਼ਾਂਤ ਸੈਣੀ ਅਤੇ ਗੁਰਮੁਖ ਸਿੰਘ ਨੇ ਕਿਹਾ ਕਿ ਜੋ ਪਾਰਟੀ ਨੇ ਉਹਨਾਂ ਨੂੰ ਜ਼ਿੰਮੇਵਾਰੀ ਸੌਂਪੀ ਹੈ ਉਸ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਹਲਕਾ ਇੰਚਾਰਜ ਜਵਿੰਦਰ ਦੁੱਗਲ, ਹਲਕਾ ਪ੍ਰਧਾਨ ਸੰਤੋਖ ਸਿੰਘ ਨਰਿਆਲ, ਜਨਰਲ ਸਕੱਤਰ ਜਗਤਾਰ ਸਿੰਘ ਦਾਰਾਪੁਰ, ਸ਼ਹਿਰੀ ਪ੍ਰਧਾਨ ਡਾ. ਚਰਨਜੀਤ ਸਿੰਘ ਚੰਨੀ ਤੋਂ ਇਲਾਵਾ ਯੋਬਨਪ੍ਰੀਤ, ਮਨੀ ਟਾਂਡਾ, ਬੌਬੀ ਟਾਂਡਾ, ਸਮੀਰ, ਸੁਖਪ੍ਰੀਤ, ਰਿਤਕ, ਵੀ ਟਾਂਡਾ, ਕੰਨੂ ਟਾਂਡਾ ਆਦਿ ਹਾਜ਼ਰ ਸਨ।

## ਡਾ. ਅਸ਼ੋਕ ਮੰਗਲਾ ਵੱਲੋਂ ਨਵਰਾਤਿਆਂ ਦੀਆਂ ਸੰਗਤਾਂ ਨੂੰ ਵਧਾਈਆਂ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਅੱਸੂ ਦੇ ਨਵਰਾਤੇ ਜਦੋਂ ਸ਼ੁਰੂ ਹੁੰਦੇ ਹਨ ਤਾਂ ਭਗਤਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ। ਇਨ੍ਹਾਂ ਨਰਾਤਿਆਂ ਵਿੱਚ ਮਾਤਾ ਆਪਣੇ ਭਗਤਾਂ ਨੂੰ ਨੌਂ ਰੂਪਾਂ ਵਿੱਚ ਦਰਸ਼ਨ ਦਿੰਦੀ ਹੈ ਅਤੇ ਮਨੋਕਾਮਨਾ ਪੂਰੀ ਕਰਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਐਮ.ਏ.ਐਸ ਇਮੀਗ੍ਰੇਸ਼ਨ ਦੇ ਐਮ.ਡੀ ਡਾ.ਅਸ਼ੋਕ ਮੰਗਲਾ ਨੇ ਕੀਤਾ। ਉਨ੍ਹਾਂ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ ਉੱਥੇ ਉਹਨਾਂ ਨੇ ਪੰਚਾਇਤੀ ਚੋਣਾਂ ਬਾਰੇ ਬੋਲਦਿਆਂ ਕਿਹਾ ਕਿ ਸਰਪੰਚੀ ਇਮਾਨਦਾਰ ਅਤੇ ਉੱਚੇ ਕਿਰਦਾਰ ਵਾਲੇ ਨੂੰ ਸਰਪੰਚ ਬਣਾਉਣਾ ਚਾਹੀਦਾ ਹੈ, ਨਾ ਕਿ ਇਹ ਦੇਖਣਾ ਹੈ ਚਾਹੀਦਾ ਹੈ ਕਿ ਇਸ ਕੋਲ ਕਿੰਨੀ ਜ਼ਮੀਨ ਹੈ ਅਤੇ ਕਿੰਨਾ ਬੈਂਕ ਬੈਲੈਂਸ ਹੈ। ਲੋਕਾਂ ਨੂੰ ਪਿੰਡਾਂ ਦੇ ਵਿਕਾਸ ਲਈ ਸੋਚਣਾ ਚਾਹੀਦਾ ਹੈ। ਜਿਹੜੇ ਸਰਪੰਚ ਬੋਲੀਆਂ ਲਾ ਕੇ ਸਰਪੰਚ ਬਣਨਗੇ ਉਹ ਪਿੰਡ ਦਾ ਵਿਕਾਸ ਕਿਸ ਤਰ੍ਹਾਂ ਕਰਨਗੇ। ਜੇ ਸਰਪੰਚੀ ਜਾਂ ਪੰਚਾਇਤ ਬੋਲੀਆਂ ਲਾ ਕੇ ਬਣਾਈ ਜਾਵੇਗੀ ਇਸ ਤਰ੍ਹਾਂ ਸਿਸਟਮ ਕਲੰਕਿਤ ਹੋ ਜਾਵੇਗਾ, ਜਿਹੜਾ ਕਿ ਸੱਚੇ ਸੁੱਚੇ ਲੋਕ ਆਦਮੀ ਹਾਜ਼ਮ ਨਹੀਂ ਕਰਨਗੇ.

## ਨੌਵੀਂ ਤੇ ਗਿਆਰ੍ਹਵੀਂ ਦੇ ਦਾਖ਼ਲੇ ਲਈ ਆਨਲਾਈਨ ਰਜਿਸਟ੍ਰੇਸ਼ਨ 30 ਤੱਕ

**ਹੁਸ਼ਿਆਰਪੁਰ (ਓ ਪੀ ਰਾਣਾ )**-ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਚਲਾਏ ਜਾ ਰਹੇ ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਵਾਲੇ ਸਹਿ-ਸਿੱਖਿਆ ਰਿਹਾਇਸ਼ੀ ਪੀ. ਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿੱਦਿਅਕ ਵਰ੍ਹੇ 2025-26 ਲਈ ਖਾਲੀ ਸੀਟਾਂ ਲਈ ਨੌਵੀਂ ਅਤੇ ਗਿਆਰ੍ਹਵੀਂ ਜਮਾਤ ਦੇ ਦਾਖ਼ਲੇ ਲਈ ਆਨਲਾਈਨ ਦਾਖ਼ਲਾ ਫਾਰਮ ਭਰਨ ਦੀ ਤਰੀਕ 30 ਅਕਤੂਬਰ ਹੈ। ਇਹ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਲੇਟਰਲ ਐਂਟਰੀ ਟੈਸਟ 8 ਫਰਵਰੀ 2025 ਨੂੰ ਹੋਵੇਗਾ। ਜੇਕਰ ਦਸਵੀਂ ਜਮਾਤ ਦੀ ਪੜ੍ਹਾਈ ਦਾ ਜ਼ਿਲ੍ਹਾ ਅਤੇ ਰਿਹਾਇਸ਼ ਇਕੋ ਹੈ ਤਾਂ ਹੀ ਉਮੀਦਵਾਰ ਨੂੰ ਜ਼ਿਲ੍ਹਾ ਪੱਧਰੀ ਮੈਰਿਟ ਲਈ ਵਿਚਾਰਿਆ ਜਾਵੇਗਾ।ਹੁਸ਼ਿਆਰਪੁਰ ਪੱਕੇ (ਬੋਨਾਫਾਈਡ) ਵਸਨੀਕ ਮੌਜੂਦਾ ਵਿੱਦਿਅਕ ਵਰ੍ਹੇ 2024-25 ਵਿਚ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ/ਸਰਕਾਰੀ ਮਾਨਤਾ ਪ੍ਰਾਪਤ ਸਕੂਲਾਂ ਦੇ ਅੱਠਵੀਂ ਅਤੇ ਦਸਵੀਂ ਵਿਚ ਪੜ੍ਹਦੇ ਵਿਦਿਆਰਥੀ ਨਵੋਦਿਆ ਵਿਦਿਆਲਿਆ ਸਮਿਤੀ ਦੀ ਵੈੱਬਸਾਈਟ 'ਤੇ ਉਪਲਬਧ ਲਿੰਕ ਤੇ ਪ੍ਰਾਸਪੈਕਟਸ ਵਿੱਚੋਂ ਜਾਣਕਾਰੀ ਪੜ੍ਹ ਕੇ ਆਨਲਾਈਨ ਰਜਿਸਟ੍ਰੇਸ਼ਨ ਕਰ ਸਕਦੇ ਹਨ। ਅੱਠਵੀਂ ਜਮਾਤ ਦੇ ਵਿਦਿਆਰਥੀ ਦਾ ਜਨਮ 01.05.2010 ਤੋਂ 31.07.2012 ਤੱਕ ਅਤੇ ਦਸਵੀਂ ਜਮਾਤ ਵਾਲਿਆਂ ਦਾ ਜਨਮ 01.06.2008 ਤੋਂ 31.07.2010 ਤੱਕ ਹੋਇਆ ਹੋਵੇ। ਆਨਲਾਈਨ ਰਜਿਸਟ੍ਰੇਸ਼ਨ ਤੋਂ ਪਹਿਲਾਂ ਪ੍ਰਾਸਪੈਕਟਸ ਨੂੰ ਚੰਗੀ ਤਰ੍ਹਾਂ ਧਿਆਨ ਨਾਲ ਪੜ੍ਹ ਲਿਆ ਜਾਵੇ। ਬੈਕਵਰਡ ਕਲਾਸ ਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਿਸੇ ਵੀ ਸੁਵਿਧਾ ਕੇਂਦਰ ਤੋਂ ਪਤਾ ਕਰ ਲੈਣ ਕਿ ਕੀ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ. ਬੀ. ਸੀ ਵਿਚ ਆਉਂਦੇ ਹਨ। ਜੇਕਰ ਨਹੀਂ ਆਉਂਦੇ ਤਾਂ ਜਨਰਲ ਉਮੀਦਵਾਰ ਦੇ ਤੌਰ 'ਤੇ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣ। ਆਨਲਾਈਨ ਅਪਲਾਈ ਕਰਨ ਤੋਂ ਪਹਿਲਾਂ ਵਿਦਿਆਰਥੀ ਦੀ ਫੋਟੋ, ਵਿਦਿਆਰਥੀ ਦੇ ਦਸਤਖ਼ਤ, ਮਾਤਾ ਜਾਂ ਪਿਤਾ ਦੇ ਦਸਤਖ਼ਤ ਸਕੈਨ ਕਰਕੇ ਦਸ ਤੋਂ ਸੌ ਕੇਬੀ ਤੱਕ ਸਾਈਜ਼ ਦੇ ਕਰਕੇ ਰੱਖ ਲਓ। ਜੇਕਰ ਕਿਸੇ ਵੀ ਵਿਦਿਆਰਥੀ ਨੂੰ ਦਾਖ਼ਲਾ ਫਾਰਮ ਭਰਨ ਵਿਚ ਦਿੱਕਤ ਆਵੇ ਤਾਂ ਕੰਮਕਾਜ ਵਾਲੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਵਿਦਿਆਲਿਆ ਦੇ ਦਫ਼ਤਰ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

## ਕੰਧੋਲਾ 'ਚ 16 ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਨੇੜਲੇ ਪਿੰਡ ਕੰਧੋਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਭਾਈ ਸੁਖਵੀਰ ਸਿੰਘ ਕੰਧੋਲਾ ਦੀ ਅਗਵਾਈ ਵਿੱਚ ਲੋੜਵੰਦ, ਗਰੀਬ ਪਰਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ ਪੂਰਨ ਗੁਰ ਮਰਿਆਦਾ ਅਨੁਸਾਰ ਕਰਵਾਏ ਗਏ। ਜਿਸ ਵਿੱਚ 16 ਲੜਕੀਆਂ ਦੇ ਆਨੰਦ ਕਾਰਜ ਕਰਵਾਏ ਗਏ। ਇਸ ਮੌਕੇ ਵੱਖ ਵੱਖ ਪਿੰਡਾਂ ਤੋ ਵਿਆਹੁਣ ਆਏ ਲੜਕੇ ਬਰਾਤਾਂ ਲੈ ਕੇ ਪਹੁੰਚੇ।ਆਨੰਦ ਕਾਰਜ ਦੀ ਰਸਮ ਭਾਈ ਸੁਖਵੀਰ ਸਿੰਘ ਕੰਧੋਲਾ ਨੇ ਨਿਭਾਈ, ਇਸ ਸਮਾਗਮ ਵਿੱਚ ਲੜਕੇ ਲੜਕੀਆਂ ਨੂੰ ਅਸ਼ੀਰਵਾਦ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਤੇ ਬਾਬਾ ਸੁਖਪਾਲ ਸਿੰਘ ਭੈਰੋ ਮਾਜਰਾ ਵਾਲਿਆਂ ਨੇ ਲਾੜੇ ਅਤੇ ਲਾੜੀਆਂ ਦੇ ਘੜੀਆਂ, ਗਿਫਟ ਅਤੇ ਸਰੋਪੇ ਪਾ ਕੇ ਨਿਭਾਈ। ਇਸ ਦੌਰਾਨ ਬਰਾਤਾਂ ਅਤੇ ਸੰਗਤਾਂ ਲਈ ਲੰਗਰ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਇਸ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਬਾਬਾ ਸੁਖਵੀਰ ਸਿੰਘ ਕੰਧੋਲਾ ਅਤੇ ਸੰਗਤਾਂ ਵੱਲੋਂ ਹਰ ਸਾਲ ਕੀਤੀ ਜਾ ਰਹੀ ਇਸ ਨਿਸ਼ਕਾਮ ਸੇਵਾ ਦੀ ਸ਼ਲਾਘਾ ਕੀਤੀ। ਇਸ ਸਮਾਗਮ ਵਿੱਚ ਸੰਤ ਮਹਾਂਪੁਰਸ਼ ਰਾਗੀ, ਢਾਡੀਆਂ ਜਿਨ੍ਹਾਂ ਵਿੱਚ ਸੰਤ ਬਾਬਾ ਸਤਨਾਮ ਸਿੰਘ ਧੋਹਲੋ ਮਾਜਰਾ, ਸੰਤ ਬਲਵਿੰਦਰ ਸਿੰਘ, ਭਾਈ ਬਹਾਦਰ ਸਿੰਘ ਮਕੜੌਨਾ, ਰਾਗੀ ਭਾਈ ਅਕਾਸ਼ਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਫਹਿਤਗੜ੍ਹ ਸਾਹਿਬ ਤੇ ਹੋਰਨਾਂ ਨੇ ਹਾਜ਼ਰੀ ਭਰੀ। ਇਸ ਸਮਾਗਮ ਦੌਰਾਨ ਅਰਦਾਸ ਸੰਤ ਬਾਬਾ ਭੁਪਿੰਦਰ ਸਿੰਘ ਮਾਜਰੇ ਵਾਲਿਆਂ ਨੇ ਕੀਤੀ। ਇਨ੍ਹਾਂ ਲੜਕੀਆਂ ਨੂੰ ਪੇਟੀ, ਬੈਡ ਤੇ ਹੋਰ ਘਰੇਲੂ ਸਾਮਾਨ ਦਿੱਤਾ ਗਿਆ। ਇਸ ਮੌਕੇ ਸਮਾਜਸੇਵੀ, ਧਾਰਮਿਕ ਤੇ ਰਾਜਨੀਤਕ ਆਗੂਆਂ ਤੋਂ ਇਲਾਵਾਂ ਹਜ਼ਾਰਾਂ ਦੀ ਗਿਣਤੀ ਵਿੱਚ ਦੂਰੋਂ ਨੇੜਿਉਂ ਸੰਗਤਾਂ ਨੇ ਹਾਜ਼ਰੀ ਭਰੀ।

## ਕਿੱਕ ਬਾਕਸਿੰਗ ਮੁਕਾਬਲੇ 'ਚ ਅੰਸ਼ੂ ਨੂੰ ਪਹਿਲਾ ਸਥਾਨ

**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2024' ਤਹਿਤ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਦੇ ਆਖਰੀ ਦਿਨ ਕਿੱਕ ਬਾਕਸਿੰਗ ਮੁਕਾਬਲੇ ਕਰਵਾਏ ਗਏ।ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਨੇ ਖੇਡ ਮੁਕਾਬਲਿਆਂ ਦੇ ਨਤੀਜਿਆਂ ਬਾਰੇ ਦੱਸਿਆ ਕਿ ਕਿੱਕ ਬਾਕਸਿੰਗ ਅੰਡਰ-21 ਲੜਕੇ 51 ਕਿਲੋ ਭਾਰ ਵਰਗ ਮੁਕਾਬਲੇ ਵਿਚ ਅੰਸ਼ੂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਦਕਿ ਸੂਰਿਆਵਿਕ ਨੇ ਦੂਜਾ ਅਤੇ ਅਭਿਸ਼ੇਕ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ 57 ਕਿਲੋ ਭਾਰ ਵਰਗ ਮੁਕਾਬਲੇ ਵਿਚ ਮੋਹਿਤ ਨੇ ਪਹਿਲਾ, ਅਮਿਤ ਨੇ ਦੂਜਾ ਅਤੇ ਆਯੂਸ਼ ਨੇ ਤੀਜਾ ਸਥਾਨ ਪ੍ਰਾਪਤ ਕੀਤਾ।63 ਕਿਲੋ ਭਾਰ ਵਰਗ ਮੁਕਾਬਲੇ ਵਿਚ ਕੁਨਾਲ ਪਹਿਲੇ ਸਥਾਨ 'ਤੇ ਰਿਹਾ ਅਤੇ ਕੁਨਾਲ ਮੈਰੀਟੋਰੀਅਸ ਸਕੂਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ 69 ਕਿਲੋ ਭਾਰ ਵਰਗ ਵਿਚ ਮੁਕਾਬਲੇ ਵਿੱਚ ਤਰੁਣ ਸ਼ਰਮਾ ਨੇ ਪਹਿਲਾ, ਵਿਵੇਕ ਨੇ ਦੂਜਾ ਅਤੇ ਕਿਸ਼ਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਸੂੰਢ-ਮਕਸੂਦਪੁਰ ਸਕੂਲ 'ਚ ਡੇਂਗੂ 'ਤੇ ਵਾਰ ਵਿਸ਼ੇ 'ਤੇ ਸੈਮੀਨਾਰ



**ਬੰਗਾ (ਅਵਤਾਰ ਕਲੇਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੂੰਢ-ਮਕਸੂਦਪੁਰ ਵਿਖੇ ਡੇਂਗੂ ਤੇ ਵਾਰ' ਵਿਸ਼ੇ ਦੇ ਤਹਿਤ ਸੈਮੀਨਾਰ ਕਰਵਾਇਆ ਗਿਆ। ਡਾ. ਗੁਰਤੇਜ ਸਿੰਘ ਸਿੱਧੂ ਨੇ ਬੱਚਿਆਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਪਾਣੀ ਕਿਤੇ ਵੀ ਖੜ੍ਹਾ ਨਹੀਂ ਰਹਿਣ ਦੇਣਾ ਚਾਹੀਦਾ, ਖੜ੍ਹੇ ਪਾਣੀ ਵਿੱਚ ਮੱਛਰ ਪੈਦਾ ਹੁੰਦੇ ਹਨ ਜਿਸ ਨਾਲ ਡੇਂਗੂ ਹੋਣ ਦਾ ਡਰ ਬਣਿਆ ਰਹਿੰਦਾ ਹੈ। ਉਹਨਾਂ ਨੇ ਕਿਹਾ ਕਿ ਕੂਲਰਾਂ ਤੇ ਗਮਲਿਆਂ ਦੀਆਂ ਟਰੇਆਂ ਵਿੱਚ ਖੜ੍ਹੇ ਪਾਣੀ ਨੂੰ ਸਾਫ ਕਰਨਾ ਚਾਹੀਦਾ ਹੈ। ਅਜਿਹੇ ਕੱਪੜੇ ਪਾਉਣੇ ਚਾਹੀਦੇ ਹਨ ਜਿਸ ਨਾਲ ਸਾਰਾ ਸਰੀਰ ਢਕਿਆ ਰਹੇ। ਸੌਣ ਵੇਲੇ ਮੱਛਰਦਾਨੀ, ਮੱਛਰ ਦੇ ਕੱਟਣ ਤੋਂ ਬਚਾਅ ਵਾਲੀਆਂ ਕਰੀਮਾਂ ਤੇ ਤੇਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਅਗਰ ਮੱਛਰ ਕੱਟਣ 'ਤੇ ਬੁਖਾਰ ਚੜ੍ਹਦਾ ਹੈ ਤਾਂ ਐਸਪਰੀਨ ਅਤੇ ਬਰੂਫਨ ਨਾ ਲਵੋ ਸਗੋਂ ਪੈਰਾਸੀਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ।ਘਰ ਦੀਆਂ ਟੈਂਕੀਆਂ ਨੂੰ ਸਾਫ ਕਰਨਾ ਚਾਹੀਦਾ ਹੈ। ਬਰਤਨਾਂ ਨੂੰ ਖੁੱਲ੍ਹੇ ਨਹੀਂ ਛੱਡਣਾ ਚਾਹੀਦਾ। ਹਰ ਸ਼ੁੱਕਰਵਾਰ ਆਪਣੇ ਆਲੇ ਦੁਆਲੇ ਦੀ ਸਫਾਈ ਕਰੋ, ਜਿੱਥੇ ਕਿਤੇ ਪਾਣੀ ਖੜ੍ਹਦਾ ਉਸ ਨੂੰ ਵੀ ਸਾਫ ਕਰੋ। ਇਸ ਮੌਕੇ ਸਕੂਲ ਮੁਖੀ ਕਰਮਜੀਤ ਸਿੰਘ, ਲੈਕ ਸੁਰਜੀਤ ਸੈਂਪਲੇ, ਲੈਕ ਰਾਮ ਲਾਲ, ਰਾਜਵਿੰਦਰ ਕੌਰ, ਗੁਰਵਿੰਦਰ ਕੌਰ, ਪਰਵੀਰ ਸਿੰਘ, ਨਵਨੀਤ ਕੌਰ, ਲਾਲ ਚੰਦ,ਦਵਿੰਦਰ ਕੌਰ, ਪ੍ਰਭਜੋਤ ਕੌਰ,ਮੈਡਮ, ਸੁਨੀਤਾ, ਦਰਬਾਰਾ ਸਿੰਘ ਸਿਹਤ ਅਧਿਕਾਰੀ, ਨਵਦੀਪ ਕੌਰ ਏ ਐਨ ਐਮ, ਆਸ਼ਾ ਵਰਕਰ ਹਰਜਿੰਦਰ ਕੌਰ ਤੇ ਬੁੱਧ ਰਾਮ ਹਾਜ਼ਰ ਸਨ।

## ਸੁਨਿਆਰੇ ਦੀ ਦੁਕਾਨ ਤੋਂ 7 ਲੱਖ ਰੁਪਏ ਦੇ ਗਹਿਣੇ ਚੋਰੀ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਸਥਾਨਕ ਸ਼ਹਿਰ ਵਿੱਚ ਦਿਨ ਦਿਹਾੜੇ ਠੱਗੀ, ਲੁੱਟ ਖੋਹ ਦੀਆਂ ਵਾਰਦਾਤਾਂ 'ਚ ਵਾਧਾ ਹੋ ਰਿਹਾ ਹੈ। ਅਜੇ ਦੋ ਦਿਨ ਪਹਿਲਾਂ ਐਚ.ਡੀ.ਐਫ.ਸੀ. ਏ.ਟੀ.ਐਮ ਕਾਰਡ ਬਦਲ ਕੇ 20 ਹਜ਼ਾਰ ਰੁਪਏ ਦੀ ਠੱਗੀ ਦੇ ਮਾਮਲੇ ਨੂੰ ਪੁਲਸ ਸੁਲਝਾ ਨਹੀ ਸਕੀ ਸੀ, ਕਿ ਬੀਤੇ ਦਿਨ ਦੋ ਵਿਅਕਤੀ ਇਕ ਜਵੈਲਰੀ ਸ਼ਾਪ 'ਚੋਂ 15 ਮਿੰਟਾਂ 'ਚ 7 ਲੱਖ ਰੁਪਏ ਦੇ ਗਹਿਣੇ ਚੋਰੀ ਕਰਕੇ ਫਰਾਰ ਹੋ ਗਏ। ਰਾਹੋਂ ਦੇ ਮੇਨ ਬਜ਼ਾਰ ਵਿੱਚ ਸਥਿਤ ਜੋਸ਼ੀ ਜਵੈਲਰ ਦੇ ਮਾਲਕ ਹਰਸ਼ ਜੋਸ਼ੀ ਨੇ ਦੱਸਿਆ ਕਿ ਉਹ ਬੀਤੇ ਦਿਨ 3:00 ਵਜੇ ਦੇ ਕਰੀਬ ਆਪਣੀ ਜਵੈਲਰੀ ਸ਼ਾਪ ਤੇ ਆਪਣੇ ਬੇਟੇ ਨੂੰ ਬਿਠਾ ਕੇ ਕਿਸੇ ਪਿੰਡ ਵਿੱਚ ਜ਼ਰੂਰੀ ਕੰਮ ਲਈ ਗਿਆ ਸੀ ਕਿ ਮੇਰੇ ਜਾਣ ਤੋਂ ਬਾਅਦ ਦੁਕਾਨ ਤੇ ਮੇਰੇ ਬੇਟੇ ਦੇ ਕੋਲ ਇੱਕ ਨੌਜਵਾਨ ਆਇਆ ਜਿਸ ਨੇ ਆ ਕੇ ਮੇਰੇ ਬੇਟੇ ਤੋਂ ਕਰੀਬ 14 ਹਜ਼ਾਰ ਦੀ ਕੀਮਤ ਵਿੱਚ ਜੈਂਟਸ ਲਾਕਟ ਅਤੇ ਅੰਗੂਠੀਆਂ ਦਿਖਾਉਣ ਲਈ ਕਿਹ। ਉਸ ਸਮੇਂ ਮੇਰੇ ਬੇਟੇ ਨੇ ਦੁਕਾਨ ਤੇ ਕੰਮ ਕਰਨ ਵਾਲੇ ਲੜਕੇ ਨੂੰ ਬੁਲਾਇਆ। ਉਸ ਉਪਰੰਤ ਮੇਰੇ ਬੇਟੇ ਨੇ ਅੰਗੂਠੀ ਤੇ ਲਾਕਟ ਉਕਤ ਵਿਅਕਤੀ ਨੂੰ ਦਿਖਾਏ, ਪਰ ਉਸ ਵਿਅਕਤੀ ਦੇ ਪਸੰਦ ਨਾ ਆਏ ਕਹਿ ਕੇ ਮਨ੍ਹਾਂ ਕਰ ਦਿੱਤਾ। ਉਸ ਉਪਰੰਤ ਦੁਕਾਨ ਤੇ ਕੰਮ ਕਰਨ ਵਾਲਾ ਲੜਕਾ ਆਪਣੇ ਕੰਮ ਵਿੱਚ ਲੱਗ ਗਿਆ। ਏਨੇ ਸਮੇਂ ਵਿੱਚ ਚੋਰੀ ਕਰਨ ਆਏ ਵਿਅਕਤੀ ਨੇ ਮੇਰੇ ਬੇਟੇ ਨੂੰ ਫਿਰ ਤੋਂ ਗਹਿਣੇ ਦਿਖਾਉਣ ਲਈ ਕਿਹਾ। ਜਿਸ ਸਮੇਂ ਮੇਰੇ ਬੇਟਾ ਦੁਬਾਰਾ ਗਹਿਣੇ ਦਿਖਾ ਰਿਹਾ ਸੀ ਤਾਂ ਉਸ ਵਿਅਕਤੀ ਨੇ ਬੜੀ ਹੀ ਚਲਾਕੀ ਨਾਲ ਸੋਨੇ ਦੀਆਂ ਅੰਗੂਠੀਆਂ ਦਾ ਲਿਫਾਫਾ ਲੁਕੋ ਲਿਆ ਅਤੇ ਉਥੋਂ ਫਰਾਰ ਹੋ ਗਿਆ। ਹਰਸ਼ ਜੋਸ਼ੀ ਨੇ ਅਗੇ ਦੱਸਿਆ ਕਿ ਜਦੋਂ ਰਾਤ ਨੂੰ ਮੈਂ ਘਰ ਪਹੁੰਚਿਆ ਤਾਂ ਮੇਰੇ ਬੇਟੇ ਨੇ ਰੋਂਦੇ ਹੋਏ ਮੈਨੂੰ ਲੁੱਟ ਦੀ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ। ਉਸੇ ਸਮੇਂ ਮੈਂ ਪੁਲਸ ਥਾਣਾ ਰਾਹੋਂ ਦੇ ਐਸ.ਐਚ.ਓ ਜਰਨੈਲ ਸਿੰਘ ਨੂੰ ਜਾਣਕਾਰੀ ਦਿੱਤੀ। ਅਗਲੇ ਦਿਨ ਸਵੇਰੇ ਡੀ.ਐਸ.ਪੀ ਨਵਾਸ਼ਹਿਰ ਰਾਜ ਕੁਮਾਰ ਅਤੇ ਐਸ.ਐਚ.ਓ ਜਰਨੈਲ ਸਿੰਘ ਨੇ ਘਟਨਾ ਵਾਲੀ ਜਗ੍ਹਾ ਤੇ ਸੀ.ਸੀ.ਟੀ ਵੀ ਕੈਮਰੇ ਨੂੰ ਚੈਕ ਕੀਤੇ, ਜਿਸ ਤੋਂ ਪੁਲਸ ਦੇ ਹੱਥ ਕੁਝ ਸੁਰਾਗ ਲੱਗੇ। ਡੀ.ਐਸ.ਪੀ ਰਾਜ ਕੁਮਾਰ ਦੀ ਅਗਵਾਈ ਹੇਠ ਬਜ਼ਾਰ ਵਿੱਚ ਲੱਗੇ ਸੀ.ਸੀ.ਟੀ ਵੀ ਕੈਮਰੇ ਤੋਂ ਇਲਾਵਾ ਹੋਰ ਦੁਕਾਨਾਂ ਤੇ ਲੱਗੇ ਸੀ.ਸੀ.ਟੀ ਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮਾਮਲੇ ਨੂੰ ਛੇਤੀ ਸੁਲਝਾਉਣ ਦੇ ਯਤਨ ਕੀਤੇ ਜਾ ਰਹੇ ਹਨ।

## ਦੁਸਹਿਰਾ 12 ਨੂੰ ਧੂਮਧਾਮ ਨਾਲ ਮਨਾਇਆ ਜਾਵੇਗਾ : ਡਾ. ਰਾਕੇਸ਼ ਸ਼ਰਮਾ



**ਫਿਲੌਰ (ਬੀ ਐਸ ਕੈਨੇਡੀ)**-ਨਵਯੁਵਕ ਦੁਸਹਿਰਾ ਕਮੇਟੀ ਦੇ ਪ੍ਰਧਾਨ ਡਾ. ਰਾਕੇਸ਼ ਸ਼ਰਮਾ ਨੇ ਪਹਿਲੇ ਨਰਾਤੇ ਦੌਰਾਨ ਝੰਡੇ ਦੀ ਰਸਮ ਤੋਂ ਬਾਅਦ ਦੱਸਿਆ ਕਿ ਇਸ ਸਾਲ ਦੁਸਹਿਰੇ ਦਾ ਤਿਉਹਾਰ 12 ਅਕਤੂਬਰ ਨੂੰ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਲੜਕੇ ਦੀ ਗਰਾਊਂਡ ਵਿਚ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੋਦ ਕੁਮਾਰ ਵਸੰਤਰਾਏ, ਵੈਭਵ ਸ਼ਰਮਾ ਕੌਂਸਲਰ, ਰਵੀ ਕਾਂਤ ਗੁਪਤਾ, ਲਾਲਾ ਸੁਦੇਸ਼, ਰਾਕੇਸ਼ ਸਲੋਤਰਾ, ਅਸ਼ੋਕ ਬੱਤਰਾ, ਰਾਕੇਸ਼ ਕਾਲੀਆ ਕੌਂਸਲਰ, ਸੁਰਿੰਦਰ ਕੈਂਥ ਕੌਂਸਲਰ, ਸਤਨਾਮ, ਕਾਲਾ, ਤਿਲਕ ਰਾਜ ਭਾਜਪਾ, ਅਸ਼ਵਨੀ ਭਾਜਪਾ, ਇੰਦਰਜੀਤ ਸਿੰਘ ਲਾਂਬਾ ਤੋਂ ਇਲਾਵਾਂ ਸ਼ਹਿਰ ਦੇ ਪਤਵੰਤੇ ਹਾਜ਼ਰ ਸਨ।

## ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹੰਗਾਮੀ ਮੀਟਿੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹੰਗਾਮੀ ਮੀਟਿੰਗ ਹੋਈ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਅਤੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ ਨੇ ਦੱਸਿਆ ਕਿ ਸੁੱਕੇ ਝੋਨੇ ਦੇ ਅੰਬਾਰ ਮੰਡੀਆਂ ਵਿੱਚ ਲੱਗੇ ਹੋਏ ਹਨ ਪਰ ਖਰੀਦ ਏਜੰਸੀਆਂ ਮੰਡੀਆਂ ਵਿੱਚ ਨਹੀਂ ਆਈਆਂ। ਜਿਸ ਕਰਕੇ ਕਿਸਾਨ ਮੰਡੀਆਂ ਵਿੱਚ ਰਾਤਾਂ ਨੂੰ ਰਹਿਣ ਲਈ ਮਜਬੂਰ ਹਨ। ਕਿਰਤੀ ਕਿਸਾਨ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਨਵਾਂਸ਼ਹਿਰ ਨੂੰ ਅਪੀਲ ਕੀਤੀ ਕਿ ਕਿਸਾਨ ਦਾ ਮੰਡੀ ਵਿੱਚ ਆਇਆ ਝੋਨਾ ਤੁਰੰਤ ਭਰਿਆ ਜਾਵੇ। ਅਗਰ ਤਿੰਨ ਅਕਤੂਬਰ ਤੱਕ ਝੋਨਾ ਨਾ ਭਰਿਆ ਗਿਆ ਤਾਂ ਜ਼ਿਲ੍ਹੇ ਭਰ ਦੇ ਕਿਸਾਨ 4 ਅਕਤੂਬਰ ਨੂੰ ਡਿਪਟੀ ਕਮਿਸ਼ਨਰ ਦੇ ਦਫ਼ਤਰ ਧਰਨਾ ਦੇਣਗੇ। ਸਮੂਹ ਕਿਸਾਨ ਯੂਨੀਅਨਾਂ, ਆੜ੍ਹਤੀਆਂ, ਲੇਬਰ ਜਥੇਬੰਦੀਆਂ ਅਤੇ ਕਿਸਾਨਾਂ ਨੂੰ 4 ਅਕਤੂਬਰ ਨੂੰ ਸਵੇਰੇ ਠੀਕ 11 ਵਜੇ ਸਮੇਂ ਸਿਰ ਪਹੁੰਚਣ ਲਈ ਅਪੀਲ ਕੀਤੀ ਜਾਂਦੀ ਹੈ। ਇਸ ਮੌਕੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਪਰਮਜੀਤ ਸਿੰਘ ਸ਼ਹਾਬਪੁਰ ਨਵਾਂਸ਼ਹਿਰ ਇਲਾਕੇ ਦੇ ਪ੍ਰਧਾਨ, ਸੁਰਿੰਦਰ ਸਿੰਘ ਮਹਿਰਮਪੁਰ ਔੜ ਬਲਾਕ ਪ੍ਰਧਾਨ, ਨਿਰਮਲ ਸਿੰਘ ਮੱਲਪੁਰ ਅੜਕਾਂ, ਰਾਮ ਜੀ ਦਾਸ ਸਨਾਵਾ, ਅਵਤਾਰ ਸਿੰਘ ਸਕੋਹਪੁਰ, ਜੀਵਨ ਬੇਗੋਵਾਲ, ਬਲਵੀਰ ਸਿੰਘ, ਮੋਹਣ ਸਿੰਘ ਲੰਗੜੋਆ, ਜਗਤਾਰ ਸਿੰਘ ਜਾਡਲਾ, ਮੱਖਣ ਸਿੰਘ ਭਾਨਮਜਾਰਾ ਅਤੇ ਰਾਮ ਜੀ ਦਾਸ ਸਨਾਵਾ ਹਾਜ਼ਰ ਸਨ।

## ਸਰਕਾਰੀ ਕਾਲਜ 'ਚ ਮੌਲਿਕ ਲਿਖਤ ਮੁਕਾਬਲੇ ਕਰਵਾਏ



**ਭੁਲੱਥ, (ਮਨਪ੍ਰੀਤ ਸਿੰਘ)**-ਸਰਕਾਰੀ ਕਾਲਜ ਭੁਲੱਥ ਵਿਖੇ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਦੀ ਅਗਵਾਈ ਹੇਠ ਹਿੰਦੀ ਵਿਭਾਗ ਵੱਲੋਂ ਹਿੰਦੀ ਦਿਵਸ ਮਨਾਇਆ ਗਿਆ। ਹਿੰਦੀ ਵਿਭਾਗ ਦੇ ਮੁਖੀ ਡਾ. ਸੁਨੀਤਾ ਨੇ ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਦੇ ਮੌਲਿਕ ਲਿਖਤ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਲੇਖ, ਕਵਿਤਾ, ਕਹਾਣੀ, ਨਿਬੰਧ ਲਿਖਤਾਂ ਰਾਹੀਂ ਵਿਦਿਆਰਥੀਆਂ ਨੇ ਆਪਣੀਆਂ ਮੌਲਿਕ ਰਚਨਾਵਾਂ ਲਿਖ ਕੇ ਮੁਕਾਬਲੇ ਵਿੱਚ ਹਿੱਸਾ ਲਿਆ।ਕਾਰਜਕਾਰੀ ਪ੍ਰਿੰਸੀਪਲ ਵਿਜੈ ਸ਼ੰਕਰ ਨੇ ਜੇਤੂ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦੇ ਬਹੁ-ਪੱਖੀ ਵਿਕਾਸ ਵਿੱਚ ਸਹਾਇਕ ਸਿੱਧ ਹੁੰਦੇ ਹਨ। ਡਾ. ਮੁਖਵੀਰ ਸਿੰਘ ਨੇ ਸਟੇਜ ਸੰਚਾਲਨ ਬਾਖੂਬੀ ਨਿਭਾਇਆ। ਸਮਾਗਮ ਵਿੱਚ ਪ੍ਰੋ. ਕਮਲ ਕੁਮਾਰ, ਪ੍ਰੋ. ਸੀਮਾ, ਪ੍ਰੋ: ਜਸਮੇਰ ਸਿੰਘ, ਪ੍ਰੋ. ਹਰਪ੍ਰੀਤ ਕੌਰ, ਮੈਡਮ ਅੰਜਲੀ ਦੇਵੀ, ਪ੍ਰੋ. ਜਸਵੰਤ ਕੌਰ, ਪ੍ਰੋ. ਕੁਲਵੰਤ ਸਿੰਘ, ਰਾਕੇਸ਼ ਕੁਮਾਰ ਖੰਨਾ, ਹਰਮਨਜੀਤ ਸਿੰਘ ਹਾਜ਼ਰ ਸਨ।

# ਦੋਆਬਾ ਕਿਸਾਨ ਕਮੇਟੀ ਪੰਜਾਬ ਵੱਲੋਂ ਐੱਮ ਐੱਲ ਏ ਤੇ ਮੰਤਰੀਆਂ ਨੂੰ ਦਿੱਤੇ ਜਾਣਗੇ ਚੇਤਾਵਨੀ ਪੱਤਰ : ਚੌਹਾਨ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਦੋਆਬਾ ਕਿਸਾਨ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ, ਸ਼ੈਲਰ ਮਾਲਕ ਐਸੋਸੀਏਸ਼ਨ ਦਾ ਵਾਈਸ ਪ੍ਰਧਾਨ ਅਮਰੀਕ ਸਿੰਘ ਗੱਗੀ ਦਸੂਹਾ, ਸ਼ੇਰਪ੍ਰਤਾਪ ਸਿੰਘ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਦਸੂਹਾ, ਰਕੇਸ਼ ਵੋਹਰਾ ਆੜ੍ਹਤੀ ਐਸੋਸੀਏਸ਼ਨ ਚੋਲਾਂਗ ਪ੍ਰਧਾਨ, ਸੁਰੇਸ਼ ਜੈਨ ਟਾਂਡਾ, ਰਵੀ ਮੰਗਲ ਮੰਡੀ ਪ੍ਰਧਾਨ ਮੁਕੇਰੀਆਂ ਦੀ ਅਗਵਾਈ ਵਿੱਚ ਗੁਰਦੁਆਰਾ ਟੱਕਰ ਸਾਹਿਬ ਵਿੱਚ ਸਮੁੱਚੀ ਜਥੇਬੰਦੀ, ਆੜ੍ਹਤੀ ਐਸੋਸੀਏਸ਼ਨ ਅਤੇ ਸ਼ੈਲਰ ਮਾਲਕਾਂ ਨਾਲ ਸਾਂਝੇ ਤੌਰ 'ਤੇ ਮੀਟਿੰਗ ਕੀਤੀ ਗਈ। ਜਿਸ ਵਿੱਚ ਉਹਨਾਂ ਕਿਹਾ ਕਿ 3 ਅਕਤੂਬਰ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਝੋਨੇ ਦੀ ਸਰਕਾਰੀ ਖਰੀਦ ਦਾ ਕੋਈ ਵੀ ਐਲਾਨ ਨਹੀਂ ਕੀਤਾ ਗਿਆ ।ਜਿਸ ਨੂੰ ਲੈ ਕੇ ਸਮੁੱਚਾ ਪੰਜਾਬ ਪਰੇਸ਼ਾਨ ਹੈ। ਕਿਉਂਕਿ ਇੰਨੀਆਂ ਕਠਿਨਾਈਆਂ ਤੋਂ ਬਾਅਦ ਤਿਆਰ ਕੀਤੀ ਫਸਲ ਅੱਜ ਮੰਡੀਆਂ ਅਤੇ ਖੇਤਾਂ ਵਿੱਚ ਰੁਲ ਰਹੀ ਹੈ। ਇਸ ਤੋਂ ਬਾਅਦ ਵੀ ਉਸ ਨੂੰ ਫਸਲ ਦਾ ਮੁੱਲ ਤਾਂ ਕੀ ਮਿਲਣਾ, ਸਰਕਾਰ ਵੱਲੋਂ ਉਸ ਦੀ ਖਰੀਦ ਵੀ ਸਮੇਂ ਸਿਰ ਨਹੀਂ ਕੀਤੀ ਜਾ ਰਹੀ। ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਹਰ ਰੋਜ਼ ਕਿਸਾਨ ਮਜ਼ਦੂਰ ਪਰੇਸ਼ਾਨ ਹੋ ਰਹੇ ਹਨ । ਅੱਜ ਨਿੱਤ ਨਵੇਂ ਦਿਨ ਆਪਣੀਆਂ ਮੰਗਾਂ ਨੂੰ ਲੈ ਕੇ ਕਿਸਾਨਾਂ ਨੂੰ ਸੰਘਰਸ਼ ਦਾ ਰਸਤਾ ਅਪਣਾਉਣਾ ਪੈ ਰਿਹਾ ਹੈ।ਉਹਨਾਂ ਕਿਹਾ ਕਿ ਝੋਨੇ ਦੀ ਤਿਆਰ ਫ਼ਸਲ ਖੇਤਾਂ ਅਤੇ ਮੰਡੀਆਂ ਵਿੱਚ ਰੁਲ ਰਹੀ ਹੈ।

ਚੌਹਾਨ ਵੱਲੋਂ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਉਹਨਾਂ ਦਾ ਸ਼ੈਲਰ ਮਾਲਕਾਂ ਅਤੇ ਜੋ ਵੀ ਆੜ੍ਹਤੀ ਐਸੋਸੀਏਸ਼ਨ ਦੇ ਨਾਲ ਮਸਲਾ ਹੈ, ਉਸ ਨੂੰ ਤੁਰੰਤ ਹੱਲ ਕਰੇ ਤਾਂ ਜੋ ਝੋਨੇ ਦੀ ਸਰਕਾਰੀ ਖਰੀਦ ਜਲਦੀ ਤੋਂ ਜਲਦੀ ਸ਼ੁਰੂ ਹੋ ਸਕੇ। ਉਹਨਾਂ ਕਿਹਾ ਕਿ ਅਸੀਂ ਵਾਰ-ਵਾਰ ਸਰਕਾਰ ਨੂੰ ਬੇਨਤੀਆਂ ਕਰ ਰਹੇ ਹਾਂ ਪਰ ਸਰਕਾਰ ਵੱਲੋਂ ਕੋਈ ਵੀ ਹਾਂ ਪੱਖੀ ਹੁੰਗਾਰਾ ਨਹੀਂ ਮਿਲ ਰਿਹਾ। ਜੇਕਰ ਸਰਕਾਰ ਨੇ ਸਮੇਂ ਸਿਰ ਇਸ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਸਮੁੱਚੇ ਦੁਆਬਾ ਕਿਸਾਨ ਕਮੇਟੀ ਪੰਜਾਬ, ਆੜ੍ਹਤੀ ਐਸੋਸੀਏਸ਼ਨ ਅਤੇ ਸ਼ੈਲਰ ਮਾਲਕਾਂ ਵੱਲੋਂ ਸਾਂਝੇ ਤੌਰ 'ਤੇ ਐਮ ਐਲ ਏ ਤੇ ਮੰਤਰੀਆਂ ਦੇ ਘਰਾਂ ਅੱਗੇ ਝੋਨੇ ਦੀਆਂ ਭਰੀਆਂ ਟਰਾਲੀਆਂ ਲੈ ਕੇ 11 ਤੋਂ 3 ਵਜੇ ਪਰੋਟੈਸਟ ਕਰਕੇ ਚਿਤਾਵਨੀ ਪੱਤਰ ਦਿੱਤਾ ਜਾਵੇਗਾ ।ਇਸ ਮੌਕੇ ਮੀਤ ਪ੍ਰਧਾਨ ਰਣਜੀਤ ਸਿੰਘ ਬਾਜਵਾ, ਪ੍ਰਿਥੀਪਾਲ ਸਿੰਘ ਗੁਰਾਇਆ, ਸਤਪਾਲ ਸਿੰਘ ਮਿਰਜਾਪੁਰ, ਅਵਤਾਰ ਸਿੰਘ ਪਲਾਕੀ, ਪਰਮਿੰਦਰ ਸਿੰਘ ਸਮਰਾ, ਮਦਨ ਲਾਲ ਆੜ੍ਹਤੀ ਦਸੂਹਾ, ਗੁਰਪ੍ਰੀਤ ਆੜ੍ਹਤੀ ਦਸੂਹਾ, ਬੌਬੀ ਆੜ੍ਹਤੀ ਟਾਂਡਾ, ਸ਼ੇਰੂ ਆੜ੍ਹਤੀ ਟਾਂਡਾ, ਗੋਲਡੀ ਆੜ੍ਹਤੀ ਚੋਲਾਂਗ, ਸੁਖਵਿੰਦਰ ਸਿੰਘ, ਭੁਪਿੰਦਰਜੀਤ ਸਿੰਘ ਘੋਗਰਾ, ਅਕਾਸ਼ ਹੀਰਾ ਹਾਰ,ਬਲਜੀਤ ਸਿੰਘ, ਸ਼ਨੀ ਨੰਦ ਸਿੰਘ ਆਦਿ ਹਾਜ਼ਰ ਸਨ ।

# ਲੜੋਆ ਸੀ ਪੀ ਆਈ (ਐੱਮ) ਤਹਿਸੀਲ ਬੰਗਾ ਦੇ ਸਕੱਤਰ ਚੁਣੇ ਗਏ



**ਬੰਗਾ, ਨਵਾਂ ਸ਼ਹਿਰ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸੀ ਪੀ ਆਈ (ਐਮ) ਤਹਿਸੀਲ ਬੰਗਾ ਦੀ 24 ਵੀਂ ਪਾਰਟੀ ਕਾਨਫਰੰਸ ਕਾਮਰੇਡ ਮਹਿੰਦਰ ਸਿੰਘ ਗੁਣਾਚੌਰ ਨਗਰ ਅਤੇ ਸ਼ਹੀਦ ਕਾਮਰੇਡ ਪਾਖਰ ਸਿੰਘ ਹਾਲ ਵਿਚ ਪਿੰਡ ਗੁਣਾਚੌਰ ਵਿਖੇ ਸ਼ੁੱਕਰਵਾਰ ਨੂੰ ਹੋਈ।ਸਭ ਤੋਂ ਪਹਿਲਾਂ ਝੰਡੇ ਦੀ ਰਸਮ ਕਾਮਰੇਡ ਪ੍ਰੇਮ ਸਿੰਘ ਮੰਢਾਲੀ ਨੇ ਕੀਤੀ। ਸਾਥੀ ਜੋਗਿੰਦਰ ਲੜੋਆ, ਦਲਜੀਤ ਸਿੰਘ ਗੁਣਾਚੌਰ ਤੇ ਬਲਵਿੰਦਰ ਪਾਲ ਬੰਗਾ 'ਤੇ ਅਧਾਰਤ ਪ੍ਰਧਾਨਗੀ ਮੰਡਲ ਬਣਾਇਆ ਗਿਆ ਤੇ ਸੁਨੀਤਾ ਤਲਵੰਡੀ ਤੇ ਬਲਵਿੰਦਰ ਕੁਮਾਰ ਹੀਓਂ 'ਤੇ ਅਧਾਰਤ ਕਾਨਫਰੰਸ ਦੀ ਕਾਰਵਾਈ ਕਮੇਟੀ ਬਣਾਈ ਗਈ। ਕਾਨਫਰੰਸ ਨੇ ਪਿਛਲੇ ਦਿਨੀਂ ਵਿਛੜ ਗਏ ਸਾਥੀਆਂ ਕਾਮਰੇਡ ਸੀਤਾਰਾਮ ਯੇਚੁਰੀ ਕੁਲ ਹਿੰਦ ਜਨਰਲ ਸਕੱਤਰ ਸੀ ਪੀ ਆਈ ਐਮ, ਕਾਮਰੇਡ ਬੁੱਧਦੇਵ ਭੱਟਾਚਾਰੀਆ ਸਾਬਕਾ ਮੁੱਖ ਮੰਤਰੀ ਪੱਛਮੀ ਬੰਗਾਲ ਸਮੇਤ 48 ਸਾਥੀਆਂ ਦਾ ਸ਼ੋਕ ਮਤਾ ਸਾਥੀ ਜੋਗਿੰਦਰ ਲੜੋਆ ਨੇ ਰੱਖਿਆ। ਸਾਰੇ ਸਾਥੀਆਂ ਨੇ ਦੋ ਮਿੰਟ ਮੌਨ ਧਾਰ ਕੇ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਸਾਥੀ ਰਾਮ ਸਿੰਘ ਨੂਰਪੁਰੀ ਨੇ ਉਦਘਾਟਨੀ ਭਾਸ਼ਣ ਵਿਚ ਕਿਹਾ ਕਿ ਕਾਨਫਰੰਸਾਂ ਹਰ ਤਿੰਨਾਂ ਸਾਲਾਂ ਬਾਅਦ ਹੁੰਦੀਆਂ ਹਨ।ਜਿਸ ਵਿੱਚ ਪਾਰਟੀ ਪਿਛਲੇ ਕੰਮਾਂ ਦਾ ਰੀਵਿਊ ਕਰਦੀ ਹੈ ਅਤੇ ਆਉਣ ਵਾਲੇ ਸਮੇਂ ਲਈ ਕੰਮ ਕੱਢੇ ਜਾਂਦੇ ਹਨ ਅਤੇ ਪਾਰਟੀ ਬ੍ਰਾਂਚ ਰਾਹੀਂ ਹੀ ਜਥੇਬੰਦੀ ਨੂੰ ਮਜ਼ਬੂਤ ਕੀਤਾ ਜਾਂਦਾ ਹੈ। ਹੁਣ ਤਹਿਸੀਲ ਤੋਂ ਬਾਅਦ ਜ਼ਿਲ੍ਹਾ, ਸੂਬਾ ਅਤੇ ਪਾਰਟੀ ਦਾ ਮਹਾਂ ਸੰਮੇਲਨ ਅਪ੍ਰੈਲ 2025 ਵਿੱਚ ਹੋ ਰਿਹਾ ਹੈ।ਜਿਸ ਵਿੱਚ ਦੇਸ਼ ਦੀ ਰਾਜਨੀਤਿਕ ਹਾਲਤ ਵਾਰੇ ਵਿਚਾਰ ਚਰਚਾ ਹੋਵੇਗੀ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਦੇ ਫੈਸਲੇ ਲਏ ਜਾਣਗੇ। ਨਵੀਂ ਲੀਡਰਸ਼ਿਪ ਦੀ ਚੋਣ ਹੋਵੇਗੀ। ਸਾਥੀ ਨੂਰਪੁਰੀ ਨੇ ਸਫ਼ਲ ਕਾਨਫਰੰਸ ਦੀ ਵਧਾਈ ਦਿੱਤੀ। ਪਿਛਲੇ ਤਿੰਨ ਸਾਲਾਂ ਦੀ ਵਰਕ ਰਿਪੋਰਟ ਤਹਿਸੀਲ ਸਕੱਤਰ ਕੁਲਦੀਪ ਝਿੰਗੜ ਨੇ ਪੇਸ਼ ਕੀਤੀ ਜੋ ਬਹਿਸ ਤੋਂ ਬਾਅਦ ਪਾਸ ਕੀਤੀ ਗਈ।19 ਮੈਂਬਰੀ ਨਵੀਂ ਕਮੇਟੀ ਦਾ ਪੈਨਲ ਚਰਨਜੀਤ ਸਿੰਘ ਦੌਲਤਪੁਰ ਨੇ ਪੇਸ਼ ਕੀਤਾ ।ਜਿਸ ਵਿੱਚ ਦੋ ਸੀਟਾਂ ਖਾਲੀ ਰੱਖੀਆਂ ਗਈਆਂ। ਇਹ ਪੈਨਲ ਸਰਬਸੰਮਤੀ ਨਾਲ ਪਾਸ ਹੋਇਆ। ਕਾਨਫਰੰਸ ਵਿਚ ਜ਼ਿਲ੍ਹਾ ਕਾਨਫਰੰਸ ਲਈ 22 ਡੈਲੀਗੇਟਾਂ ਦੀ ਚੋਣ ਕੀਤੀ ਗਈ। ਅੰਤ ਵਿਚ ਨਵੀਂ ਕਮੇਟੀ ਨੇ ਮੀਟਿੰਗ ਕਰਕੇ ਸਾਥੀ ਜੋਗਿੰਦਰ ਲੜੋਆ ਨੂੰ ਸਕੱਤਰ ਚੁਣ ਲਿਆ। ਇਸ ਕਾਨਫਰੰਸ ਵਿੱਚ ਪੁਰਾਣੇ ਸਾਥੀਆਂ ਕਾਮਰੇਡ ਪ੍ਰੇਮ ਸਿੰਘ ਮੰਢਾਲੀ, ਸਾਥੀ ਕੇਵਲ ਕ੍ਰਿਸ਼ਨ ਲੜੋਆ, ਨਿਰਮਲ ਦਾਸ ਨੂਰਪੁਰ, ਹਰਬੰਸ ਮੱਟੂ ਅਤੇ ਸਾਥੀ ਨਾਜਰ ਸਿੰਘ ਮੰਢਾਲੀ ਨੂੰ ਸਨਮਾਨਤ ਕੀਤਾ ਗਿਆ।

# ਐੱਲ ਪੀ ਯੂ ਨੇ ਅਲਾਬਾਮਾ ਰਾਜ ਅਮਰੀਕਾ ਤੋਂ 15 ਸਿਆਸੀ ਨੇਤਾਵਾਂ ਤੇ ਅਧਿਆਪਕਾਂ ਦੀ ਕੀਤੀ ਮੇਜ਼ਬਾਨੀ

**ਜਲੰਧਰ (ਸ਼ੈਲੀ ਐਲਬਰਟ)**- ਭਾਰਤ ਅਤੇ ਯੂ ਐਸ ਏ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਯਤਨ ਵਿੱਚ ਐਲ ਪੀ ਯੂ ਨੇ ਯੂ ਐਸ ਏ ਇੰਡਿਆ ਲੀਡਰਸ਼ਿਪ ਐਂਡ ਐਜੂਕੇਸ਼ਨ ਸਮਿਟ 2024 ਦੀ ਮੇਜ਼ਬਾਨੀ ਕੀਤੀ। ਅਲਾਬਾਮਾ, ਅਮਰੀਕਾ ਦੇ ਰਾਜ ਦੇ ਪੰਦਰਾਂ ਪ੍ਰਤਿਸ਼ਠਿਤ ਸੈਨੇਟਰਾਂ ਅਤੇ ਸਿੱਖਿਅਕਾਂ ਨੇ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ ਕਿ ਕਿਵੇਂ ਅਕਾਦਮਿਕ ਸਹਿਯੋਗ ਇਹਨਾਂ ਸਬੰਧਾਂ ਨੂੰ ਉਤਸ਼ਾਹਿਤ ਕਰ ਸਕਦਾ ਹੈ, ਅਧਿਆਪਕਾਂ ਦੇ ਆਦਾਨ-ਪ੍ਰਦਾਨ, ਸਾਂਝੇ ਅਕਾਦਮਿਕ ਪ੍ਰੋਗਰਾਮਾਂ, ਅਤੇ ਸਹਿਕਾਰੀ ਖੋਜ ਪਹਿਲਕਦਮੀਆਂ 'ਤੇ ਧਿਆਨ ਕੇਂਦਰਤ ਕਰਦਾ ਹੈ।ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ, ਪ੍ਰੋ ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਵੀ ਸ਼ਿਰਕਤ ਕੀਤੀ। ਸਨਮਾਨਤ ਮਹਿਮਾਨਾਂ ਵਿੱਚ ਸੈਨੇਟਰ ਆਰਥਰ ਓਰ (ਈ ਐਫ ਟੀ-ਲਾਈਮਸਟੋਨ ਦੇ ਚੇਅਰ, ਮੈਡੀਸਨ, ਮੋਰਗਨ), ਬੌਬੀ ਸਿੰਗਲਟਨ (ਅਲਬਾਮਾ ਸੀਨੇਟ ਦੇ ਘੱਟ ਗਿਣਤੀ ਆਗੂ), ਡੌਨੀ ਚੈਸਟੀਨ (ਸਿੱਖਿਆ ਨੀਤੀ ਚੇਅਰ ਜਨੇਵਾ, ਹਿਊਸਟਨ), ਜੇ ਹੋਵੇ (ਸਟੇਟ ਸੈਨੇਟ-ਲੀ, ਰਸਲ) ਅਤੇ ਸੇਵਾਮੁਕਤ ਗੇਰਾਲਡ ਡਾਇਲ (ਐਲ ਆਈ ਈ ਈ ਪੀ ਦੇ ਸਹਿ-ਸੰਸਥਾਪਕ, ਸਾਬਕਾ ਅਲਾਬਾਮਾ ਰਾਜ ਸੈਨੇਟਰ) ਦਾ ਸਵਾਗਤ ਕੀਤਾ । ਡਾ. ਅਸ਼ੋਕ ਕੁਮਾਰ ਮਿੱਤਲ ਨੇ ਇਸ ਸੰਮੇਲਨ ਦੀ ਮਹੱਤਤਾ ਨੂੰ ਉਜਾਗਰ ਕੀਤਾ, ਅਮਰੀਕਾ ਅਤੇ ਅਲਾਬਾਮਾ ਦੀਆਂ ਕਈ ਯੂਨੀਵਰਸਿਟੀਆਂ ਨਾਲ ਸਹਿਯੋਗ ਕਰਨ ਲਈ ਐਲ ਪੀ ਯੂ ਦੀਆਂ ਯੋਜਨਾਵਾਂ ਬਾਰੇ ਗੱਲ ਕੀਤੀ। ਉਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਚੋਟੀ ਦੇ ਅਮਰੀਕੀ ਅਦਾਰਿਆਂ ਨਾਲ ਸਾਂਝੇਦਾਰੀ ਐਲ ਪੀ ਯੂ ਦੀਆਂ ਵਿੱਦਿਅਕ ਪੇਸ਼ਕਸ਼ਾਂ ਵਿੱਚ ਮਹੱਤਵਪੂਰਨ ਵਾਧਾ ਕਰੇਗੀ । ਸੈਨੇਟਰ ਆਰਥਰ ਓਰ ਨੇ ਅਲਾਬਾਮਾ ਵਿੱਚ ਪ੍ਰਤਿਭਾਸ਼ਾਲੀ ਸਟੇਮ ਅਧਿਆਪਕਾਂ ਦੀ ਤੁਰੰਤ ਲੋੜ ਅਤੇ ਵਿਦਿਆਰਥੀ ਐਕਸਚੇਂਜ ਪ੍ਰੋਗਰਾਮਾਂ ਦੇ ਸੰਭਾਵੀ ਲਾਭਾਂ ਦੀ ਰੂਪਰੇਖਾ ਦਿੱਤੀ। ਉਨ੍ਹਾਂ ਨੇ ਜੀਡੀਪੀ, ਉੱਚ-ਤਕਨੀਕੀ ਨਿਰਮਾਣ ਅਤੇ ਸਿੱਖਿਆ ਵਿੱਚ ਭਾਰਤ ਦੀ ਵਿਸ਼ਵਵਿਆਪੀ ਤਾਕਤ ਨੂੰ ਸਵੀਕਾਰ ਕੀਤਾ, ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਆਪਸੀ ਮੌਕਿਆਂ ਨੂੰ ਗੂੜ੍ਹਾ ਕਰਨ ਅਤੇ ਪ੍ਰਫੁੱਲਤ ਕਰਨ ਲਈ ਵਚਨਬੱਧਤਾ ਪ੍ਰਗਟਾਈ । ਭਾਰਤ ਤੋਂ ਸਟੇਮ ਅਧਿਆਪਕਾਂ ਦੀ ਭਰਤੀ, ਪਾਠਕ੍ਰਮ ਨੂੰ ਵਧਾਉਣ, ਅਤੇ ਸਾਂਝੇ ਖੋਜ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦਰਿਤ ਕਰਕੇ, ਇਹ ਭਾਈਵਾਲੀ ਸਿੱਖਿਆ ਨੂੰ ਅੱਗੇ ਵਧਾਏਗੀ ਅਤੇ ਦੋਵਾਂ ਖੇਤਰਾਂ ਦੇ ਵਿਦਿਆਰਥੀਆਂ ਲਈ ਕਰੀਅਰ ਦੀਆਂ ਸੰਭਾਵਨਾਵਾਂ ਨੂੰ ਵਧਾਏਗੀ ।




# ਸ਼ਹੀਦ ਕਿਸਾਨਾਂ ਤੇ ਪੱਤਰਕਾਰ ਨੂੰ ਕੈਂਡਲ ਮਾਰਚ ਕਰਕੇ ਦਿੱਤੀ ਸ਼ਰਧਾਂਜਲੀ



**ਨੰਗਲ (ਸੁਰਜੀਤ ਢੇਰ)**-ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਕੱਲ੍ਹ ਦੇਰ ਸ਼ਾਮ ਨਜ਼ਦੀਕੀ ਪਿੰਡ ਢੇਰ ਵਿਖੇ ਕੁੱਲ ਹਿੰਦ ਕਿਸਾਨ ਸਭਾ, ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ) ਦੇ ਵਰਕਰਾਂ ਨੇ ਲਖੀਮਪੁਰ ਖੀਰੀ ਵਿਖੇ ਤਿੰਨ ਸਾਲ ਪਹਿਲਾਂ ਸ਼ਹੀਦ ਹੋਏ ਕਿਸਾਨਾਂ ਤੇ ਪੱਤਰਕਾਰ ਨੂੰ ਸ਼ਰਧਾਂਜਲੀ ਭੇਟ ਕੀਤੀ। ਪਿੰਡ ਦੇ ਗੁਰਦੁਆਰਾ ਸਾਹਿਬ ਨੇੜੇ ਇਕੱਠੇ ਹੋ ਕੇ ਮੇਨ ਸੜਕ ਤੇ ਬੱਸ ਸਟੈਂਡ ਤੱਕ ਕੈਂਡਲ ਮਾਰਚ ਕੀਤਾ ਗਿਆ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਨੰਗਲੀ ਨੇ ਕਿਹਾ ਕਿ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ਼ ਚੱਲ ਰਹੇ ਸੰਘਰਸ਼ ਦੌਰਾਨ 3 ਅਕਤੂਬਰ 2021 ਨੂੰ ਲਖੀਮਪੁਰ ਖੀਰੀ ਯੂ ਪੀ ਵਿਖੇ ਕਿਸਾਨ ਵਿਰੋਧ ਕਰ ਰਹੇ ਸਨ। ਇਸ ਦੌਰਾਨ ਗਰਿਹ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੇ ਪੁੱਤਰ ਨੇ ਕਿਸਾਨਾਂ 'ਤੇ ਗੱਡੀ ਚੜ੍ਹਾ ਦਿੱਤੀ। ਜਿਸ ਕਾਰਨ ਚਾਰ ਕਿਸਾਨ ਅਤੇ ਇੱਕ ਪੱਤਰਕਾਰ ਸ਼ਹੀਦ ਹੋ ਗਏ।ਪਰ ਅੱਜ ਤੱਕ ਕਿਸਾਨਾਂ ਦੇ ਪਰਵਾਰਾਂ ਨੂੰ ਇਨਸਾਫ ਨਹੀਂ ਮਿਲਿਆ।

ਆਗੂਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਕਿਸਾਨਾਂ ਨਾਲ ਜੋ ਲਿਖ਼ਤੀ ਸਮਝੌਤਾ ਕੀਤਾ, ਉਸ ਨੂੰ ਪੂਰਨ ਰੂਪ ਵਿਚ ਲਾਗੂ ਨਹੀਂ ਕੀਤਾ। ਜਿਸ ਦੇ ਕਾਰਨ ਅੱਜ ਕਿਸਾਨਾਂ ਅੰਦਰ ਭਾਰੀ ਰੋਹ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਐਮ ਐਸ ਪੀ ਕਾਨੂੰਨ ਬਣਾਇਆ ਜਾਵੇ, ਸ਼ਹੀਦ ਕਿਸਾਨਾਂ ਦੇ ਪਰਵਾਰਾਂ ਨੂੰ ਇਨਸਾਫ ਦਿਤਾ ਜਾਵੇ, ਕਿਸਾਨਾਂ 'ਤੇ ਗੱਡੀ ਚੜ੍ਹਾਉਣ ਵਾਲੇ ਮੰਤਰੀ ਨੂੰ ਬਰਖਾਸਤ ਕੀਤਾ ਜਾਵੇ ਤੇ ਉਸ ਦੇ ਪੁੱਤਰ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਮੌਕੇ ਤੇ ਸ਼ਹੀਦ ਕਿਸਾਨਾਂ ਦੀ ਯਾਦ ਨੂੰ ਤਾਜ਼ਾ ਕੀਤਾ ਗਿਆ।ਇਸ ਮੌਕੇ ਸੂਬੇਦਾਰ ਹਰਜਾਪ ਸਿੰਘ ਭੰਗਲ, ਦੇਵ ਕੁਮਾਰ, ਸੁਸ਼ੀਲ ਕੁਮਾਰ, ਗੁਲਜਾਰ ਸਿੰਘ, ਪ੍ਰਧਾਨ ਪ੍ਰੇਮ ਸਿੰਘ ਅਟਵਾਲ, ਜਸਵਿੰਦਰ ਸਿੰਘ ਵੜਿਆਲ, ਸੁਰਿੰਦਰ ਕੁਮਾਰ, ਵਿਜੇ ਸ਼ਰਮਾ, ਸਮੇਤ ਹੋਰ ਸਾਥੀ ਹਾਜ਼ਰ ਸਨ।

# ਇਕੋਤਰੀ ਸਮਾਗਮ ਦੌਰਾਨ ਗੁਰਬਾਣੀ ਕੀਰਤਨ ਦਾ ਪ੍ਰਵਾਹ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਲਾਨਾ ਇਕੋਤਰੀ ਸਮਾਗਮ ਦੇ ਚੱਲਦਿਆਂ ਜਿੱਥੇ ਟਾਂਡਾ ਵਿਚ ਇਸ ਸਮੇਂ ਗੁਰਮਤਿ ਤੇ ਪ੍ਰਚਾਰ ਤੇ ਪ੍ਰਸਾਰ ਕਾਰਨ ਮਾਹੌਲ ਪੂਰੀ ਤਰ੍ਹਾਂ ਅੰਮ੍ਰਿਤਮਈ ਬਣਿਆ ਹੋਇਆ ਹੈ, ਉੱਥੇ ਸੰਤ ਬਾਬਾ ਗੁਰਦਿਆਲ ਸਿੰਘ ਵਲੋਂ ਰੋਜ਼ਾਨਾ ਅੰਮ੍ਰਿਤ ਵੇਲੇ ਹਜ਼ਾਰਾਂ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜ ਕੇ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਆ ਜਾ ਰਿਹਾ ਹੈ। ਅੱਜ ਇਸ ਮੌਕੇ ਕਰਵਾਏ ਗਏ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਜਿੱਥੇ ਪੂਰਨ ਗੁਰਮਰਿਆਦਾ ਹੇਠ ਚੌਥੀ ਲੜੀ ਦੀ ਆਰੰਭਤਾ ਹੋਈ,ਉੱਥੇ ਇਸ ਮੌਕੇ ਸਜਾਏ ਗਏ ਗੁਰਮਤਿ ਸਮਾਗਮ ਦੌਰਾਨ ਬਾਬਾ ਗੁਰਦਿਆਲ ਸਿੰਘ ਨੇ ਦੇਸ਼-ਵਿਦੇਸ਼ ਅੰਦਰ ਅਮ੍ਰਿਤੁਪੀ ਮਹਾਂਕੁੰਭ ਦੇ ਨਾਮ ਨਾਲ ਜਾਣੇ ਜਾਂਦੇ ਇਸ ਇਕੋਤਰੀ ਸਮਾਗਮ ਨੂੰ ਸਤਿਗੁਰੂ ਦੇ ਸੰਦੇਸ਼ ਤੇ ਸਿੱਖੀ ਸਿਧਾਂਤਾਂ ਦਾ ਪ੍ਰਤੀਕ ਦੱਸਿਆ। ਇਸ ਮੌਕੇ ਬਾਬਾ ਗੁਰਦਿਆਲ ਸਿੰਘ ਵਲੋਂ ਹਾਜ਼ਰ ਸੰਤਾਂ-ਮਹਾਂਪੁਰਸ਼ ਸੰਤ ਬਾਬਾ ਸੁਖਰਾਜ ਸਿੰਘ ਪ੍ਰੀਤਮਪੁਰਾ, ਸੰਤ ਬਾਬਾ ਅਮਰੀਕ ਸਿੰਘ ਪੁੜੈਣ, ਸੰਤ ਬਾਬਾ ਜਗਦੀਪ ਸਿੰਘ ਪੁਲ ਪੁਖਤਾ, ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ, ਸੰਤ ਬਾਬਾ ਭਰਪੂਰ ਸਿੰਘ ਸੇਖਾ ਜ਼ਲੂਰ, ਸੰਤ ਬਾਬਾ ਮਨੀ ਸਿੰਘ ਭੇਵੇ ਵਾਲੇ, ਸੰਤ ਬਾਬਾ ਲਾਲ ਸਿੰਘ ਜਲੰਧਰ, ਭਾਈ ਹੀਰਾ ਸਿੰਘ ਰਤਨ, ਸੰਤ ਬਾਬਾ ਪਵਨਦੀਪ ਸਿੰਘ ਕੜਿਆਲ ਵਾਲਿਆਂ ਨੂੰ ਸਿਰੋਪਾ ਭੇਟ ਕਰਨ ਉਪਰੰਤ ਸਨਮਾਨ ਵੀ ਕੀਤਾ। ਇਹਨਾਂ ਇਕੋਤਰੀ ਸਮਾਗਮਾਂ ਦੌਰਾਨ 101 ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਸੰਪੂਰਨਤਾ ਭੋਗ 17 ਅਕਤੂਬਰ ਨੂੰ ਪੈਣਗੇ ।ਜਿਸ ਮੌਕੇ ਸਵੇਰੇ 9 ਵਜੇ ਤੋਂ 3 ਵਜੇ ਤੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿਚ ਸੰਤ ਮਹਾਂਪੁਰਸ਼ਾਂ ਤੇ ਪੰਥਕ ਸ਼ਖ਼ਸੀਅਤਾਂ ਹਿੱਸਾ ਲੈਣਗੀਆਂ। ਇਸ ਮੌਕੇ ਸਜਾਏ ਗਏ ਗੁਰਮਤਿ ਸਮਾਗਮ ਦੌਰਾਨ ਜੱਥੇਦਾਰ ਭਾਈ ਹਰਮੇਲ ਪ੍ਰਕਾਸ਼ ਸਿੰਘ, ਭਾਈ ਬਲਵੀਰ ਸਿੰਘ, ਭਾਈ ਜੋਰਾਵਰ ਸਿੰਘ, ਭਾਈ ਅਰਜਨ ਸਿੰਘ, ਭਾਈ ਹੀਰਾ ਸਿੰਘ, ਭਾਈ ਸੁਮੀਤ ਸਿੰਘ, ਭਾਈ ਗੁਰਦੀਪ ਸਿੰਘ ਮੂਮ, ਆਦਿ ਹਾਜ਼ਰ ਸਨ।

# ਦੁਸਹਿਰਾ ਕਮੇਟੀ ਬਿਲਗਾ ਨੇ ਪੂਜਾ ਕਰਕੇ ਝੰਡਾ ਚੜ੍ਹਾਇਆ ਤੇ ਝਾਕੀਆਂ ਦੀ ਕੀਤੀ ਸ਼ੁਰੂਆਤ



**ਬਿਲਗਾ (ਵਿਜੇ ਕੁਮਾਰ )**

ਪਹਿਲੇ ਨਰਾਤੇ ਨੂੰ ਦੁਸਹਿਰਾ ਕਮੇਟੀ ਰਜਿਸਟਰਡ ਬਿਲਗਾ ਨੇ ਪੂਜਾ ਕਰਕੇ ਝੰਡਾ ਚੜ੍ਹਾਇਆ ਅਤੇ ਦੁਸਹਿਰੇ ਦੀਆਂ ਝਾਕੀਆਂ ਸ਼ੁਰੂ ਕੀਤੀਆਂ ਸੱਤਪਾਲ ਗਾਬਾ ਨੇ ਦੱਸਿਆ ਕਿ 50 ਸਾਲ ਪਹਿਲਾਂ ਉਨ੍ਹਾਂ ਦੇ ਦਾਦਾ ਰਾਮ ਲਾਲ ਗਾਬਾ ਨੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਦੁਸਹਿਰਾ ਮਨਾਉਣ ਦੀ ਸ਼ੁਰੂਆਤ ਕੀਤੀ ਸੀ ਇਸ ਤਰਾਂ ਇਸ ਸਾਲ ਗੋਲਡਨ ਜੁਬਲੀ ਦੁਸਹਿਰਾ ਮਨਾਇਆ ਜਾ ਰਿਹਾ ਹੈ ਇਸ ਲਈ ਦੁਸਹਿਰੇ ਵਿੱਚ ਪਹਿਲਾਂ ਰਾਮ ਦਾ ਰੋਲ ਅਦਾ ਕਰਨ ਵਾਲੇ ਤਰਲੋਚਨ ਸਿੰਘ ਸੰਘੇੜਾ ਨੇ ਵਿਸ਼ੇਸ਼ ਤੌਰ ਤੇ ਵਿਦੇਸ਼ ਵਿੱਚੋਂ ਸ਼ਿਰਕਤ ਕੀਤੀ ਹੈ ਹੁਣ ਰਾਮ ਦਾ ਰੋਲ ਬਲਜੀਤ ਸਿੰਘ ਸੰਘੇੜਾ ਬਾਖੂਬੀ ਨਿਭਾ ਰਹੇ ਹਨ ਦੁਸਹਿਰਾ ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਸੰਘੇੜਾ ਨੇ ਪੂਜਾ ਕਰਾਉਣ ਉਪਰੰਤ ਦੁਸਹਿਰੇ ਦੇ ਤਿਉਹਾਰ ਦੀਆਂ ਦੇਸ਼ ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਇਸ ਤਿਉਹਾਰ ਨੂੰ ਮਨਾਉਣ ਲਈ ਸਹਿਯੋਗ ਕਰਨ ਵਾਲੇ ਐਨਆਰਆਈ ਵੀਰਾਂ ਅਤੇ ਨਗਰ ਵਾਸੀਆਂ ਦਾ ਧੰਨਵਾਦ ਕੀਤਾ ਤੇ ਤਰਲੋਚਨ ਸਿੰਘ ਸੰਘੇੜਾ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਇਸ ਮੌਕੇ ਰਿਟਾਇਰਡ ਪ੍ਰਿੰਸੀਪਲ ਰਵੀ ਸ਼ਰਮਾਂ , ਸਤਨਾਮ ਸਿੰਘ ਬਿੱਲੂ ਪ੍ਰਧਾਨ, ਕੁਲਦੀਪ ਸਿੰਘ ਪ੍ਰਧਾਨ ਕਾਂਗਰਸ ਬਿਲਗਾ , ਅਜੇ ਵਿੱਜ,ਟੋਨੀ ਬਾਵਾ ,ਜਰਨੈਲ ਸਿੰਘ ਜੈਲਾ ,ਅਮਿਤ ਗੋਗਨਾ, ਪੁਸ਼ਕਰ ਕੁਮਾਰ ਅਰੋੜਾ ,ਬਲਜੀਤ ਸਿੰਘ ਸੰਘੇੜਾ, ਪਰਮਜੀਤ ਪੰਮਾ ਮੰਡਲ ਪ੍ਰਧਾਨ ਬਿਲਗਾ ,ਹਰਸ਼ ਭਾਰਦਵਾਜ ਅਤੇ ਬਬਲਾ ਵਰਮਾਂ ਤੋਂ ਇਲਾਵਾ ਕਲਾਕਾਰ ਰਾਮਾ ਡਰਾਮਾਟਿਕ ਕਲੱਬ ਦੇ ਕਲਾਕਾਰ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ ।

# ਪੁਲਸ ਕਮਿਸ਼ਨਰ ਵੱਲੋਂ ਥਾਣਿਆਂ ਦੀ ਅਚਨਚੇਤ ਚੈਕਿੰਗ

**ਜਲੰਧਰ (ਇਕਬਾਲ ਸਿੰਘ ਉਭੀ)**- ਪੁਲਸ ਦੀ ਕਾਰਜ ਪ੍ਰਣਾਲੀ ਨੂੰ ਪ੍ਰਭਾਵੀ, ਜਵਾਬਦੇਹ ਅਤੇ ਪਾਰਦਰਸ਼ੀ ਬਣਾਉਣ ਲਈ ਪੁਲਸ ਕਮਿਸ਼ਨਰ ਨੇ ਥਾਣਾ ਡਵੀਜ਼ਨ ਨੰਬਰ 7 ਅਤੇ 8 ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਪੁਲਸ ਕਮਿਸ਼ਨਰ ਨੇ ਇਨ੍ਹਾਂ ਥਾਣਿਆਂ ਵਿੱਚ ਬਕਾਇਆ ਪਏ ਕੇਸਾਂ ਦੀ ਜਾਂਚ ਕੀਤੀ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਨੂੰ ਕਲੀਅਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਕੇਸਾਂ ਦੇ ਨਿਪਟਾਰੇ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਗੈਰਵਾਜਬ ਅਤੇ ਅਣਚਾਹੀ ਹੈ। ਲੰਬਿਤ ਕੇਸਾਂ ਨੂੰ ਨਿਪਟਾਉਣ ਲਈ ਪੁਲਸ ਨੂੰ ਸਮਾਂ ਸੀਮਾ ਨਿਰਧਾਰਤ ਕਰਦੇ ਹੋਏ ਪੁਲਸ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਸਾਰੇ ਕੇਸਾਂ ਨੂੰ ਇਸ ਦੇ ਤਰਕਪੂਰਨ ਸਿੱਟੇ 'ਤੇ ਪਹੁੰਚਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਅਮਨ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੁਲਸ ਵਚਨਬੱਧ ਹੈ ਅਤੇ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਵਪਨ ਸ਼ਰਮਾ ਨੇ ਸਪੱਸ਼ਟ ਕਿਹਾ ਕਿ ਪੁਲਸ ਅਧਿਕਾਰੀਆਂ ਵੱਲੋਂ ਇਨ੍ਹਾਂ ਮਾਮਲਿਆਂ ਨਾਲ ਨਜਿੱਠਣ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਵਰਤੀ ਜਾਵੇਗੀ ਤਾਂ ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ।ਪੁਲਸ ਕਮਿਸ਼ਨਰ ਨੇ ਇਹ ਵੀ ਹਦਾਇਤ ਕੀਤੀ ਕਿ ਜੇਕਰ 72 ਘੰਟਿਆਂ ਦੇ ਅੰਦਰ ਚਲਾਨ ਚੈਕਿੰਗ ਨਾ ਕੀਤੀ ਗਈ ਤਾਂ ਏ.ਸੀ.ਪੀਜ਼ ਅਤੇ ਏ.ਡੀ.ਸੀ.ਪੀਜ਼ ਨੂੰ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਚੈਕਿੰਗ ਦਾ ਉਦੇਸ਼ ਨੁਕਸ ਕੱਢਣਾ ਨਹੀਂ ਹੈ ਬਲਕਿ ਅਸਲ ਮਕਸਦ ਲੋਕਾਂ ਦੀ ਸਹੂਲਤ ਲਈ ਜ਼ਮੀਨੀ ਪੱਧਰ 'ਤੇ ਸਥਿਤੀ ਦਾ ਜਾਇਜ਼ਾ ਲੈਣਾ ਹੈ।

# ਪੰਚਾਇਤੀ ਚੋਣਾਂ ਨੂੰ ਲੈ ਕੇ ਪੁਲਸ ਨੇ ਕੱਢਿਆ ਫਲੈਗ ਮਾਰਚ



**ਬਲਾਚੌਰ (ਜਸਵਿੰਦਰ ਬੈਂਸ)**-ਪੰਜਾਬ ਵਿੱਚ ਪੰਚਾਇਤੀ ਚੋਣਾਂ ਨੂੰ ਲੈ ਕੇ ਜਿਥੇ ਜ਼ਿਲ੍ਹਿਆਂ ਦੇ ਐਸ.ਐਸ.ਪੀ. ਵਲੋਂ ਸੁੱਰਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਇਸੇ ਤਰ੍ਹਾਂ ਬਲਾਚੌਰ ਵਿੱਚ ਪੰਚਾਇਤੀ ਚੋਣਾਂ ਨੂੰ ਲੈ ਕੇ ਅੱਜ ਬਲਾਚੌਰ ਪੁਲਸ ਵੱਲੋਂ ਡੀ ਐਸ ਪੀ ਸ਼ਾਮ ਸੁੰਦਰ ਦੀ ਅਗਵਾਈ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਹ ਫਲੈਗ ਮਾਰਚ ਬਲਾਚੌਰ ਦੇ ਮੇਨ ਚੌਂਕ ਤੋਂ ਸ਼ੁਰੂ ਹੋ ਕੇ ਭੱਦੀ ਰੋਡ, ਪਿੰਡ ਥੋਪੀਆ, ਆਦੋਆਣਾ, ਰੱਤੇਵਾਲ, ਕਾਠਗੜ੍ਹ, ਮਾਜਰਾ ਜੱਟਾਂ ਵਿੱਚੋਂ ਹੁੰਦਾ ਹੋਇਆ ਰੇਲ ਮਾਜਰਾ, ਟੌਸਾ, ਆਸਰੋਂ ਸਮਾਪਤ ਹੋਇਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ.ਐਸ.ਪੀ ਸ਼ਾਮ ਸੁੰਦਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਚਾਇਤੀ ਚੋਣਾਂ ਨੂੰ ਅਮਨ-ਅਮਾਨ ਨਾਲ ਕਰਵਾਉਣ ਲਈ ਪੁਲਸ ਦਾ ਸਹਿਯੋਗ ਕਰਨ। ਡੀ ਐਸ ਪੀ ਨੇ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਕਿਸੇ ਨੂੰ ਵੀ ਚੋਣ ਜ਼ਾਬਤੇ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ। ਜੇਕਰ ਕੋਈ ਚੋਣ ਜ਼ਾਬਤੇ ਦੀ ਉਲੰਘਣਾ ਕਰਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਸਮੂਹ ਥਾਨਿਆਂ ਦੇ ਐਸ.ਐਚ.ਓਜ਼ ਅਤੇ ਪੁਲਸ ਮੁਲਾਜ਼ਮ ਹਾਜ਼ਰ ਸਨ।

# ਚੱਬੇਵਾਲ ਨੇ ਸਿਹਤ ਵਿਭਾਗ ਤੇ ਮਠਿਆਈ ਵਿਕਰੇਤਾਵਾਂ ਨੂੰ ਸੰਵੇਦਨਸ਼ੀਲਤਾ ਬਣਾਈ ਰੱਖਣ ਲਈ ਕਿਹਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਹੁਸ਼ਿਆਰਪੁਰ ਦੀ ਮਸ਼ਹੂਰ ਮਠਿਆਈ ਦੀ ਦੁਕਾਨ ਤੋਂ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਸ਼ਹਿਰ ਵਾਸੀਆਂ ਅਤੇ ਸਿਹਤ ਵਿਭਾਗ ਨੂੰ ਤਿਉਹਾਰਾਂ ਦੀ ਸ਼ਾਨ ਬਣਾਈ ਰੱਖਣ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਸਵੱਛ, ਸਿਹਤਮੰਦ ਅਤੇ ਮਿਲਾਵਟ ਰਹਿਤ ਭੋਜਨ ਦੀ ਸੇਵਾ ਕਰਨਾ ਹਰ ਇੱਕ ਦਾ ਫਰਜ਼ ਹੈ, ਖਾਸ ਕਰਕੇ ਤਿਉਹਾਰਾਂ ਦੇ ਮੌਸਮ ਦੌਰਾਨ ਜਦੋਂ ਲੋਕਾਂ ਦੀਆਂ ਭਾਵਨਾਵਾਂ ਅਤੇ ਵਿਸ਼ਵਾਸ ਤਿਉਹਾਰਾਂ ਨਾਲ ਜੁੜੇ ਹੁੰਦੇ ਹਨ। ਚੱਬੇਵਾਲ ਨੇ ਕਿਹਾ ਕਿ ਅਸੀਂ ਤਿਉਹਾਰਾਂ ਦੇ ਸ਼ੁੱਭ ਦੌਰ ਦੀ ਦਹਿਲੀਜ਼ 'ਤੇ ਖੜ੍ਹੇ ਹਾਂ। ਨਵਰਾਤਰੀ ਸ਼ੁਰੂ ਹੋ ਚੁੱਕੀ ਹੈ ਅਤੇ ਇਸ ਦੇ ਨਾਲ ਹੀ ਦੁਸਹਿਰਾ, ਕਰਵਾ ਚੌਥ, ਦੀਵਾਲੀ, ਬੰਦੀ ਛੋੜ ਦਿਵਸ ਅਤੇ ਭਾਈ ਦੂਜ ਵਰਗੇ ਮਹੱਤਵਪੂਰਨ ਤਿਉਹਾਰਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਡੂੰਘੀਆਂ ਜੁੜੀਆਂ ਹੋਈਆਂ ਹਨ। ਇਨ੍ਹਾਂ ਮੌਕਿਆਂ 'ਤੇ ਮਠਿਆਈਆਂ ਅਤੇ ਖਾਣ-ਪੀਣ ਦੀਆਂ ਵਸਤੂਆਂ ਦੀ ਮੰਗ ਵਧ ਜਾਂਦੀ ਹੈ ਅਤੇ ਅਜਿਹੇ 'ਚ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਗਾਹਕਾਂ ਨੂੰ ਉੱਚ ਗੁਣਵੱਤਾ, ਸ਼ੁੱਧ ਅਤੇ ਸਿਹਤਮੰਦ ਮਠਿਆਈਆਂ ਹੀ ਪਰੋਸੀਆਂ ਜਾਣ। ਉਨ੍ਹਾਂ ਕਿਹਾ ਕਿ ਉਹ ਸਾਰੇ ਮਠਿਆਈ ਵਿਕਰੇਤਾਵਾਂ ਨੂੰ ਬੇਨਤੀ ਕਰਦੇ ਹਨ ਕਿ ਉਹ ਇਸ ਗੱਲ ਦਾ ਖਾਸ ਖਿਆਲ ਰੱਖਣ ਕਿ ਉਨ੍ਹਾਂ ਵੱਲੋਂ ਵੇਚੀਆਂ ਜਾਣ ਵਾਲੀਆਂ ਮਠਿਆਈਆਂ ਅਤੇ ਖਾਣ-ਪੀਣ ਦੀਆਂ ਵਸਤੂਆਂ ਬਿਨਾਂ ਕਿਸੇ ਮਿਲਾਵਟ ਦੇ ਹੋਣ ਤਾਂ ਜੋ ਲੋਕ ਇਨ੍ਹਾਂ ਤਿਉਹਾਰਾਂ ਦਾ ਭਰਪੂਰ ਆਨੰਦ ਲੈ ਸਕਣ ਅਤੇ ਉਨ੍ਹਾਂ ਦੀ ਸਿਹਤ 'ਤੇ ਕੋਈ ਮਾੜਾ ਅਸਰ ਨਾ ਪਵੇ। ਸੰਸਦ ਮੈਂਬਰ ਨੇ ਕਿਹਾ ਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਮਠਿਆਈਆਂ ਅਤੇ ਹੋਰ ਖਾਣ-ਪੀਣ ਵਾਲੀਆਂ ਵਸਤੂਆਂ ਦੀ ਮੰਗ ਵਧਣ ਕਾਰਨ ਮਿਲਾਵਟਖੋਰੀ ਦਾ ਖ਼ਤਰਾ ਵੀ ਵਧ ਜਾਂਦਾ ਹੈ। ਅਜਿਹੇ 'ਚ ਮਠਿਆਈ ਵੇਚਣ ਵਾਲਿਆਂ ਅਤੇ ਖਾਣ-ਪੀਣ ਦੇ ਕਾਰੋਬਾਰੀਆਂ ਨੂੰ ਖਾਸ ਧਿਆਨ ਰੱਖਣ ਦੀ ਲੋੜ ਹੈ ਤਾਂ ਜੋ ਗਾਹਕਾਂ ਨੂੰ ਸ਼ੁੱਧ ਅਤੇ ਸੁਰੱਖਿਅਤ ਖਾਣ-ਪੀਣ ਦੀਆਂ ਵਸਤੂਆਂ ਮਿਲ ਸਕਣ।ਇਸ ਦੇ ਨਾਲ ਹੀ ਡਾ. ਚੱਬੇਵਾਲ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਕੁਸ਼ਲਤਾ ਨਾਲ ਨਿਭਾਉਣ ਦੀ ਅਪੀਲ ਵੀ ਕੀਤੀ ।

ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਖਾਣ-ਪੀਣ ਦੀਆਂ ਵਸਤੂਆਂ ਦੀ ਗੁਣਵੱਤਾ ਦੀ ਨਿਰੰਤਰ ਜਾਂਚ ਕਰੇ ਅਤੇ ਇਹ ਯਕੀਨੀ ਬਣਾਏ ਕਿ ਕੋਈ ਵੀ ਵਿਕਰੇਤਾ ਮਿਲਾਵਟੀ ਜਾਂ ਹਾਨੀਕਾਰਕ ਵਸਤੂਆਂ ਦੀ ਵਿਕਰੀ ਨਾ ਕਰ ਸਕੇ। ਇਸ ਮੌਕੇ ਕ੍ਰਿਸ਼ਨ ਸਿੰਘ ਸੈਣੀ ਸਾਬਕਾ ਐਮ.ਸੀ., ਦਰਪਿਨ ਸੈਣੀ ਐਮ.ਸੀ., ਮੋਹਿਤ ਸੈਣੀ ਐਮ.ਸੀ., ਸਾਗਰ ਐਮ.ਸੀ ਆਦਿ ਹਾਜ਼ਰ ਸਨ।

# ਸੜਕ ਸੁਰੱਖਿਆ ਜਾਗਰੂਕਤਾ ਸੰਬੰਧੀ ਚਰਚਾ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਰੋਡ ਸੇਫਟੀ ਅਵੇਅਰਨੈਸ ਸੋਸਾਇਟੀ ਦੀ ਵਿਸ਼ੇਸ਼ ਮੀਟਿੰਗ ਗੁਰਿੰਦਰ ਸਿੰਘ ਤੂਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਜੇ ਐਸ ਗਿੱਦਾ ਵਲੋਂ ਚਲਾਈ ਗਈ।ਮੀਟਿੰਗ ਵਿੱਚ ਮੀਤ ਪ੍ਰਧਾਨ ਹਰਪ੍ਰਭਮਹਿਲ ਸਿੰਘ, ਦਿਲਬਾਗ ਸਿੰਘ ਰਿਟਾ: ਜ਼ਿਲ੍ਹਾ ਸਿੱਖਿਆ ਅਫ਼ਸਰ, ਡਾ. ਅਜੇ ਬੱਗਾ, ਮਹਿੰਦਰ ਸਿੰਘ ਦੁਆਬਾ ਮਾਰਬਲ, ਮਾਸਟਰ ਹਰਿੰਦਰ ਸਿੰਘ, ਮਨਮੀਤ ਸਿੰਘ ਮੈਨੇਜਰ ਤੇ ਪ੍ਰਵੀਨ ਕੁਮਾਰ ਟ੍ਰੈਫਿਕ ਪੁਲਸ ਹਾਜ਼ਰ ਹੋਏ।ਸੜਕ ਸੁਰੱਖਿਆ ਜਾਗਰੂਕਤਾ ਬਾਰੇ ਕਰੀਬ 15 ਢੰਗਾਂ ਤੇ ਵਿਚਾਰ ਚਰਚਾ ਹੋਈ ਜਿਸ ਵਾਰੇ ਮੈਂਬਰਾਂ ਨੇ ਆਮ ਲੋਕਾਂ ਦੇ ਪ੍ਰਭਾਵ ਸਾਂਝੇ ਕਰਦਿਆਂ ਆਖਿਆ ਕਿ ਟੁੱਟੀਆਂ ਸੜਕਾਂ ਤੋਂ ਦੁਖੀ ਲੋਕ ਕਹਿੰਦੇ ਹਨ ਕਿ ਪਹਿਲਾਂ ਸਰਕਾਰਾਂ ਨੂੰ ਟੁੱਟੀਆਂ ਸੜਕਾਂ ਬਾਰੇ ਜਾਗਰੂਕ ਕਰੋ ਜਿਹਨਾਂ ਕਰਕੇ ਅਨੇਕਾਂ ਦੁਰਘਟਨਾਵਾਂ ਵਾਪਰਦੀਆਂ ਹਨ।ਮੀਟਿੰਗ ਵੱਲੋਂ ਮਤਾ ਪਾਸ ਕਰਕੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਰੇਲਵੇ ਰੋਡ ਨਵਾਂਸ਼ਹਿਰ ਵਾਂਗ ਅਨੇਕਾਂ ਸੜਕਾਂ ਜਿੱਥੇ ਰੋਜ਼ਾਨਾ ਸੈਂਕੜੇ ਲੋਕ ਵਾਹਨਾਂ ਰਾਹੀਂ ਸਫਰ ਕਰਦੇ ਹਨ ਅਤੇ ਪੈਦਲ ਚੱਲਦੇ ਫਿਰਦੇ ਕਰਦੇ ਹਨ।ਬੱਸ ਅੱਡਿਆਂ ਵਰਗੀਆਂ ਕਮਾਊ ਥਾਵਾਂ ਦੀਆਂ ਸੜਕਾਂ ਵੀ ਮੁਰੰਮਤ ਪੱਖੋਂ ਅਣਗੌਲੀਆਂ ਹਨ।ਸਰਕਾਰਾਂ ਆਪਣੀ ਕਾਰਗੁਜ਼ਾਰੀ ਵਧੀਆ ਸੜਕਾਂ ਰਾਹੀਂ ਵੀ ਪ੍ਰਗਟਾ ਸਕਦੀਆਂ ਹਨ। ਪ੍ਰਸ਼ਾਸਨ ਨੂੰ ਬੇਨਤੀ ਕੀਤੀ ਗਈ ਕਿ ਸੜਕ ਸੁਰੱਖਿਆ ਦਾ ਭਵਿੱਖ ਅੱਜ ਦੇ ਨੌਜਵਾਨਾਂ ਦੇ ਹੱਥ ਹੈ।ਇਸ ਲਈ ਸੜਕ ਸੁਰੱਖਿਆ ਲਈ ਵਿਦਿਅਕ ਅਦਾਰਿਆਂ ਦੇ ਸਬ-ਡਵੀਜਨ ਪੱਧਰ 'ਤੇ ਜਾਗਰੂਕਤਾ ਮੇਲੇ ਕਰਵਾਏ ਜਾਣ ਜਿਹਨਾਂ ਵਿੱਚ ਸੜਕ ਸੁਰੱਖਿਆ ਲਈ ਵੱਖ ਵੱਖ ਢੰਗਾਂ ਰਾਹੀਂ ਜਾਣਕਾਰੀ ਸਾਂਝੀ ਕਰਨ ਦੇ ਪ੍ਰਬੰਧ ਕੀਤੇ ਜਾਣ ਇਹਨਾਂ ਸਬ ਡਵੀਜ਼ਨ ਮੇਲਿਆਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲ਼ਿਆਂ ਨੂੰ ਜ਼ਿਲ੍ਹਾ ਪੱਧਰੀ ਮੇਲੇ ਦਾ ਹਿੱਸਾ ਬਣਾਇਆ ਜਾ ਸਕਦਾ ਹੈ।ਬੁਨਿਆਦੀ ਟ੍ਰੇਨਿੰਗ ਲਈ ਨਵਾਂਸ਼ਹਿਰ ਦੀ ਤੂਰ ਕਲੋਨੀ ਵਿਖੇ ਰੋਡ ਸੇਫਟੀ ਪਾਰਕ ਵਿੱਚ ਵਿਦਿਆਰਥੀ ਟੂਰ ਕਰਵਾਏ ਜਾ ਸਕਦੇ ਹਨ।

# ਕੰਗਨਾ ਰਣੌਤ ਦੀ ਪੰਜਾਬੀਆਂ ਖਿਲਾਫ ਵਿਵਾਦਤ ਟਿੱਪਣੀ ਦੀ ਸਖ਼ਤ ਨਿੰਦਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਆਗੂ ਅਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਵੱਲੋਂ ਪੰਜਾਬੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੀ ਤਾਜ਼ਾ ਟਿੱਪਣੀ ਦੀ ਸਖ਼ਤ ਨਿੰਦਾ ਕੀਤੀ ਹੈ। ਕੰਗ ਨੇ ਕਿਹਾ ਕਿ ਕੰਗਨਾ ਦੇ ਇਸ ਤਰ੍ਹਾਂ ਦੇ ਵਿਵਾਦਤ ਬਿਆਨ ਲੋਕਾਂ ਵਿੱਚ ਵੰਡ ਅਤੇ ਨਫ਼ਰਤ ਨੂੰ ਵਧਾਉਂਦਾ ਹੈ।ਕੰਗ ਨੇ ਭਾਜਪਾ ਸ਼ਾਸਿਤ ਰਾਜਾਂ, ਖਾਸ ਤੌਰ 'ਤੇ ਗੁਜਰਾਤ, ਜਿੱਥੇ ਪਿਛਲੇ ਕੁਝ ਸਾਲਾਂ ਦੌਰਾਨ ਨਸ਼ਿਆਂ ਦੇ ਵੱਡੇ ਪਰਦਾਫਾਸ਼ਾਂ ਦੀ ਰਿਪੋਰਟ ਸਾਹਮਣੇ ਆਈ ਹੈ, ਨੇ ਨਸ਼ਿਆਂ ਨਾਲ ਸਬੰਧਤ ਮੁੱਦਿਆਂ ਦੇ ਚਿੰਤਾਜਨਕ ਪ੍ਰਚਲਣ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਤੱਥਾਂ ਨੂੰ ਨਜ਼ਰਅੰਦਾਜ਼ ਕਰ ਪੰਜਾਬੀ ਭਾਈਚਾਰੇ ਵਿਰੁੱਧ ਘਟੀਆ ਬਿਆਨਬਾਜ਼ੀ ਕਰਦੀ ਹੈ। ਉਨ੍ਹਾਂ ਨੂੰ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਫੈਲੀ ਨਸ਼ੇ ਦੀ ਤਸਕਰੀ ਦੇ ਵੱਡੇ ਮੁੱਦੇ ਬਾਰੇ ਵੀ ਗੱਲ ਕਰਨੀ ਚਾਹੀਦੀ ਹੈ, ਜਿਸ ਵਿੱਚ ਉਹ ਅਸਫਲ ਰਹੀ ਹੈ।ਇਸ ਤੋਂ ਇਲਾਵਾ ਕੰਗ ਨੇ ਰਣੌਤ ਦੁਆਰਾ ਭੜਕਾਊ ਭਾਸ਼ਾ ਦੀ ਲਗਾਤਾਰ ਵਰਤੋਂ ਅਤੇ ਉਸ ਦੇ ਭੜਕਾਊ ਬਿਆਨ ਦੇਣ ਦੇ ਪੈਟਰਨ 'ਤੇ ਚਿੰਤਾ ਜ਼ਾਹਰ ਕੀਤੀ । ਉਨ੍ਹਾਂ ਕਿਹਾ ਕਿ ਕੰਗਨਾ ਦਾ ਅਜਿਹਾ ਵਿਵਹਾਰ ਦਰਸਾਉਂਦਾ ਹੈ ਇੱਕ ਘਟ ਰਹੇ ਫਿਲਮੀ ਕਰੀਅਰ ਦੇ ਦਬਾਅ ਕਾਰਨ ਵਿਅਕਤੀ ਨਕਾਰਾਤਮਕ ਆਦਤਾਂ ਦਾ ਸਹਾਰਾ ਲੈ ਸਕਦਾ ਹੈ, ਜਿਸ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵੀ ਸ਼ਾਮਲ ਹੈ। ਕੰਗ ਨੇ ਰਣੌਤ ਦੇ ਬਿਆਨਾਂ ਪ੍ਰਤੀ ਉਸ ਦੇ ਨਕਾਰਾਤਮਕ ਰਵੱਈਏ ਲਈ ਭਾਜਪਾ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਜਪਾ ਡਰਾਮਾ ਬੰਦ ਕਰੇ ਅਤੇ ਕੰਗਨਾ ਦੇ ਨਫ਼ਰਤ ਭਰੇ ਭਾਸ਼ਣਾਂ ਲਈ ਉਸ ਵਿਰੁੱਧ ਠੋਸ ਕਾਰਵਾਈ ਕਰੇ ਜਿਸ ਦਾ ਉਦੇਸ਼ ਸਾਡੇ ਸਮਾਜ ਨੂੰ ਵੰਡਣਾ ਹੈ।

# ਖੜਕਾਂ 'ਚ ਫ੍ਰੀ ਮੈਡੀਕਲ ਕੈਂਪ ਲਗਾਇਆ



**ਆਦਮਪੁਰ (ਪਰਮਜੀਤ ਸਿੰਘ)**- ਸਰਬ ਸਾਂਝਾ ਦਰਬਾਰ ਪਿੰਡ ਕਾਂਟੀਆਂ ਵਿਖੇ ਸੂਫ਼ੀ ਸੰਤ ਨਸੀਬ ਸ਼ਾਹ ਤੇ ਹਜ਼ੂਰ ਬੀਬੀ ਨਸੀਬ ਕੌਰ ਦੇ 82ਵੇਂ ਮਹਾਨ ਪ੍ਰਗਟ ਦਿਵਸ ਮੌਕੇ ਦਰਬਾਰ ਦੇ ਗੱਦੀਨਸ਼ੀਨ ਸਾਹਿਬਜੋਤ ਮਹਾਰਾਜ ਦੀ ਅਗਵਾਈ ਵਿੱਚ ਆਰੋਗਿਆ ਆਯੁਰਵੈਦਿਕ ਕਲੀਨਿਕ ਪਿੰਡ ਖੜਕਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਮੁੱਖ ਵੈਦ ਬਲਜਿੰਦਰ ਰਾਮ ਖੜਕਾਂ ਤੇ ਉਨ੍ਹਾਂ ਦੀ ਸਮੂਹ ਟੀਮ ਵੱਲੋਂ ਸਮੂਹ ਸੰਗਤਾਂ ਨੂੰ ਸਿਹਤ ਸੇਵਾਵਾਂ ਦੇਣ ਇੱਕ ਵਿਸ਼ਾਲ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਸ਼ੁੱਭ ਅਰੰਭ ਦਰਬਾਰ ਦੇ ਗੱਦੀਨਸ਼ੀਨ ਸਾਹਿਬਜੋਤ ਨੇ ਰੀਬਨ ਕੱਟ ਕੇ ਕੀਤਾ। ਇਸ ਕੈਂਪ ਮੌਕੇ ਆਰੋਗਿਆ ਆਯੂਰਵੈਦਿਕ ਕਲੀਨਿਕ ਦੀ ਟੀਮ ਵੱਲੋਂ ਕਰੀਬ 960 ਮਰੀਜ਼ਾਂ ਦਾ ਜਿਥੇ ਮੁਫ਼ਤ ਮੁਆਇਨਾਂ ਕੀਤਾ ਉਥੇ ਲੋੜਵੰਦਾਂ ਨੂੰ ਦਵਾਈਆਂ ਵੀ ਫ੍ਰੀ ਦਿੱਤੀਆਂ ਗਈਆਂ। ਵੈਦ ਬਲਜਿੰਦਰ ਰਾਮ ਖੜਕਾਂ ਨੇ ਪ੍ਰੈਸ ਨੂੰ ਦਸਿਆ ਕਿ ਇਹ ਕੈਂਪ ਪਿਛਲੇ ਕਈ ਸਾਲਾਂ ਤੋਂ ਦਰਬਾਰ ਵਿਖੇ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਜਿਥੇ ਸੰਗਤਾਂ ਇਲਾਜ ਕਰਵਾਉਂਦੀਆਂ ਹਨ ਉਥੇ ਹੋਰ ਦੂਰ ਦੁਰਾਡੇ ਤੋਂ ਲੋਕ ਕੈਂਪ ਦਾ ਲਾਭ ਉਠਾਉਂਦੇ ਹਨ ਤੇ ਆਯੂਰਵੈਦਿਕ ਦਵਾਈਆਂ ਦਾ ਪ੍ਰਯੋਗ ਸਿਹਤ ਨੂੰ ਤੰਦਰੁਸਤ ਰੱਖਣ ਲਈ ਕਰਦੇ ਹਨ। ਇਸ ਮੌਕੇ ਉਨ੍ਹਾਂ ਦੀ ਸਮੂਹ ਟੀਮ ਵਿੱਚ ਵੈਦ ਸਿਮਰਨਜੀਤ ਕੌਰ, ਵੈਦ ਰੂਪਿਕਾ ਨਵਾਂਸ਼ਹਿਰ, ਵੈਦ ਗੁਰਪ੍ਰੀਤ ਕੌਰ, ਵੈਦ ਜਸਵੀਰ ਕੌਰ, ਵੈਦ ਸਿਮਰਨਜੀਤ ਸੈਲਾ ਖੁਰਦ, ਵੈਦ ਚਰਨਜੀਤ ਸਿੰਘ ਭਾਰਦਵਾਜ, ਵੈਦ ਇੰਦਰਜੀਤ ਸਿੰਘ, ਵੈਦ ਲੁਕੇਸ਼ ਕੁਮਾਰ, ਵੈਦ ਦਵਿੰਦਰ ਕੁਮਾਰ, ਉਕਾਰ ਕੌਰ ਆਦਿ ਹਾਜ਼ਰ ਸਨ।

# 'ਲੈਕਚਰਾਰਾਂ ਦੀਆਂ ਪ੍ਰਮੋਸ਼ਨਾਂ ਵਿਚਲੀਆਂ ਖਾਮੀਆਂ ਦੂਰ ਕਰਕੇ ਨੇੜੇ ਦੇ ਸਟੇਸ਼ਨ ਦਿੱਤੇ ਜਾਣ'



**ਫਿਲੌਰ(ਨਿਰਮਲ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਗੁਰਵਿੰਦਰ ਸਿੰਘ ਸੱਸਕੌਰ, ਕੈਸ਼ੀਅਰ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਕਰਨੈਲ ਫਿਲੌਰ ਨੇ ਮੁੱਖ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਪੰਜਾਬ ਨੂੰ ਇੱਕ ਪੱਤਰ ਲਿਖ ਕੇ ਮਾਸਟਰ ਕੇਡਰ ਤੋਂ ਪ੍ਰਮੋਟ ਹੋਏ ਲੈਕਚਰਾਰਾਂ ਨੂੰ ਸਟੇਸ਼ਨ ਨੇੜੇ ਦੇਣ ਦੀ ਮੰਗ ਕੀਤੀ ਹੈ। ਇਸ ਮੌਕੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਦੂਰ ਦੁਰਾਡੇ ਸਟੇਸ਼ਨ ਦੇਣ ਤੋਂ ਇਹ ਲਗਦਾ ਹੈ ਜਿਵੇਂ ਪ੍ਰਮੋਸ਼ਨ ਘੱਟ ਤੇ ਸਜ਼ਾ ਵੱਧ ਦਿੱਤੀ ਜਾ ਰਹੀ ਹੈ। ਉਨ੍ਹਾ ਪੱਤਰ ਵਿੱਚ ਲਿਖਿਆ ਆਪ ਜੀ ਦੇ ਸਿੱਖਿਆ ਵਿਭਾਗ ਵੱਲੋਂ ਸਤੰਬਰ 2024 ਵਿੱਚ ਲੈਕਚਰਾਰਾਂ ਦੀਆਂ ਤਰੱਕੀਆਂ ਸਬੰਧੀ ਲਿਸਟਾਂ ਜਾਰੀ ਹੋਈਆਂ ਸਨ ਪਰ ਪਾਰਦਰਸ਼ੀ ਸਟੇਸ਼ਨ ਅਲਾਟਮੈਂਟ ਕਰਨ ਸਬੰਧੀ ਕੀਤੇ ਗਏ ਪ੍ਰਚਾਰ ਦਾ ਦਿਵਾਲੀਆਪਣ ਉਸ ਵੇਲੇ ਸਾਹਮਣੇ ਆਇਆ ਜਦੋਂ ਪੰਜਾਬ ਦੇ ਸਕੂਲਾਂ ਅੰਦਰ ਲੈਕਚਰਾਰ ਦੀਆਂ ਖਾਲੀ ਅਸਾਮੀਆਂ ਹੋਣ ਦੇ ਬਾਵਜੂਦ ਉਹਨਾਂ ਖਾਲੀ ਸਟੇਸ਼ਨਾਂ ਨੂੰ ਸਟੇਸ਼ਨਾਂ ਦੀ ਚੋਣ ਕਰਨ ਸਮੇਂ ਦਿਖਾਇਆ ਹੀ ਨਹੀਂ ਗਿਆ ਜਿਸ ਕਾਰਨ ਅਧਿਆਪਕਾਂ ਨੂੰ ਆਪਣੇ-ਆਪਣੇ ਮੌਜੂਦਾ ਸਟੇਸ਼ਨਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਅਤੇ ਬਹੁਤਿਆਂ ਨੂੰ ਜ਼ਿਲ੍ਹੇ ਤੋਂ ਬਾਹਰ ਸਟੇਸ਼ਨ ਚੋਣ ਕਰਨ ਲਈ ਕਿਹਾ ਗਿਆ, ਜਦੋਂ ਕਿ ਉਹਨਾਂ ਦੇ ਘਰਾਂ ਦੇ ਆਲੇ ਦੁਆਲੇ ਕਈ ਕਈ ਸਕੂਲਾਂ ਵਿੱਚ ਉਹਨਾਂ ਵਿਸ਼ਿਆਂ ਦੇ ਤੌਰ 'ਤੇ ਕਾਫੀ ਸਮੇਂ ਤੋਂ ਪੋਸਟਾਂ ਖਾਲੀ ਹਨ। ਇੱਕ ਪਾਸੇ ਸਰਕਾਰ ਬੱਚਿਆਂ ਦੀ ਗਿਣਤੀ ਵਧਾਉਣ ਲਈ ਜ਼ੋਰ ਲਗਾ ਰਹੀ ਹੈ ਦੂਸਰੇ ਪਾਸੇ ਇਹਨਾਂ ਸਕੂਲਾਂ ਵਿੱਚ ਖਾਲੀ ਪੋਸਟਾਂ ਰੱਖ ਕੇ ਜਿਹੜੇ ਬੱਚੇ ਕਿਸੇ ਵਿਸ਼ੇ ਵਿੱਚ ਪੜ੍ਹਨਾ ਚਾਹੁੰਦੇ ਹਨ, ਉਨ੍ਹਾਂ ਨੂੰ ਦੂਸਰੇ ਪ੍ਰਾਈਵੇਟ ਸਕੂਲਾਂ ਵਿੱਚ ਮਜਬੂਰੀ ਵੱਸ ਧੱਕਿਆ ਜਾ ਰਿਹਾ ਹੈ। ਪਰ ਖਾਲੀ ਅਸਾਮੀਆਂ ਨੂੰ ਨਾ ਦਿਖਾ ਕੇ ਜਿੱਥੇ ਨਵੇਂ ਬਣੇ ਲੈਕਚਰਾਰਾਂ ਨੂੰ ਕਾਫ਼ੀ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਉਹ ਨਵੀਆਂ ਪ੍ਰਮੋਸ਼ਨਾਂ ਹੋਣ 'ਤੇ ਵੀ ਨਾ ਖੁਸ਼ ਹਨ। ਬਹੁਤ ਹੀ ਅਧਿਆਪਕ ਸਟੇਸ਼ਨ ਦੂਰ-ਦੂਰ ਮਿਲਣ ਕਰਨ ਹੁਣ ਉਹਨਾਂ ਅੰਦਰ ਵੀ ਨਿਰਾਸ਼ਾ ਹੈ ਅਤੇ ਪ੍ਰਮੋਸ਼ਨ ਚੈਨਲ ਪ੍ਰਕਿਰਿਆ ਨੂੰ ਵੀ ਬਹੁਤ ਵੱਡਾ ਧੱਕਾ ਲੱਗਾ ਹੈ। ਇਸ ਲਈ ਬੇਨਤੀ ਹੈ ਕਿ ਜਿਹੜੇ ਅਧਿਆਪਕ ਦੂਰ ਦੁਰਾਡੇ ਜਾਣ ਕਾਰਨ ਪ੍ਰਮੋਸ਼ਨ ਨਾ ਲੈਣ ਦਾ ਫੈਸਲਾ ਕਰ ਚੁੱਕੇ ਹਨ ਉਹਨਾਂ ਦੇ ਮਨਾਂ ਵਿੱਚ ਕਾਫ਼ੀ ਰੋਸ ਹੈ। ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਆਪ ਨਿੱਜੀ ਦਿਲਚਸਪੀ ਲੈ ਕੇ ਇਹਨਾਂ ਸਮੱਸਿਆ ਦਾ ਹੱਲ ਕੱਢਣ ਦਾ ਯਤਨ ਕਰੋ ਜੀ।

# ਸੌਦਾ ਸਾਧ ਨੂੰ ਦਿੱਤੀ ਪੈਰੋਲ ਨੂੰ ਫੌਰੀ ਤੌਰ 'ਤੇ ਰੱਦ ਕੀਤਾ ਜਾਵੇ : ਸੋਹਾਣਾ

**ਮੋਹਾਲੀ (ਗੁਰਜੀਤ ਬਿੱਲਾ)**-ਸ਼੍ਰੋਮਣੀ ਅਕਾਲੀ ਦਲ ਹਲਕਾ ਮੋਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਸੌਦਾ ਸਾਧ ਨੂੰ ਪਿਛਲੇ ਮਹੀਨੇ ਦਿੱਤੀ ਪੈਰੋਲ ਤੋਂ ਬਾਅਦ ਹੁਣ ਇਸ ਮਹੀਨੇ ਮੁੜ ਪੈਰੋਲ ਦਿੱਤੇ ਜਾਣ ਨੂੰ ਭਾਜਪਾ ਦੀ ਗੰਦੀ ਸਿਆਸਤ ਗਰਦਾਨਦਿਆਂ ਇਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਇਸ ਪੈਰੋਲ ਨੂੰ ਰੱਦ ਕੀਤਾ ਜਾਵੇ। ਸੋਹਾਣਾ ਨੇ ਕਿਹਾ ਕਿ ਇੱਕ ਪਾਸੇ ਸੋਨਮ ਵਾਂਗਚੁੱਕ ਵਰਗੇ ਇੰਜੀਨੀਅਰ ਅਤੇ ਵਾਤਾਵਰਣ ਦੀ ਰਾਖੀ ਲਈ ਹੰਭਲਾ ਮਾਰਨ ਵਾਲੇ, ਲੱਦਾਖ ਨੂੰ ਬਚਾਉਣ ਲਈ ਲੱਦਾਖ ਤੋਂ ਦਿੱਲੀ ਤੱਕ ਪੈਦਲ ਮਾਰਚ ਕਰਨ ਵਾਲੇ ਵਿਅਕਤੀ ਨੂੰ ਉਹਨਾਂ ਦੇ 150 ਸਾਥੀਆਂ ਸਮੇਤ ਦਿੱਲੀ ਪੁਲਸ ਆਪਣੇ ਸਿਆਸੀ ਆਕਾਵਾਂ ਦੀ ਸ਼ਹਿ ਉੱਤੇ ਗ੍ਰਿਫਤਾਰ ਕਰ ਲੈਂਦੀ ਹੈ ਜੋ ਕਿ ਬਿਲਕੁਲ ਸ਼ਾਂਤਮਈ ਢੰਗ ਨਾਲ ਮਾਰਚ ਕਰ ਰਹੇ ਸਨ ਅਤੇ ਦੂਜੇ ਪਾਸੇ ਸੌਦਾ ਸਾਧ ਵਰਗੇ ਬਲਾਤਕਾਰੀ ਅਤੇ ਕਾਤਲ ਨੂੰ ਵਾਰ ਵਾਰ ਅਤੇ ਲਗਾਤਾਰ ਪੈਰੋਲ ਦੇ ਦਿੱਤੀ ਜਾਂਦੀ ਹੈ।ਉਹਨਾਂ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਬਾਕੀ ਹਰ ਵਾਰ ਕਿਸੇ ਨਾ ਕਿਸੇ ਥਾਂ ਚੋਣਾਂ ਤੋਂ ਪਹਿਲਾਂ ਸੌਦਾ ਸਾਧ ਨੂੰ ਪੈਰੋਲ ਜਾਂ ਫਰਲੋ 'ਤੇ ਰਿਹਾਅ ਕੀਤਾ ਜਾਂਦਾ ਹੈ ਅਤੇ ਹਾਲੇ ਪਿਛਲੇ ਮਹੀਨੇ ਉਸ ਨੂੰ ਪੈਰੋਲ ਦਿੱਤੀ ਗਈ ਸੀ ਤੇ ਇਸ ਵਾਰ ਫੇਰ ਹਰਿਆਣਾ ਚੋਣਾਂ ਤੋਂ ਪਹਿਲਾਂ ਉਸ ਨੂੰ ਰਿਹਾ ਕਰ ਦਿੱਤਾ ਗਿਆ ਹੈ। ਸੋਹਾਣਾ ਨੇ ਖਾਸ ਤੌਰ ਤੇ ਚੋਣ ਕਮਿਸ਼ਨ ਉੱਤੇ ਵੀ ਸਵਾਲ ਚੁੱਕਦਿਆਂ ਕਿਹਾ ਹੈ ਕਿ ਜਦੋਂ ਸਾਰੇ ਅਧਿਕਾਰ ਹੀ ਚੋਣ ਕਮਿਸ਼ਨ ਕੋਲ ਸਨ ਤਾਂ ਉਸ ਨੇ ਚੋਣਾਂ ਤੋਂ ਪਹਿਲਾਂ ਅਜਿਹੇ ਬੱਜਰ ਜ਼ੁਲਮ ਕਰਨ ਵਾਲੇ ਸੌਦਾ ਸਾਧ ਨੂੰ ਇੱਕ ਮਹੀਨੇ ਪਹਿਲਾਂ ਦਿੱਤੀ ਗਈ ਪੈਰੋਲ ਤੋਂ ਬਾਅਦ ਮੁੜ ਪੈਰੋਲ 'ਤੇ ਕਿਵੇਂ ਜਾਣ ਦਿੱਤਾ ਉਹਨਾਂ ਅਦਾਲਤਾਂ ਨੂੰ ਬੇਨਤੀ ਕੀਤੀ ਕਿ ਇਸ ਮਾਮਲੇ ਵਿੱਚ ਖੁਦ ਦਖਲ ਦਿੰਦੇ ਹੋਏ ਕਾਰਵਾਈ ਕਰਨ ਅਤੇ ਇਸ ਪੈਰੋਲ ਨੂੰ ਰੱਦ ਕਰਵਾਉਣ ਤਾਂ ਜੋ ਜਿਨ੍ਹਾਂ ਲੋਕਾਂ ਅਤੇ ਪਰਵਾਰਾਂ ਖਿਲਾਫ ਇਹ ਸੌਦਾ ਸਾਧ ਨੇ ਇਹ ਬੱਜਰ ਜੁਰਮ ਕੀਤੇ ਹਨ ਉਹਨਾਂ ਦੀਆਂ ਇਨਸਾਫ ਸਬੰਧੀ ਭਾਵਨਾਵਾਂ ਨੂੰ ਠੇਸ ਨਾ ਪੁੱਜੇ।

# ਸ੍ਰੀ ਹਨੂਮਤ ਆਈ ਐੱਮ ਟੀ 'ਚ ਵੈੱਬ ਡਿਜ਼ਾਈਨਿੰਗ ਤੇ ਡਿਵੈੱਲਪਮੈਂਟ ਵਿਸ਼ੇ 'ਤੇ ਸੈਮੀਨਾਰ



**ਗੁਰਾਇਆ (ਬਿੰਦਰ ਸੁਮਨ)**-ਸ੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਿੱਚ ਬੀ ਸੀ ਏ ਵਿਭਾਗ ਵਲੋਂ ਲਾਰਵੇਲ ਅਤੇ ਐਂਗੂਲਰ ਦੇ ਨਾਲ ਫੁਲ ਸਟੈਕ ਡਿਵੈਲਪਮੈਂਟ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਵੈਬ ਡਿਜ਼ਾਈਨਿੰਗ ਅਤੇ ਡਿਵੈਲਪਮੈਂਟ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ਸਨਸ਼ਾਈਨ ਅਚੀਵਰਜ਼ ਟੈਕਨਾਲੋਜੀ ਫਗਵਾੜਾ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਸਬੰਧੀ ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਨੇ ਦੱਸਿਆ ਕਿ ਸਨਸ਼ਾਈਨ ਅਚੀਵਰਜ਼ ਟੈਕਨਾਲੋਜੀ ਇੱਕ ਨਾਮਵਰ ਸੰਸਥਾ ਹੈ ਜੋ ਤਕਨੀਕੀ ਸਿਖਲਾਈ 'ਚ ਉੱਤਮਤਾ ਲਈ ਜਾਣਿਆ ਜਾਂਦਾ ਹੈ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੇ ਵੈਬ ਡਿਵੈਲਪਮੈਂਟ ਸਬੰਧੀ ਪ੍ਰੈਕਟੀਕਲ ਗਿਆਨ ਪ੍ਰਾਪਤ ਕੀਤਾ। ਗਿਆਨ ਪ੍ਰਦਾਨ ਕਰਨ ਦੇ ਉਦੇਸ਼ ਲਈ ਕੰਪਿਊਟਰ ਵਿਭਾਗ ਦੁਆਰਾ ਫਰੰਟ ਸਾਈਡ ਅਤੇ ਬੈਕ-ਸਾਈਡ ਡਿਵੈਲਪਮੈਂਟ, ਉਪਭੋਗਤਾ ਇੰਟਰਫੇਸ ਡਿਜ਼ਾਈਨ ਅਤੇ ਰਿਸਪਾਂਸਿਵ ਵੈੱਬ ਡਿਵੈਲਪਮੈਂਟ ਵਰਗੇ ਮੁੱਖ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ। ਡਾ. ਸ਼ੈਲੀ ਰੇਖੀ ਅਨੁਸਾਰ ਇਹ ਸੈਮੀਨਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕੈਰੀਅਰ ਲਈ ਜ਼ਰੂਰੀ ਹੁਨਰ ਨੂੰ ਵਿਕਸਿਤ ਕਰਨ ਵਿਚ ਮਦਦਗਾਰ ਬਣੇਗਾ। ਇਸ ਦੌਰਾਨ ਕਾਲਜ ਦੇ ਵਿਦਿਆਰਥੀਆਂ ਨੇ ਸੈਮੀਨਾਰ ਨੂੰ ਕੰਪਿਊਟਰ ਅਤੇ ਆਈ.ਟੀ. ਤਕਨਾਲੋਜੀ ਦੇ ਨਜ਼ਰੀਏ ਤੋਂ ਲਾਭਦਾਇਕ ਦੱਸਿਆ ਅਤੇ ਬੀ.ਸੀ.ਏ. ਵਿਭਾਗ ਦੇ ਉਪਰਾਲੇ ਦੀ ਵੀ ਸ਼ਲਾਘਾ ਕੀਤੀ।

# ਦਰੀਆ 'ਚ 28 ਵੀਂ ਸਲਾਨਾ ਬਰਸੀ ਤੇ 51ਵਾਂ ਕੀਰਤਨ ਸਮਾਗਮ 12 ਨੂੰ

**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਦਰੀਆ ਵਿਖੇ ਬਾਬਾ ਸੰਗਤ ਸਿੰਘ ਜੀ ਅਤੇ ਬਾਬਾ ਜੀਵਨ ਸਿੰਘ ਜੈਤਾ (ਰੰਗਰੇਟਾ ਗੁਰੂ ਕਾ ਬੇਟਾ) ਜੀ ਨੂੰ ਸਮਰਪਿਤ 51ਵਾਂ ਸਲਾਨਾ ਖੁਸ਼ਦਿਲ ਕੀਰਤਨ ਦਰਬਾਰ ਅਤੇ ਸੱਚਖੰਡ ਵਾਸੀ ਸ੍ਰੀਮਾਨ 108 ਸੰਤ ਬਾਬਾ ਨਿਰਮਲ ਸਿੰਘ ਨਿਰਮਲੇ ਮੁਖੀਏ ਦਰੀਏ ਵਾਲਿਆਂ ਦੀ 28ਵੀਂ ਸਲਾਨਾ ਬਰਸੀ ਸਮਾਗਮ 12 ਅਕਤੂਬਰ ਦਿਨ ਨੂੰ ਕਰਵਾਇਆ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਸੰਤ ਬਾਬਾ ਮੱਖਣ ਸਿੰਘ ਦੀ ਦੇਖ ਰੇਖ ਹੇਠ ਕਰਵਾਏ ਜਾਣ ਵਾਲੇ ਇਸ ਪ੍ਰੋਗਰਾਮ ਦੀ ਆਰੰਭਤਾ 6 ਅਕਤੂਬਰ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਨਾਲ ਹੋ ਜਾਵੇਗੀ। ਜਿਸ ਦੀ ਸੰਪੂਰਨਤਾ 12 ਅਕਤੂਬਰ ਨੂੰ ਹੋਵੇਗੀ।11 ਅਕਤੂਬਰ ਨੂੰ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜਾਇਆ ਜਾਵੇਗਾ । ਜਿਸ ਦੀ ਆਰੰਭਤਾ ਪਿੰਡ ਦਰੀਆ ਤੋਂ ਕੰਧਾਲਾ ਜੱਟਾਂ, ਬਾਬਕ, ਘੋੜਾਵਾਹਾ ਤੋਂ ਹੁੰਦੇ ਹੋਏ ਨਗਰ ਦਰੀਆ ਵਿੱਚ ਹੀ ਸੰਪੂਰਨਤਾ ਹੋਵੇਗੀ।ਸੰਤ ਬਾਬਾ ਮੱਖਣ ਸਿੰਘ ਨੇ ਦੱਸਿਆ ਕੀ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ ਵਿੱਚ ਰੋਜ਼ਾਨਾ ਕਥਾ ਸੰਤ ਸੁਲੱਖਣ ਸਿੰਘ ਜੀ ਟਕਸਾਲੀਆ ਕਰਨਗੇ, 6 ਅਕਤੂਬਰ ਨੂੰ ਸੰਤ ਮਲਕੀਤ ਸਿੰਘਖਾਨਪੁਰ ਥਿਆੜੇ ਵਾਲੇ, 7 ਅਕਤੂਬਰ ਨੂੰ ਹਰਭਜਨ ਸਿੰਘ ਚੱਕ ਸੋਤਲੇ ਵਾਲੇ, 8 ਅਕਤੂਬਰ ਨੂੰ ਸੰਤ ਸੁਖਰਾਜ ਸਿੰਘ ਪ੍ਰੀਤਮਪੁਰ ਵਾਲੇ, 9 ਅਕਤੂਬਰ ਸੰਤ ਮਨਜਿੰਦਰ ਸਿੰਘ ਹਰਿ-ਰਾਏਪੁਰ ਰਸੂਲਪੁਰ ਵਾਲੇ, 10 ਅਕਤੂਬਰ ਨੂੰ ਭਾਈ ਦਾਤਾਰ ਸਿੰਘ ਦਾਤਾ ਢਾਡੀ ਜਥਾ ਕੰਧਾਲਾ ਜੱਟਾਂ ਵਾਲੇ, 8 ਵਜੇ ਤੋਂ 10 ਵਜੇ ਰਾਤ ਤੱਕ ਰੋਜ਼ਾਨਾ ਕੀਰਤਨ ਕਰਨਗੇ।ਉਹਨਾਂ ਦੱਸਿਆ ਕਿ ਕੀਰਤਨ ਦਰਬਾਰ ਵਿੱਚ ਵੱਖ ਵੱਖ ਜਥੇ ਆਈਆਂ ਹੋਈਆਂ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਨਾਲ ਨਿਹਾਲ ਕਰਨਗੇ। 6 ਤੋਂ 12 ਅਕਤੂਬਰ ਤੱਕ ਨਿਰੰਤਰ ਗੁਰੂ ਕਾ ਲੰਗਰ ਅਟੁੱਟ ਵਰਤੇਗਾ।ਉਹਨਾਂ ਦੱਸਿਆ ਕਿ ਇਹ ਸਮਾਗਮ ਨਗਰ ਦਰੀਆ, ਕੰਧਾਲਾ ਜੱਟਾਂ, ਬਾਬਕ, ਘੋੜਾਵਾਹਾ ਅਤੇ ਆਲੇ ਦੁਆਲੇ ਦੇ ਪਿੰਡਾਂ ਦੀ ਸੰਗਤ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਹੀ ਕਰਵਾਇਆ ਜਾਂਦਾ ਹੈ।



# ਪੰਜਾਬ ਦੀਆਂ ਖੱਬੀਆਂ ਪਾਰਟੀਆਂ 7 ਅਕਤੂਬਰ ਦਾ ਦਿਨ ਫ਼ਲਸਤੀਨ ਨਾਲ ਇੱਕਮੁੱਠਤਾ ਵਜੋਂ ਮਨਾਉਣਗੀਆਂ

**ਜਲੰਧਰ (ਸ਼ੈਲੀ ਐਲਬਰਟ)**-ਸੀ ਪੀ ਆਈ (ਐਮ), ਸੀ ਪੀ ਆਈ ਅਤੇ ਸੀ ਪੀ ਆਈ(ਐਮ ਐਲ) ਲਿਬਰੇਸ਼ਨ ਵੱਲੋਂ 7 ਅਕਤੂਬਰ ਦਾ ਦਿਨ ਪੰਜਾਬ 'ਚ ਗਾਜ਼ਾ ਵਿੱਚ ਜੰਗਬੰਦੀ ਦੀ ਮੰਗ ਅਤੇ ਫ਼ਲਸਤੀਨ ਨਾਲ ਇੱਕਮੁਠਤਾ ਵਜੋਂ ਮਨਾਇਆ ਜਾਵੇਗਾ। ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਅਤੇ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖ਼ਤੂਪੁਰਾ ਵੱਲੋਂ ਜਾਰੀ ਕੀਤੇ ਸਾਂਝੇ ਬਿਆਨ 'ਚ ਇਹ ਐਲਾਨ ਕੀਤਾ। ਪਿਛਲੇ ਦਿਨੀਂ ਸੀ ਪੀ ਆਈ (ਐਮ), ਸੀ ਪੀ ਆਈ, ਸੀ ਪੀ ਆਈ (ਐਮ ਐਲ) ਲਿਬਰੇਸ਼ਨ, ਆਲ ਇੰਡੀਆ ਫਾਰਵਰਡ ਬਲਾਕ ਅਤੇ ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਦੇ ਆਗੂਆਂ ਨੇ ਬਿਆਨ ਜਾਰੀ ਕਰਦਿਆਂ ਸੱਦਾ ਦਿੱਤਾ ਸੀ ਕਿ 7 ਅਕਤੂਬਰ ਦਾ ਦਿਨ ਗਾਜ਼ਾ ਵਿੱਚ ਜੰਗਬੰਦੀ ਦੀ ਮੰਗ ਅਤੇ ਫ਼ਲਸਤੀਨ ਨਾਲ ਇੱਕਮੁਠਤਾ ਵਜੋਂ ਮਨਾਇਆ ਜਾਵੇਗਾ। ਪੰਜਾਬ ਦੇ ਆਗੂਆਂ ਕਿਹਾ ਕਿ ਕੇਂਦਰ ਦੇ ਇਸ ਸੱਦੇ ਦੇ ਤਹਿਤ ਹੀ 7 ਅਕਤੂਬਰ ਨੂੰ ਇਹ ਐਕਸ਼ਨ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਆਗੂਆਂ ਕਿਹਾ ਕਿ ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਦੀ ਲੜਾਈ ਦਾ ਇੱਕ ਸਾਲ ਪੂਰਾ ਹੋ ਰਿਹਾ ਹੈ। ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ ਅੰਦਰ ਹਮਾਸ ਦੁਆਰਾ ਕੀਤੇ ਗਏ ਹਮਲੇ ਦਾ ਬਦਲਾ ਲੈਣ ਦੇ ਨਾਂਅ 'ਤੇ, ਇਜ਼ਰਾਈਲੀ ਹਥਿਆਰਬੰਦ ਬਲਾਂ ਨੇ ਗਾਜ਼ਾ ਵਿੱਚ ਫ਼ਲਸਤੀਨੀਆਂ 'ਤੇ ਬੇਰਹਿਮੀ ਨਾਲ ਅੰਨ੍ਹੇਵਾਹ ਹਮਲਾ ਕੀਤਾ। ਇਸ ਜੰਗ ਦੇ ਨਤੀਜੇ ਵਜੋਂ ਲਗਪਗ 42,000 ਫ਼ਲਸਤੀਨੀਆਂ, ਮੁੱਖ ਤੌਰ 'ਤੇ ਔਰਤਾਂ ਅਤੇ ਬੱਚੇ ਮਾਰੇ ਗਏ । ਹਜ਼ਾਰਾਂ ਹੋਰ ਲੋਕ ਮਲਬੇ ਹੇਠ ਦੱਬੇ ਹੋਏ ਹਨ। ਇਜ਼ਰਾਈਲ ਨੇ ਹਵਾਈ ਅਤੇ ਜ਼ਮੀਨੀ ਹਮਲੇ ਕਰਦਿਆਂ ਰਿਹਾਇਸ਼ੀ ਇਮਾਰਤਾਂ, ਸਕੂਲਾਂ ਅਤੇ ਹਸਪਤਾਲਾਂ ਨੂੰ ਵੀ ਨਹੀਂ ਬਖਸ਼ਿਆ। ਪ੍ਰਸਿੱਧ ਡਾਕਟਰੀ ਰਸਾਲੇ 'ਦ ਲੈਂਸੇਟ' ਦਾ ਅਨੁਮਾਨ ਹੈ ਕਿ ਸਿੱਧੇ ਅਤੇ ਅਸਿੱਧੇ ਦੋਵੇਂ ਤਰ੍ਹਾਂ ਦੀਆਂ ਮੌਤਾਂ ਨੂੰ ਮਿਲਾ ਕੇ ਇਜ਼ਰਾਈਲ ਦੇ ਹਮਲੇ ਨਾਲ ਮਰਨ ਵਾਲਿਆਂ ਦੀ ਗਿਣਤੀ 85,000 (6 ਅਗਸਤ ਤੱਕ) ਤੋਂ ਵੱਧ ਹੋ ਸਕਦੀ ਹੈ। ਇਸ ਸਾਲ ਜਨਵਰੀ ਵਿੱਚ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ਆਈ ਸੀ ਜੇ) ਨੇ ਇਜ਼ਰਾਈਲ ਦੀਆਂ ਕਾਰਵਾਈਆਂ ਨੂੰ ਸੰਭਾਵਿਤ ਨਸਲਕੁਸ਼ੀ ਵੱਲ ਲਿਜਾਉਣ ਵਾਲਾ ਦੱਸਿਆ ਸੀ ਅਤੇ ਇਜ਼ਰਾਈਲ ਨੂੰ ਗਾਜ਼ਾ ਵਿੱਚ ਫੌਜੀ ਕਾਰਵਾਈਆਂ ਬੰਦ ਕਰਨ ਲਈ ਕਿਹਾ ਸੀ। ਇਜ਼ਰਾਈਲ ਨੇ ਹੁਣ ਤੱਕ ਜੰਗਬੰਦੀ ਲਈ ਸਾਰੀਆਂ ਸਾਰਥਕ ਗੱਲਬਾਤਾਂ ਨੂੰ ਰੱਦ ਕਰ ਦਿੱਤਾ ਹੈ। ਐਨਾ ਹੀ ਨਹੀਂ, ਇਜ਼ਰਾਈਲ ਨੇ ਪੂਰੇ ਸਾਲ ਦੌਰਾਨ ਕਬਜ਼ੇ ਵਾਲੇ ਪੱਛਮੀ ਤੱਟ 'ਤੇ ਫ਼ਲਸਤੀਨੀਆਂ 'ਤੇ ਹਮਲੇ ਕੀਤੇ। ਇਜ਼ਰਾਈਲ ਨੇ ਵੱਡੇ ਪੱਧਰ 'ਤੇ ਬੰਬ ਵਿਸਫੋਟ ਕਰਨ ਲਈ ਪੇਜਰ ਅਤੇ ਹੋਰ ਸੰਚਾਰ ਸਾਧਨਾਂ ਦਾ ਇਸਤੇਮਾਲ ਕੀਤਾ, ਜਿਸ ਨਾਲ ਜੰਗ ਲਿਬਨਾਨ ਤੱਕ ਫੈਲ ਗਈ।ਦੁਨੀਆ ਭਰ ਵਿੱਚ ਲੱਖਾਂ ਲੋਕ ਇਜ਼ਰਾਇਲੀ ਨਸਲਕੁਸ਼ੀ ਯੁੱਧ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ ਅਤੇ ਜੰਗ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਹਨ । ਇਸ ਵਹਿਸ਼ੀ ਜੰਗ ਦੀ ਪਹਿਲੀ ਬਰਸੀ ਮੌਕੇ ਭਾਰਤ ਦੇ ਅਮਨ ਪਸੰਦ ਲੋਕ ਜੰਗ ਨੂੰ ਤੁਰੰਤ ਖ਼ਤਮ ਕਰਨ ਦੀ ਮੰਗ ਕਰਦੇ ਹਨ। ਖੱਬੀਆਂ ਪਾਰਟੀਆਂ 7 ਅਕਤੂਬਰ ਨੂੰ ਤੁਰੰਤ ਜੰਗਬੰਦੀ ਅਤੇ ਦੁਸ਼ਮਣੀ ਖ਼ਤਮ ਕਰਨ ਦੇ ਸੱਦੇ ਨਾਲ ਮਨਾਉਣਗੀਆਂ। ਇਸ ਦਿਨ ਫੌਰੀ ਜੰਗਬੰਦੀ ਦੀ ਮੰਗ ਲਈ ਪ੍ਰਦਰਸ਼ਨ ਅਤੇ ਮੀਟਿੰਗਾਂ ਕੀਤੀਆਂ ਜਾਣਗੀਆਂ ।

ਪੰਜਾਬ ਦੇ ਆਗੂਆਂ ਨੇ ਆਪੋ-ਆਪਣੀਆਂ ਪਾਰਟੀਆਂ ਦੇ ਆਗੂਆਂ ਅਤੇ ਵਰਕਰਾਂ ਨੂੰ ਸੱਦਾ ਦਿੱਤਾ ਕਿ 7 ਅਕਤੂਬਰ ਨੂੰ ਇਸ ਐਕਸ਼ਨ 'ਚ ਹਿੱਸਾ ਲੈਂਦਿਆਂ ਇਜ਼ਰਾਈਲ ਦੇ ਪੁਤਲੇ ਫੂਕੇ ਜਾਣ ਅਤੇ ਹੋਰ ਵਿਰੋਧ ਪ੍ਰਦਰਸ਼ਨ ਕੀਤੇ ਜਾਣ।

# ਖੁਰਾਲਗੜ੍ਹ ਸਾਹਿਬ ਦੇ ਪ੍ਰਬੰਧਾਂ ਲਈ ਪੰਜਾਬ ਪੱਧਰ ਦੀ ਕਮੇਟੀ ਬਣਾਈ ਜਾਵੇ : ਜਗਤਾਰ ਸਿੰਘ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਟਰੱਸਟ (ਰਜਿ.) ਜ਼ਿਲ੍ਹਾ ਬਰਨਾਲਾ ਵੱਲੋਂ ਇੱਕ ਅਹਿਮ ਮੀਟਿੰਗ ਪ੍ਰਧਾਨ ਜਗਤਾਰ ਸਿੰਘ ਕੌਲ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿਚ ਇਲਾਕੇ ਦੇ ਦਰਜਨਾਂ ਮੋਹਤਬਰ ਵਿਅਕਤੀ ਹਾਜ਼ਰ ਸਨ। ਇਸ ਮੌਕੇ ਪ੍ਰਧਾਨ ਜਗਤਾਰ ਸਿੰਘ ਨੇ ਦੇਸ਼ ਵਿਦੇਸ਼ ਦੀਆਂ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਦੀ ਚਰਨਛੋਹ ਧਰਤੀ ਹੈ ਜਿਥੋਂ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਦੀਦਾਰੇ ਹੁੰਦੇ ਹਨ । ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਕੌਮ ਦਾ ਮਹਾਨ ਪਵਿੱਤਰ ਤਖਤ ਹੈ ਜਿਸ ਨੂੰ ਚਲਾਉਣ ਲਈ ਪੂਰੇ ਪੰਜਾਬ ਵਿਚੋਂ ਹਰ ਜ਼ਿਲ੍ਹੇ , ਤਹਿਸੀਲ ਤੇ ਬਲਾਕਾਂ ਵਿਚੋਂ ਮੈਂਬਰ ਲੈ ਕੇ ਕਮੇਟੀ ਬਣਾਈ ਜਾਵੇ ਅਤੇ ਹਿਸਾਬ ਨੂੰ ਪਾਰਦਰਸ਼ੀ ਤਰੀਕੇ ਨਾਲ ਰੱਖਣ ਲਈ ਚੇਅਰਮੈਨ, ਕੈਸ਼ੀਅਰ, ਮੈਨੇਜਰ, ਰਾਗੀ, ਪਾਠੀ, ਪ੍ਰਚਾਰਕ ਰੱਖੇ ਜਾਣੇ ਚਾਹੀਦੇ ਹਨ ਕਿਉਂਕਿ ਗੁਰੂਘਰ ਦੀ ਰਜਿਸਟਰੀ ਵਿਚ ਇਹ ਲਿਖਿਆ ਗਿਆ ਹੈ ਕਿ ਇਥੇ ਕੋਈ ਵੀ ਸੰਤ ਜਾਂ ਬਾਬਾ ਬਣ ਕੇ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਤਿੰਨ ਜਾਂ ਚਾਰ ਸਾਲ ਲਈ ਪ੍ਰਧਾਨ ਚੁਣਿਆ ਜਾਣਾ ਚਾਹੀਦਾ ਅਤੇ ਪ੍ਰਧਾਨ ਦੀ ਚੋਣ ਪ੍ਰਬੰਧਕ ਕਮੇਟੀ ਸਮਾਂ ਖਤਮ ਹੋਣ 'ਤੇ ਦੁਬਾਰਾ ਕਰੇ। ਪ੍ਰਧਾਨ ਜਗਤਾਰ ਸਿੰਘ ਨੇ ਕਿਹਾ ਕਿ ਅਸੀਂ 2009 ਤੋਂ ਗੁਰੂਘਰ ਨਾਲ ਜੁੜੇ ਹੋਏ ਹਾਂ ਅਤੇ ਪੰਜ ਪੰਜ ਬੱਸਾਂ ਸੰਗਤਾਂ ਦੀਆਂ ਭਰ ਕੇ ਸੇਵਾ ਲਈ ਆਉਂਦੇ ਰਹੇ ਹਾਂ ਪਰ ਬਹੁਤ ਦੁੱਖ ਨਾਲ ਕਹਿਣਾ ਪੈ ਰਿਹਾ ਕਿ ਜਿੰਨੇ ਵੀ ਮਾਲਵੇ ਦੇ ਸੰਤ, ਮੈਨੇਜਰ, ਕੈਸ਼ੀਅਰ, ਪ੍ਰਚਾਰਕ ਸੇਵਾ ਕਰਦੇ ਸਨ ਅਤੇ ਸਕੂਲ ਤੇ ਸੰਗੀਤ ਵਿਦਿਆਲੇ ਵਿਚ ਬੱਚੇ ਪੜ੍ਹਾਈ ਕਰਦੇ ਸਨ, ਸਭ ਨੂੰ ਗੁਰੂਘਰ ਤੋਂ ਇਕ ਇਕ ਕਰਕੇ ਕੱਢ ਦਿੱਤਾ ਗਿਆ। ਸੋਸ਼ਲ ਮੀਡੀਆ, ਅਖ਼ਬਾਰਾਂ ਵਿਚ ਗੁਰੂਘਰ ਵਿਚ ਹੋ ਰਹੀਆਂ ਗੈਰ ਸੰਵਿਧਾਨਕ ਕਾਰਵਾਈਆਂ ਅਤੇ ਹਿਸਾਬ ਕਿਤਾਬ ਵਿਚ ਹੋਈਆਂ ਬੇਨਿਯਮੀਆਂ ਸਬੰਧੀ ਛਪੀਆਂ ਖ਼ਬਰਾਂ ਆਉਣੀਆਂ ਬਹੁਤ ਮੰਦਭਾਗੀ ਗੱਲ ਹੈ ਜਿਨ੍ਹਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਦੇ ਪ੍ਰਬੰਧ ਸਹੀ ਤੇ ਸੁਰੱਖਿਅਤ ਹੱਥਾਂ ਵਿਚ ਨਹੀਂ ਹਨ ਅਤੇ ਗੁਰੂਘਰ ਦੇ ਪ੍ਰਬੰਧਾਂ ਨੂੰ ਪਾਰਦਰਸ਼ੀ ਤਰੀਕੇ ਨਾਲ ਚਲਾਉਣ ਲਈ ਸੰਗਤਾਂ ਨੂੰ ਅੱਗੇ ਆਉਣਾ ਪਵੇਗਾ।ਇਸ ਮੌਕੇ ਅਵਤਾਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਰਾਜਾ, ਬਾਬੂ ਸਿੰਘ ਫੌਜੀ, ਹਰਜਿੰਦਰ ਸਿੰਘ ਘੁਮਾਣ, ਕੁਲਜੀਤ ਸਿੰਘ ਢਿੱਲੋਂ, ਮੇਜਰ ਸਿੰਘ ਫੌਜੀ, ਬਾਬਾ ਜੋਗਿੰਦਰ ਸਿੰਘ, ਮੱਖਣ ਸਿੰਘ, ਬੂਟਾ ਸਿੰਘ ਧਾਲੀਵਾਲ, ਆਦਿ ਜ਼ਿੰਮੇਵਾਰ ਅਹੁਦੇਦਾਰ ਹਾਜ਼ਰ ਸਨ।

# ਅੱਜ ਬਿਜਲੀ ਬੰਦ ਰਹੇਗੀ

**ਅੱਡਾ ਸਰਾਂ (ਜਸਵੀਰ ਕਾਜਲ)**-ਸਹਾਇਕ ਇੰਜੀਨੀਅਰ ਵਿਜੇ ਕੁਮਾਰ 115 ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 66 ਕੇ ਵੀ ਸ/ਸ ਕੰਧਾਲਾ ਜੱਟਾਂ ਤੋਂ ਚਲਦੇ ਫੀਡਰ ਰਾਮਪੁਰ ਦੀ ਸਪਲਾਈ 5 ਅਕਤੂਬਰ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਜ਼ਰੂਰੀ ਮੇਨਟੀਨੈਂਸ ਹੋਣ ਕਾਰਨ ਬੰਦ ਰਹੇਗੀ। ਉਹਨਾਂ ਨੇ ਖ਼ਪਤਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

# ਹੁਣ ਡੀ ਟੀ ਐੱਫ ਵੱਲੋਂ 27 ਨੂੰ ਸੰਗਰੂਰ 'ਚ ਕੀਤਾ ਜਾਵੇਗਾ ਵਿਸ਼ਾਲ ਮੁਜ਼ਾਹਰਾ ਤੇ ਰੈਲੀ

**ਗੁਰਾਇਆ (ਬਿੰਦਰ ਸੁਮਨ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ 6 ਅਕਤੂਬਰ ਦੀ ਸੰਗਰੂਰ ਰੈਲੀ ਦੇ ਸੰਬੰਧ ਵਿੱਚ ਵਿਚਾਰ ਚਰਚਾ ਕਰਨ ਹਿਤ ਸੂਬਾ ਪ੍ਰਧਾਨ ਦਿੱਗਵਿਜੈ ਪਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਗੂਗਲ ਮੀਟ 'ਤੇ ਆਨਲਾਈਨ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵੱਖ ਵੱਖ ਜ਼ਿਲ੍ਹਿਆਂ ਵੱਲੋਂ ਇਹ ਇਹ ਗੱਲ ਰੱਖੇ ਜਾਣ 'ਤੇ ਕਿ 6 ਅਕਤੂਬਰ ਨੂੰ ਬਹੁਤੇ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ 'ਤੇ ਅਧਿਆਪਕਾਂ ਦੀ ਚੋਣ ਰਿਹਰਸਲ ਹੈ, ਅਤੇ ਪੰਚਾਇਤੀ ਚੋਣਾਂ ਕਾਰਨ ਇਹ ਦਿੱਕਤਾਂ ਲਗਭਗ 15 ਅਕਤੂਬਰ ਤੱਕ ਰਹਿਣੀਆਂ ਹਨ, ਤਾਂ ਜਥੇਬੰਦੀ ਵੱਲੋਂ ਅੱਗੇ ਹੋਰ ਤਿਉਹਾਰਾਂ ਦੇ ਮੱਦੇਨਜ਼ਰ ਇਸ ਰੈਲੀ ਨੂੰ 27 ਅਕਤੂਬਰ ਦੀ ਕਰਨ ਦਾ ਫ਼ੈਸਲਾ ਲਿਆ ਗਿਆ। ਇਸ ਦੀ ਜਾਣਕਾਰੀ ਦਿੰਦਿਆਂ ਡੀ.ਟੀ.ਐਫ.ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ ਅਤੇ ਜ਼ਿਲ੍ਹਾ ਸਕੱਤਰ ਅਵਤਾਰ ਲਾਲ ਨੇ ਦੱਸਿਆ ਕਿ ਮੀਟਿੰਗ ਵਿੱਚ ਜਸਵਿੰਦਰ ਬਠਿੰਡਾ, ਦਾਤਾ ਸਿੰਘ ਨਮੋਲ, ਬਲਰਾਮ ਸ਼ਰਮਾ ਫਿਰੋਜ਼ਪੁਰ, ਜਗਵੀਰਨ ਕੌਰ ਮੋਗਾ, ਸੁਖਵਿੰਦਰਪਰੀਤ ਸਿੰਘ ਜਲੰਧਰ, ਸ਼ਬੀਰ ਖਾਨ ਮਾਲੇਰਕੋਟਲਾ, ਰੇਸ਼ਮ ਬਠਿੰਡਾ, ਹਰ ਭਗਵਾਨ ਗੁਰਨੇ, ਅਵਤਾਰ ਲਾਲ ਜਲੰਧਰ, ਰਾਜਵਿੰਦਰ ਮਾਨਸਾ, ਤਲਵਿੰਦਰ ਪਟਿਆਲਾ, ਜਗਵਿੰਦਰ ਸਿੰਘ ਫਤਿਹਗੜ੍ਹ ਸਾਹਿਬ, ਹਰਭਗਵਾਨ ਗੁਰਨੇ, ਸੁਖ ਲਾਲ ਆਦਿ ਆਗੂ ਹਾਜ਼ਰ ਸਨ।

## ਦੇਸ਼ ਭਗਤ ਗਲੋਬਲ ਸਕੂਲ ਦੇ ਬੱਚਿਆਂ ਵੱਲੋਂ ਇਤਿਹਾਸਕ ਸਥਾਨਾਂ ਦੀ ਯਾਤਰਾ



ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਗਲੋਬਲ ਸਕੂਲ ਦੇ ਚੇਅਰਮੈਨ ਡਾ: ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਦੀ ਅਗਵਾਈ ਹੇਠ ਸਕੂਲ ਦੇ ਬੱਚਿਆਂ ਨੇ ਪੰਜਾਬ ਦੇ ਰੋਪੜ ਸ਼ਹਿਰ ਅਤੇ ਆਲੇ-ਦੁਆਲੇ ਦੇ ਇਤਿਹਾਸਕ ਸਥਾਨ ਦੇਖੇ ਇਨ੍ਹਾਂ ਵਿੱਚ ਪਲੇਵੇਅ ਅਤੇ ਨਰਸਰੀ ਦੇ ਵਿਦਿਆਰਥੀ ਸ਼ਾਮਲ ਸਨ।ਦਿਨ ਭਰ ਆਨੰਦ ਲੈਣ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਤੇ ਖੇਡਾਂ ਸ਼ਾਮਲ ਸਨ, ਜਿਨ੍ਹਾਂ ਵਿੱਚ ਉਨ੍ਹਾਂ ਨੇ ਗੈਰੀ ਫਾਰਮਜ਼, ਨਾਨੋਕੀ, ਮਹਾਰਾਜਾ ਰਣਜੀਤ ਸਿੰਘ ਬਾਗ, ਅਜਾਇਬ ਘਰ ਤੇ ਇਤਿਹਾਸਕ ਸਥਾਨ ਦਾ ਆਨੰਦ ਮਾਣਿਆ।ਬੱਚਿਆਂ ਨੂੰ ਇਤਿਹਾਸਕ ਸੰਧੀ ਸਥਾਨ ਦਿਖਾਇਆ, ਜਿਥੇ ਲਾਰਡ ਵਿਲੀਅਮ ਬੈਂਟਿੰਕ ਨੇ 26 ਅਕਤੂਬਰ, 1831 ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਰੋਪੜ ਸੰਧੀ 'ਤੇ ਦਸਤਖਤ ਕੀਤੇ ਸਨ।ਸਤਲੁਜ ਦਰਿਆ ਦੇ ਕੰਢੇ ਇੱਕ ਪਿੱਪਲ ਦੇ ਦਰੱਖਤ ਹੇਠ ਸੰਧੀ 'ਤੇ ਦਸਤਖਤ ਕੀਤੇ ਗਏ ਸਨ ਤੇ ਸਰਹੱਦੀ ਮੁੱਦਿਆਂ ਨੂੰ ਹੱਲ ਕੀਤਾ ਗਿਆ ਸੀ।ਸਕੂਲ ਦੀ ਪ੍ਰਿੰਸੀਪਲ ਇੰਦੂ ਸ਼ਰਮਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਥਾਨ ਵਿਦਿਆਰਥੀਆਂ ਲਈ ਯਾਦਗਾਰੀ ਤਜ਼ਰਬੇ ਬਣਾਉਂਦੇ ਹਨ।ਵਿੱਦਿਅਕ ਯਾਤਰਾਵਾਂ ਤੇ ਸੈਰ-ਸਪਾਟੇ ਵਿਦਿਆਰਥੀਆਂ ਨੂੰ ਅਸਲ ਬਹੁ-ਸੱਭਿਆਚਾਰਕ ਸੰਸਾਰ ਨੂੰ ਜਾਣਨ ਤੇ ਸਮਝਣ ਵਿੱਚ ਮਦਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਹ ਵਿਸ਼ਵਾਸ, ਇੱਛਾ ਸ਼ਕਤੀ, ਫੋਕਸ ਅਤੇ ਲੀਡਰਸ਼ਿਪ ਦੇ ਹੁਨਰਾਂ ਨੂੰ ਬਣਾਉਣ ਅਤੇ ਉਹਨਾਂ ਨੂੰ ਕੁਦਰਤ ਅਤੇ ਇਤਿਹਾਸ ਦੇ ਨੇੜੇ ਲਿਆਉਣ ਵਿੱਚ ਵੀ ਮਦਦ ਕਰਦਾ ਹੈ।

## ਵਿਧਾਇਕ ਨੇ ਸੜਕ ਦੇ ਨਵੀਨੀਕਰਨ ਦਾ ਕੀਤਾ ਉਦਘਾਟਨ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ 21 ਨੰਬਰ ਫਾਟਕ ਤੋਂ ਲਹਿਲ ਦੀਆਂ ਲਾਲ ਬੱਤੀਆਂ ਤੱਕ ਨਵੀਂ ਰੋਡ ਦਾ ਉਦਘਾਟਨ ਕੀਤਾ।ਇਹ ਸੜਕ 43 ਲੱਖ ਰੁਪਏ ਦੀ ਲਾਗਤ ਨਾਲ ਬਣਨੀ ਸ਼ੁਰੂ ਹੋ ਗਈ ਹੈ।ਇਸ ਮੌਕੇ ਵਾਰਡ ਦੇ ਮੁੱਖ ਸੇਵਾਦਾਰ ਹਰਮਨ ਸੰਧੂ ਤੇ ਬਲਾਕ ਪ੍ਰਧਾਨ ਜਗਤਾਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਜਗਤਾਰ ਜੱਗੀ ਵੱਲੋਂ ਉਨ੍ਹਾਂ ਦੇ ਬਲਾਕ 'ਚ ਚੱਲ ਰਹੇ ਵਿਕਾਸ ਕਾਰਜਾਂ ਲਈ ਵਿਧਾਇਕ ਪਟਿਆਲਾ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ ਗਿਆ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਸੜਕਾਂ ਬਣਾਉਣ ਦੇ ਕੰਮਾਂ ਵਿੱਚ ਮੌਨਸੂਨ ਕਾਰਨ ਦੇਰੀ ਹੋਈ ਹੈ।ਹੁਣ ਮੌਨਸੂਨ ਦਾ ਮੌਸਮ ਖਤਮ ਹੋ ਗਿਆ ਹੈ, ਇਸ ਕਰਕੇ ਆਉਣ ਵਾਲੇ ਸਮੇਂ 'ਚ ਸਾਰੀਆਂ ਸੜਕਾਂ ਮੁਕੰਮਲ ਕਰ ਦਿੱਤੀਆਂ ਜਾਣਗੀਆਂ ਤੇ ਜਿੱਥੇ ਮੁਰੰਮਤ ਦੀ ਲੋੜ ਹੈ, ਉਥੇ ਮੁਰੰਮਤ ਵੀ ਕਰਵਾਈ ਜਾਵੇਗੀ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੈਂ ਆਪਣੇ ਸ਼ਹਿਰ ਵਾਸੀਆਂ ਦੀ ਸੇਵਾ ਲਈ ਦਿਨ-ਰਾਤ ਹਾਜ਼ਰ ਹਾਂ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਬਨਦੀਆਂ ਸਹੂਲਤਾਂ ਦੇਣੀਆਂ ਆਪਣਾ ਫ਼ਰਜ਼ ਸਮਝਦੀ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਕਈ ਰੋਡ ਤਾਂ ਕਈ ਦਹਾਕਿਆਂ ਬਾਅਦ ਦੁਬਾਰਾ ਬਣਾਏ ਜਾ ਰਹੇ ਹਨ।

## ਸਲਾਈਟ 'ਚ ਦੁਰਗਾ ਪੂਜਾ ਕਲਸ਼ ਸਥਾਪਨਾ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਦੁਰਗਾ ਪੂਜਾ ਦਾ ਪਵਿੱਤਰ ਤਿਉਹਾਰ ਸਲਾਈਟ ਵਿੱਚ ਕਲਸ਼ ਸਥਾਪਨਾ ਨਾਲ ਧੂਮਧਾਮ ਨਾਲ ਸ਼ੁਰੂ ਹੋਇਆ।ਪ੍ਰੋਗਰਾਮ ਦੀ ਜ਼ਿੰਮੇਵਾਰੀ ਪ੍ਰੀ-ਫਾਈਨਲ ਸਾਲ ਦੇ ਵਿਦਿਆਰਥੀਆਂ ਨੇ ਨਿਭਾਈ, ਜਿਨ੍ਹਾਂ ਇਸ ਆਯੋਜਨ ਦੇ ਹਰ ਪੱਖ ਨੂੰ ਸਫ਼ਲਤਾਪੂਰਵਕ ਸੰਭਾਲਿਆ।ਪੂਜਾ ਸਥਲ ਨੂੰ ਪ੍ਰੰਪਰਿਕ ਸਜਾਵਟ, ਰੰਗ-ਬਿਰੰਗੀ ਰੰਗੋਲੀ ਅਤੇ ਖ਼ੂਬਸੂਰਤ ਫੁੱਲਾਂ ਨਾਲ ਸਜਾਇਆ ਗਿਆ, ਜਿਸ ਨਾਲ ਪੂਰੇ ਕੈਂਪਸ ਵਿੱਚ ਭਗਤੀਮਈ ਮਾਹੌਲ ਬਣ ਗਿਆ।ਅਖੀਰਲੇ ਸਾਲ ਦੇ ਵਿਦਿਆਰਥੀ ਪ੍ਰਤੀਕ ਕਮਲ ਨੇ ਕਿਹਾ ਕਿ ਇਹ ਦੇਖ ਕੇ ਮਾਣ ਹੁੰਦਾ ਹੈ ਕਿ ਪ੍ਰੀ-ਫਾਈਨਲ ਸਾਲ ਦੇ ਵਿਦਿਆਰਥੀਆਂ ਨੇ ਇਸ ਵੱਡੇ ਆਯੋਜਨ ਦੀ ਜ਼ਿੰਮੇਵਾਰੀ ਏਨੇ ਸੋਹਣੇ ਢੰਗ ਨਾਲ ਨਿਭਾਈ।ਇਹ ਆਯੋਜਨ ਧਾਰਮਿਕ ਤੇ ਸਾਂਝੇਦਾਰੀ ਪੱਖੋਂ ਮਹੱਤਵਪੂਰਨ ਹੈ ਤੇ ਸਾਨੂੰ ਇਕੱਠਾ ਕਰਦਾ ਹੈ।

## ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਹਾੜੇ ਮੌਕੇ ਬਜ਼ੁਰਗਾਂ ਦੀ ਸ਼ਾਨ 'ਚ ਕੇਕ ਕੱਟਿਆ



ਸੰਗਰੂਰ (ਪ੍ਰਵੀਨ ਸਿੰਘ)-ਸਹਾਰਾ ਸਿਲਾਈ ਸੈਂਟਰ ਨੂਰਪੁਰਾ ਬਸਤੀ ਵਿਖੇ ਸਹਾਰਾ ਫਾਊਂਡੇਸ਼ਨ ਵੱਲੋਂ ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਮੌਕੇ ਸਨਮਾਨ ਸਮਾਰੋਹ ਦਾ ਆਯੋਜਨ ਰਾਜੇਸ਼ ਥਰੇਜਾ ਚੀਫ ਅਡਵਾਈਜ਼ਰ ਤੇ ਮਨਪ੍ਰੀਤ ਸਿੰਘ ਗੋਲਡੀ ਮੀਤ ਪ੍ਰਧਾਨ ਦੇ ਸਹਿਯੋਗ ਨਾਲ ਕੀਤਾ ਗਿਆ।ਇਸ ਮੌਕੇ ਪੂਰਨ ਚੰਦ ਸ਼ਰਮਾ, ਓਮ ਪ੍ਰਕਾਸ਼ ਕਪਿਲ ਸਰਪ੍ਰਸਤ ਸੰਗਰੂਰ ਸਿਟੀਜ਼ਨ ਭਲਾਈ ਸੰਸਥਾ, ਪ੍ਰੇਮ ਚੰਦ ਤੇ ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਇਨ੍ਹਾਂ ਸੀਨੀਅਰ ਸਿਟੀਜ਼ਨ ਦਾ ਪ੍ਰਬੰਧਕਾਂ ਅਤੇ ਸਿਲਾਈ ਸੈਂਟਰ ਦੀਆਂ ਬੀਬੀਆਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਸਹਾਰਾ ਦੇ ਚੇਅਰਮੈਨ ਸਰਬਜੀਤ ਸਿੰਘ ਰੇਖੀ ਨੇ ਮਹਿਮਾਨਾਂ ਦੀ ਜਾਣ-ਪਛਾਣ ਕਰਾਈ।ਚਾਈਲਡ ਵੈਲਫੇਅਰ ਵਿੰਗ ਦੇ ਡਾਇਰੈਕਟਰ ਮੈਡਮ ਰੂਹੀ ਜੋਸ਼ੀ ਕੌਸ਼ਲ ਨੇ ਦੱਸਿਆ ਕਿ ਨੌਜਵਾਨ ਜੇਕਰ ਕੁਰਾਹੇ ਪੈ ਰਿਹਾ ਹੈ ਤਾਂ ਸਭ ਤੋਂ ਵੱਡਾ ਕਾਰਨ ਇਹ ਕਿ ਘਰਾਂ ਵਿੱਚ ਬਜ਼ੁਰਗਾਂ ਦੀ ਪੁੱਛ ਪ੍ਰਤੀਤ ਘੱਟ ਗਈ ਹੈ ਤੇ ਘਰਾਂ ਵਿੱਚ ਬੱਚੇ ਬਜ਼ੁਰਗਾਂ ਨਾਲ ਸਮਾਂ ਨਹੀਂ ਬਿਤਾ ਰਹੇ ਤੇ ਉਨ੍ਹਾਂ ਦੇ ਅਨੁਭਵਾਂ ਤੋਂ ਜੀਵਨ ਜਾਚ ਨਹੀਂ ਸਿੱਖ ਪਾ ਰਹੇ। ਬਜ਼ੁਰਗਾਂ ਤੇ ਉਨ੍ਹਾਂ ਦੇ ਅਨੁਭਵ ਦੀ ਕਦਰ ਕਰਕੇ ਸਮਾਜ ਦੇ ਪਤਨ ਨੂੰ ਰੋਕਿਆ ਜਾ ਸਕਦਾ ਹੈ।

## ਪੰਜਾਬ ਸਰਕਾਰ ਆਊਟਸੋਰਸ ਮੁਲਾਜ਼ਮਾਂ ਨੂੰ ਠੇਕਾ ਕੰਪਨੀਆਂ ਦੀ ਗੁਲਾਮੀ ਤੋਂ ਮੁਕਤ ਕਰਾਵੇ



ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫ਼ਰੀਦਕੋਟ ਦੇ ਸਕਿਊਰਿਟੀ ਗਾਰਡ ਯੂਨੀਅਨ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੇ ਓ.ਪੀ.ਡੀ 'ਤੇ ਇਕੱਠ ਕਰਕੇ ਡਿਊਟੀ ਦੌਰਾਨ ਆ ਰਹੀਆਂ ਦਿੱਕਤਾਂ, ਤਨਖ਼ਾਹਾਂ ਵਿੱਚ ਵਾਧੇ ਅਤੇ ਸੇਵਾ ਹਾਲਤਾਂ ਵਿੱਚ ਸੁਧਾਰ ਲਈ 13 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।ਇਸ ਜਨਰਲ ਬਾਡੀ ਮੀਟਿੰਗ ਨੂੰ ਦੀ ਫੋਰਥ ਕਲਾਸ ਗੌਰਮਿੰਟ ਇੰਪਲਾਇਜ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਢੁੱਡੀ, ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ ਤੇ ਪੰਜਾਬ ਪੈਨਸ਼ਨਰ ਯੂਨੀਅਨ ਦੇ ਆਗੂ ਅਸ਼ੋਕ ਕੌਸ਼ਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੀਆਂ ਅਕਾਲੀ, ਕਾਂਗਰਸ ਸਰਕਾਰਾਂ ਵਾਂਗ ਮੌਜੂਦਾ ਮਾਨ ਸਰਕਾਰ ਨੇ ਵੀ ਦਹਾਕਿਆਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਆ ਰਹੇ ਠੇਕਾ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਪ੍ਰਾਈਵੇਟ ਕੰਪਨੀਆਂ ਦੀ ਗੁਲਾਮੀ ਤੋਂ ਮੁਕਤ ਕਰਾ ਕੇ ਸਬੰਧਤ ਅਦਾਰਿਆਂ ਵਿੱਚ ਪੱਕਾ ਕਰਨ ਲਈ ਕੁਝ ਨਹੀਂ ਕੀਤਾ, ਜਿਸ ਕਾਰਨ ਹਜ਼ਾਰਾਂ ਮੁਲਾਜ਼ਮ ਸਰਕਾਰ ਤੇ ਠੇਕੇਦਾਰ ਪ੍ਰਾਈਵੇਟ ਕੰਪਨੀਆਂ ਦੀ ਦੂਹਰੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਇਸ ਸਮੇਂ ਸਮੂਹ ਸਕਿਊਰਿਟੀ ਗਾਰਡ ਵੱਲੋਂ 13 ਮੈਂਬਰੀ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ।ਇਹ ਕਾਰਜਕਾਰੀ ਕਮੇਟੀ ਸਮੂਹ ਸਕਿਊਰਿਟੀ ਗਾਰਡ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਫ਼ੈਸਲੇ ਲਵੇਗੀ ਤੇ ਯੂਨਿਵਰਸਿਟੀ ਪ੍ਰਸ਼ਾਸਨ ਤੱਕ ਪੁਚਾਏਗੀ।

## ਪੰਜਾਬੀ ਚੈਨਲ 'ਇਕ ਤਾਰਾ ਬੋਲੇ' ਦੀ ਵਰ੍ਹੇਗੰਢ ਮਨਾਈ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸੱਭਿਆਚਾਰਕ ਖੇਤਰ ਤੋਂ ਬਾਅਦ ਰਣਜੀਤ ਸਾਈਂ ਕਾਦਰੀ ਜੀ ਦੇ ਆਸ਼ੀਰਵਾਦ ਨਾਲ ਮੀਡੀਆ ਖੇਤਰ ਯਾਨੀ ਕਿ ਪੰਜਾਬੀ ਚੈਨਲ 'ਇੱਕ ਤਾਰਾ ਬੋਲੇ' ਨਾਲ ਜੁੜੇ ਪ੍ਰਤੀਨਿਧੀ ਦਵਿੰਦਰ ਸਿੰਘ ਭੱਟੀ ਵੱਲੋਂ ਆਪਣੇ ਇਸ ਨਿੱਜੀ ਚੈਨਲ ਦੀ ਪਹਿਲੀ ਵਰ੍ਹੇਗੰਢ ਮੌਕੇ ਸਥਾਨਕ ਸਹਾਰਾ ਕਲੱਬ ਵਿਖੇ ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ।ਜਿੱਥੇ ਪੰਜਾਬ ਕਾਂਗਰਸ ਦੀ ਮਹਿਲਾ ਵਿੰਗ ਦੀ ਪ੍ਰਧਾਨ ਮੈਡਮ ਗੁਰਸ਼ਰਨ ਕੌਰ ਰੰਧਾਵਾ, ਵਿਸ਼ਾਲ ਕੰਬਾਈਨ ਦੇ ਐੱਮ ਡੀ ਜਗਤਾਰ ਮਣਕੂ, ਰਣਜੀਤ ਸਾਈਂ ਕਾਦਰੀ, ਜਸਵਿੰਦਰ ਸਿੰਘ ਰੰਧਾਵਾ, ਅਦਾਕਾਰ ਸੋਨੂੰ ਪ੍ਰਧਾਨ, ਪ੍ਰਧਾਨ ਜੀਵਨ ਗਰਗ, ਪੋਲੀਵੁੱਡ ਪੋਸਟ ਦੇ ਓਨਰ ਹਰਜਿੰਦਰ ਸਿੰਘ ਜਵੰਦਾ, ਕੌਂਸਲਰਟਿਕਾ ਗਾਜੇਵਾਸ, ਅੰਜਲੀ ਮਹੰਤ, ਬ੍ਰਾਹਮਣ ਸਭਾ ਦੇ ਯੂਥ ਵਿੰਗ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ, ਸਾਈਂ ਜਿੰਦਰ, ਨਵੀਨ ਸ਼ਰਮਾ ਤੇ ਗੋਪਾਲ ਸ਼ਰਮਾ ਆਦਿ ਸਮੇਤ ਇਲਾਕੇ ਭਰ ਤੋਂ ਨਾਮੀ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਅਤੇ ਦਵਿੰਦਰ ਭੱਟੀ ਨੂੰ ਚੈਨਲ ਦੀ ਵਰ੍ਹੇਗੰਢ ਮੌਕੇ ਮੁਬਾਰਕਬਾਦ ਦਿੱਤੀ।ਇਸ ਮੌਕੇ ਦਵਿੰਦਰ ਭੱਟੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਰਾਮਲੀਲ੍ਹਾ ਮੰਚਨ ਦੀ ਦੂਜੀ ਰਾਤ ਸਰਵਣ ਨੂੰ ਮਾਰਨ ਦੇ ਦ੍ਰਿਸ਼ ਦਿਖਾਏ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਦੁਸਹਿਰਾ ਮੈਦਾਨ ਵਿਖੇ ਸਰਵਹਿਤਕਾਰੀ ਸਭਾ ਸ੍ਰੀ ਰਾਮਲੀਲ੍ਹਾ ਕਮੇਟੀ ਵੱਲੋਂ ਰਾਮਲੀਲ੍ਹਾ ਦੇ ਮੰਚਨ ਦੀ ਦੂਜੀ ਰਾਤ ਦਾ ਉਦਘਾਟਨ ਮੁੱਖ ਮਹਿਮਾਨ ਦਮਨ ਜੈਨ ਤੇ ਕ੍ਰਿਸ਼ਨ ਲਾਲ ਸਚਦੇਵਾ ਨੇ ਸੰਯੁਕਤ ਰੂਪ ਵਿੱਚ ਕੀਤਾ। ਸਭਾ ਦੇ ਅਹੁਦੇਦਾਰਾਂ ਨੇ ਮੰਚਨ ਦੀ ਸ਼ੁਰੂਆਤ ਤੋਂ ਪਹਿਲਾਂ ਭਗਵਾਨ ਵਾਲਮੀਕਿ ਜੀ ਦੀ ਆਰਤੀ ਕੀਤੀ। ਰਾਤ ਦਿਖਾਏ ਗਏ ਦ੍ਰਿਸ਼ਾਂ ਵਿੱਚ ਰਾਜਾ ਦਸਰਥ ਵੱਲੋਂ ਸਰਵਣ ਨੂੰ ਮਾਰਨ ਤੇ ਸ੍ਰੀ ਰਾਮ ਤੇ ਮਾਤਾ ਸੀਤਾ ਦੇ ਜਨਮ ਲੈਣ ਦੇ ਦ੍ਰਿਸ਼ ਦਿਖਾਏ ਗਏ। ਸਭਾ ਦੇ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮੋਹਿਤ ਕੁੰਦਰਾ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਪ੍ਰਗਟਾਇਆ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡੀ. ਡੀ. ਵਰਮਾ, ਕ੍ਰਿਸ਼ਨ ਲਾਲ ਚੋਪੜਾ, ਜਿੰਮੀ ਜੈਨ, ਸੰਨੀ ਸੂਦ, ਰੋਜ਼ੀ ਮਹਿੰਦਰੂ, ਗੁਰਚਰਨ ਸਚਦੇਵਾ, ਪ੍ਰਦੀਪ ਜੈਨ, ਮਨੋਜ ਬਾਂਸਲ, ਵਿੱਕੀ ਕਪੂਰ, ਦੀਪਕ ਚੰਦੇਲ ਵੀ ਮੌਜੂਦ ਸਨ।

## ਔਰਤ ਵੱਲੋਂ ਰੇਲ ਗੱਡੀ ਹੇਠ ਆ ਕੇ ਖੁਦਕੁਸ਼ੀ



ਮਾਨਸਾ (ਗੀਤਵਾਲ)-ਇੱਕ ਔਰਤ ਵੱਲੋਂ ਰੇਲ ਗੱਡੀ ਹੇਠ ਆ ਕੇ ਖੁਦਕੁਸ਼ੀ ਕਰਨ ਦਾ ਦੁੱਖਦਾਈ ਸਮਾਚਾਰ ਹੈ। ਇਸ ਸਬੰਧੀ ਰੇਲਵੇ ਪੁਲਸ ਚੌਕੀ ਮਾਨਸਾ ਦੇ ਜਾਂਚ ਅਧਿਕਾਰੀ ਨਿਰਮਲ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮ੍ਰਿਤਕਾ ਸੀਮਾ ਰਾਣੀ (38) ਵਾਸੀ ਮਾਨਸਾ ਨੇ ਰੇਲਵੇ ਸਟੇਸ਼ਨ ਮਾਨਸਾ-ਸੱਦਾ ਸਿੰਘ ਵਾਲਾ ਦੇ ਦਰਮਿਆਨ ਇੱਕ ਸੁਪਰ ਫਾਸਟ ਟਰੇਨ ਹੇਠਾ ਆ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਦੇ ਲੜਕੇ ਨਾਕੁਲ ਦੇ ਬਿਆਨਾਂ 'ਤੇ ਪੁਲਸ ਵੱਲੋਂ 194 ਬੀ ਐੱਨ ਐੱਸ ਐੱਸ ਦੀ ਕਾਰਵਾਈ ਅਮਲ ਵਿੱਚ ਲਿਆ ਕੇ ਪੋਸਟਮਾਟਰਮ ਕਰਵਾ ਕੇ ਲਾਸ਼ ਵਾਰਸਾਂ ਦੇ ਹਵਾਲੇ ਕੀਤੀ ਗਈ ਹੈ। ਮ੍ਰਿਤਕਾ ਦੇ ਵਾਰਸਾਂ ਨੇ ਦੱਸਿਆ ਕਿ ਮ੍ਰਿਤਕਾ ਆਪਣੇ ਪਤੀ ਦੀ ਮੌਤ ਤੋਂ ਬਾਅਦ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦੀ ਸੀ। ਇਸੇ ਪ੍ਰੇਸ਼ਾਨੀ ਦੇ ਚਲਦਿਆਂ ਉਸ ਨੇ ਇਹ ਕਦਮ ਚੁੱਕ ਲਿਆ। ਮ੍ਰਿਤਕਾ ਆਪਣੇ ਪਿੱਛੇ ਦੋ ਲੜਕੇ ਤੇ ਇੱਕ ਲੜਕੀ ਛੱਡ ਗਈ ਹੈ।

# ਕੰਪਿਊਟਰ ਅਧਿਆਪਕਾਂ ਵੱਲੋਂ ਪਿੰਡਾਂ 'ਚ ਵਿਸ਼ਾਲ ਰੋਸ ਰੈਲੀ

■ ਪਿੰਡਾਂ ਦੇ ਲੋਕਾਂ ਵੱਲੋਂ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਦਾ ਸਮਰਥਨ



ਧੂਰੀ (ਸੁਖਦੇਵ ਧੂਰੀ)-ਜਿੱਥੇ ਇੱਕ ਪਾਸੇ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਕੰਪਿਊਟਰ ਅਧਿਆਪਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਗਰੂਰ ਵਿਖੇ ਬੀਤੀ 1 ਸਤੰਬਰ ਤੋਂ ਲਗਾਤਾਰ ਭੁੱਖ ਹੜਤਾਲ ਕੀਤੀ ਜਾ ਰਹੀ ਹੈ, ਉਥੇ ਦੂਜੇ ਪਾਸੇ ਪੰਜਾਬ ਭਰ ਵਿੱਚ ਲਗਾਤਾਰ ਸੰਘਰਸ਼ੀ ਐਕਸ਼ਨ ਵੀ ਉਲੀਕੇ ਜਾ ਰਹੇ ਹਨ।ਇਸੇ ਲੜੀ ਅਧੀਨ ਸੂਬੇ ਭਰ ਤੋਂ ਕੰਪਿਊਟਰ ਅਧਿਆਪਕਾਂ ਵੱਲੋਂ 'ਕੰਪਿਊਟਰ ਅਧਿਆਪਕ ਭੁੱਖ ਹੜਤਾਲ ਸੰਘਰਸ਼ ਕਮੇਟੀ ਪੰਜਾਬ' ਦੇ ਬੈਨਰ ਹੇਠ ਧੂਰੀ ਵਿਖੇ ਇਕੱਤਰ ਹੁੰਦੇ ਹੋਏ ਸਭ ਤੋਂ ਪਹਿਲਾਂ ਮੁੱਖ ਮੰਤਰੀ ਦੇ ਦਫਤਰ ਅੱਗੇ ਜੰਮ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮਗਰੋਂ ਉਨ੍ਹਾਂ ਵੱਲੋਂ ਇੱਕ ਵੱਡੇ ਕਾਫਲੇ ਦੇ ਰੂਪ ਵਿੱਚ ਧੂਰੀ ਹਲਕੇ ਦੇ ਲਗਭਗ 2 ਦਰਜਨ ਤੋਂ ਵੱਧ ਪਿੰਡਾਂ ਵਿੱਚ ਰੋਸ ਰੈਲੀ ਕੀਤੀ ਗਈ।ਇਸ ਦੌਰਾਨ ਕੰਪਿਊਟਰ ਅਧਿਆਪਕਾਂ ਵੱਲੋਂ ਪਿੰਡਾਂ ਦੀਆਂ ਸੱਥਾਂ ਵਿੱਚ ਪਹੁੰਚ ਕੇ ਪਹਿਲਾਂ ਤਾਂ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮਗਰੋਂ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਨਾਲ ਹੋ ਰਹੀ ਧੱਕੇਸ਼ਾਹੀ ਬਾਰੇ ਦੱਸਿਆ। ਕੰਪਿਊਟਰ ਅਧਿਆਪਕਾਂ ਨੇ ਉਨ੍ਹਾਂ ਦੇ ਸਾਥੀ, ਜਿਨ੍ਹਾਂ ਦੀ ਪਿਛਲੇ ਸਮੇਂ ਦੌਰਾਨ ਮੌਤ ਹੋ ਚੁੱਕੀ ਹੈ, ਦੇ ਰੁਲ਼ ਰਹੇ ਪਰਵਾਰਾਂ ਦਾ ਦਰਦ ਬਿਆਨ ਕਰਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ, ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਦੀ ਹਾਲਤ ਬਾਰੇ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਸਿੱਖਿਆ ਮੰਤਰੀ ਹਰਜੀਤ ਸਿੰਘ ਬੈਂਸ ਵੱਲੋਂ ਪਿਛਲੇ ਢਾਈ ਸਾਲਾਂ ਤੋਂ ਉਨ੍ਹਾਂ ਨੂੰ ਲਾਰੇ ਹੀ ਲਗਾਏ ਜਾ ਰਹੇ ਹਨ।15 ਸਤੰਬਰ 2022 ਨੂੰ ਉਨ੍ਹਾਂ ਵੱਲੋਂ ਦਿਵਾਲੀ ਮੌਕੇ ਕੰਪਿਊਟਰ ਅਧਿਆਪਕਾਂ ਦੀਆਂ ਸਾਰੀਆਂ ਮੰਗਾਂ ਨੂੰ ਪੂਰਾ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਉਹ ਐਲਾਨ ਕੋਰਾ ਝੂਠ ਸਾਬਿਤ ਹੋਇਆ ਹੈ।ਇਸ ਰੈਲੀ ਦੌਰਾਨ ਕੰਪਿਊਟਰ ਅਧਿਆਪਕਾਂ ਵੱਲੋਂ ਬੇਨੜਾ, ਲੱਡਾ, ਪੇਧਨੀ, ਪੁੰਨਾਵਾਲ, ਹਸਨਪੁਰ, ਬੁਗਰਾ, ਰਣੀਕੇ ਤੇ ਹੋਰ ਧੂਰੀ ਹਲਕੇ ਦੇ 2 ਦਰਜਨ ਤੋਂ ਵੱਧ ਪਿੰਡਾਂ ਵਿੱਚ ਵੱਖ ਵੱਖ ਟੀਮਾਂ ਬਣਾ ਕੇ ਇਹ ਰੋਸ ਰੈਲੀ ਕੀਤੀ ਗਈ।ਇਸ ਮੌਕੇ ਕੰਪਿਊਟਰ ਅਧਿਆਪਕਾਂ ਵੱਲੋਂ ਉਨ੍ਹਾਂ ਦੀ ਹੱਡਬੀਤੀ ਬਿਆਨ ਕਰਦੇ ਪੰਫਲੇਟ ਵੀ ਵੰਡੇ ਗਏ ਅਤੇ ਜਨਤਕ ਥਾਵਾਂ 'ਤੇ ਚਸਪਾ ਕੀਤੇ ਗਏ।ਇਸ ਮੌਕੇ ਵੱਖ ਵੱਖ ਪਿੰਡਾਂ ਦੇ ਲੋਕਾਂ ਨੇ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਦਾ ਸਮਰਥਨ ਕਰਦੇ ਹੋਏ ਉਨ੍ਹਾਂ ਦੇ ਸੰਘਰਸ਼ ਵਿੱਚ ਸਾਥ ਦੇਣ ਦਾ ਐਲਾਨ ਕੀਤਾ ਤੇ ਮੁੱਖ ਮੰਤਰੀ ਨੂੰ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਬਿਨਾਂ ਸ਼ਰਤ ਤੇ ਬਿਨਾਂ ਦੇਰੀ ਪੂਰਾ ਕਰਨ ਦੀ ਅਪੀਲ ਕੀਤੀ।ਇਸ ਮੌਕੇ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਦੇ ਸੂਬਾ ਆਗੂ ਪ੍ਰਦੀਪ ਮਲੂਕਾ, ਗੁਰਬਖਸ਼ ਲਾਲ, ਰਣਜੀਤ ਸਿੰਘ, ਬਲਜੀਤ ਸਿੰਘ, ਨਾਇਬ ਸਿੰਘ ਬੁੱਕਣਵਾਲ, ਨਵਜੋਤ ਸਿੰਘ, ਜਸਵਿੰਦਰ ਸਿੰਘ, ਰੰਜਨ ਭਨੋਟ, ਹਰਜਿੰਦਰ ਸਿੰਘ, ਹਰਪ੍ਰੀਤ ਸਾਹਨੇਵਾਲ, ਗੁਰਪ੍ਰੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਕੰਪਿਊਟਰ ਅਧਿਆਪਕ ਹਾਜ਼ਰ ਸਨ।

## ਇੱਕ ਮਹੀਨੇ ਤੋਂ ਬੰਦ ਪਈਆਂ ਟ੍ਰੈਫ਼ਿਕ ਲਾਈਟਾਂ ਲੋਕਾਂ ਲਈ ਬਣੀਆਂ ਸਿਰਦਰਦੀ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਅਸਟੇਟ ਦੇ ਫੇਜ਼-3 ਦੇ ਨਜ਼ਦੀਕ ਪਟਿਆਲਾ-ਚੰਡੀਗੜ੍ਹ ਹਾਈਵੇ 'ਤੇ ਲੱਗੀਆਂ ਟ੍ਰੈਫ਼ਿਕ ਲਾਈਟਾਂ ਪਿਛਲੇ ਇੱਕ ਮਹੀਨੇ ਤੋਂ ਬੰਦ ਪਈਆਂ ਹਨ।ਇਨ੍ਹਾਂ ਬੰਦ ਪਈਆਂ ਲਾਈਟਾਂ ਨੂੰ ਚਾਲੂ ਕਰਾਉਣ ਲਈ ਨਾ ਤਾਂ ਟ੍ਰੈਫ਼ਿਕ ਪੁਲਸ ਦਾ ਧਿਆਨ ਜਾ ਰਿਹਾ ਹੈ ਤੇ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਲਾਈਟਾਂ ਨੂੰ ਚਾਲੂ ਕਰਾਉਣ ਲਈ ਕੋਈ ਤਵੱਜੋ ਨਹੀਂ ਦੇ ਰਿਹਾ ਹੈ, ਜਿਸ ਕਾਰਨ ਦਿਨ ਪ੍ਰਤੀ ਦਿਨ ਇਸ ਸੜਕ 'ਤੇ ਹੋ ਰਹੇ ਐਕਸੀਡੈਂਟਾਂ ਕਾਰਨ ਲੋਕਾਂ ਲਈ ਸਿਰਦਰਦੀ ਬਣੇ ਹੋਏ ਹਨ। ਪਟਿਆਲਾ-ਚੰਡੀਗੜ੍ਹ ਨੂੰ ਆਉਣ-ਜਾਣ ਲਈ ਨਿੱਤ ਸੈਂਕੜੇ ਬੱਸਾਂ, ਕਾਰਾਂ ਤੇ ਹੋਰ ਹੈਵੀ ਵਹੀਕਲ ਇਸ ਸੜਕ ਤੋਂ ਗੁਜ਼ਰਦੇ ਹਨ।ਅਰਬਨ ਅਸਟੇਟ ਫੇਜ਼-3 ਦੇ ਨਜ਼ਦੀਕ ਪੈਂਦੇ ਚਰਸਤੇ 'ਤੇ ਇਹ ਟ੍ਰੈਫ਼ਿਕ ਲਾਈਟਾਂ ਪਿਛਲੇ ਇੱਕ ਮਹੀਨੇ ਤੋਂ ਬੰਦ ਪਈਆਂ ਹਨ, ਜਿਸ ਕਾਰਨ ਸੜਕ 'ਤੇ ਰੋਜ਼ਾਨਾ ਘੰਟਿਆਂਬੱਧੀ ਜਾਮ ਲੱਗੇ ਰਹਿੰਦੇ ਹਨ ਤੇ ਅਰਬਨ ਅਸਟੇਟ ਫ਼ੇਜ਼-1 ਸਲਾਰੀਆ ਵਿਹਾਰ ਤੇ ਫੇਜ਼-3 ਨੂੰ ਜਾਣ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਚੁਰੱਸਤੇ 'ਤੇ ਆਵਾਜਾਈ ਨੂੰ ਨਿਰਵਿਘਨ ਜਾਰੀ ਰੱਖਣ ਲਈ ਨਾ ਤਾਂ ਟ੍ਰੈਫ਼ਿਕ ਪੁਲਿਸ ਦਾ ਕੋਈ ਅਧਿਕਾਰੀ/ਕ੍ਰਮਚਾਰੀ ਇਸ ਥਾਂ ਤੇ ਤੈਨਾਤ ਕੀਤਾ ਗਿਆ ਹੈ ਤੇ ਨਾ ਹੀ ਇਨ੍ਹਾਂ ਬੰਦ ਪਈਆਂ ਲਾਈਟਾਂ ਨੂੰ ਪ੍ਰਸ਼ਾਸਨ ਚਾਲੂ ਕਰਾ ਰਿਹਾ ਹੈ।ਅਰਬਨ ਅਸਟੇਟ ਰੈਜ਼ੀਡੈਂਸ ਵੈਲਫੇਅਰ ਐਸੋਸੀਏਸ਼ਨ ਫੇਜ਼-3 ਦੇ ਪ੍ਰਧਾਨ ਮਨਜੀਤ ਸਿੰਘ ਸ਼ਾਹੀ ਤੋਂ ਇਲਾਵਾ ਵਿੱਤ ਸਕੱਤਰ ਨਵਦੀਪ ਸਿੰਘ ਛੀਨਾ, ਐਡਵੋਕੇਟ ਕੁਲਵੰਤ ਸਿੰਘ, ਐਡਵੋਕੇਟ ਹਰਜਿੰਦਰ ਸਿੰਘ, ਰਾਜਿੰਦਰ ਸਿੰਘ ਥਿੰਦ, ਨਛੱਤਰ ਸਿੰਘ ਸਫ਼ੇੜਾ, ਸਤਨਾਮ ਪਟਵਾਰੀ, ਕਰਨਲ ਜਸਵੀਰ ਸਿੰਘ ਗਿੱਲ, ਕਾਮਰੇਡ ਤਰਸੇਮ ਸਿੰਘ ਬਰੇਟਾ ਸੁਪਰਡੰਟ (ਰਿਟ.), ਚੌਧਰੀ ਕੁਲਦੀਪ ਨੇ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇ ਅਥਾਰਟੀ ਤੋਂ ਇਹ ਬੰਦ ਪਈਆਂ ਟ੍ਰੈਫ਼ਿਕ ਲਾਈਟਾਂ ਨੂੰ ਪਹਿਲ ਦੇ ਅਧਾਰ 'ਤੇ ਚਾਲੂ ਕਰਾਉਣ ਦੀ ਜ਼ੋਰਦਾਰ ਮੰਗ ਕਰਦੇ ਕਿਹਾ ਹੈ ਕਿ ਜੇਕਰ ਇੱਕ-ਦੋ ਦਿਨ ਵਿੱਚ ਪ੍ਰਸ਼ਾਸਨ ਇਨ੍ਹਾਂ ਬੰਦ ਪਈਆਂ ਲਾਈਟਾਂ ਨੂੰ ਚਾਲੂ ਨਹੀਂ ਕਰਾਉਂਦਾ ਤਾਂ ਉਹ ਮੁੱਖ ਸੜਕ 'ਤੇ ਧਰਨਾ ਲਾਉਣਗੇ।

## ਰਾਮ ਚੰਦਰ ਦੇ ਆਦਰਸ਼ਾਂ ਨੂੰ ਆਪਣੇ ਜੀਵਨ 'ਚ ਢਾਲਣਾ ਚਾਹੀਦਾ : ਜੌੜਾਮਾਜਰਾ



ਸਮਾਣਾ (ਇਕਬਾਲ ਸਿੰਘ ਬੱਲ)-ਸ੍ਰੀ ਦੁਰਗਾ ਦਲ ਸੇਵਾ ਸੰਮਤੀ ਮੰਦਰ ਰਾਮਲੀਲ੍ਹਾ ਤੇ ਧਰਮਸ਼ਾਲਾ 'ਚ ਸ੍ਰੀ ਦੁਰਗਾ ਰਾਮਾ ਡ੍ਰਾਮਾਟਿਕ ਕਲੱਬ ਵੱਲੋਂ ਵੇਦ ਪ੍ਰਕਾਸ਼ ਕਾਂਸਲ ਦੀ ਸਰਪ੍ਰਸਤੀ, ਡਾਇਰੈਕਟਰ ਰਿੰਕੂ ਚੋਪੜਾ, ਸੈਕਟਰੀ ਰਮਨ ਮਹਿੰਦਰਾ ਦੀ ਦੇਖ-ਰੇਖ ਵਿੱਚ ਆਰੰਭ ਹੋਈ।ਰਾਮਲੀਲ੍ਹਾ ਦੇ ਪਹਿਲੇ ਦਿਨ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਜੋਤੀ ਪ੍ਰਚੰਡ ਕਰਕੇ ਕੀਤਾ ਗਿਆ ਅਤੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸ੍ਰੀ ਰਾਮਲੀਲ੍ਹਾ ਪੂਰੇ ਧਿਆਨ ਨਾਲ ਦੇਖਣੀ ਚਾਹੀਦੀ ਹੈ ਤੇ ਭਗਵਾਨ ਸ੍ਰੀ ਰਾਮ ਚੰਦਰ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਢਾਲਣਾ ਚਾਹੀਦਾ ਹੈ।ਇਸ ਮੌਕੇ ਉਨ੍ਹਾਂ ਨਾਲ ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਰੋਟਰੀ ਕਲੱਬ ਸੈਂਟਰਲ ਦੇ ਪ੍ਰਧਾਨ ਪ੍ਰਦੀਪ ਗੋਇਲ (ਮਿੰਕਾ), ਆਪ ਪਾਰਟੀ ਦੀ ਬਲਾਕ ਪ੍ਰਧਾਨ ਸੁਨੈਨਾ ਮਿੱਤਲ ਮੌਜੂਦ ਸਨ।ਰਾਮਲੀਲ੍ਹਾ ਦਾ ਮੰਚਨ ਸੀਤਾ ਸੰਵਬਰ ਤੇ ਲਕਸ਼ਮਣ-ਪਰਸੂ ਰਾਮ ਸੰਵਾਦ ਨੂੰ ਕਲੱਬ ਦੇ ਕਲਾਕਾਰਾਂ ਵੱਲੋਂ ਬਹੁਤ ਹੀ ਚੰਗੇ ਢੰਗ ਨਾਲ ਪੇਸ਼ ਕੀਤਾ ਗਿਆ।

ਇਸ ਮੌਕੇ ਅਗਰਵਾਲ ਧਰਮਸ਼ਾਲਾ ਕਮੇਟੀ ਦੇ ਮੈਂਬਰ ਅਕੂੰਸ਼ ਗੋਇਲ, ਰਮਨ ਗੁਪਤਾ, ਰਵੀ ਗਰਗ ਟੀਮਾ, ਨਰਿੰਦਰ ਪੰਮੀ, ਹੁਸਨ ਲਾਲ ਗਰਗ, ਪੰਕਜ ਗਰਗ, ਵਿਸ਼ਾਲ ਗਰਗ, ਭੂਸ਼ਨ ਮਿੱਤਲ, ਰਿਸ਼ੂ ਸਿੰਗਲਾ ਕਰਹਾਲੀ, ਕ੍ਰਿਸ਼ਨ ਗੋਇਲ ਆਦਿ ਤੋਂ ਇਲਾਵਾ ਪਵਨ ਸ਼ਾਸਤਰੀ, ਵਿਜੈ ਗਰਗ, ਰਮੇਸ਼ ਅਨੇਜਾ, ਹਰਜਿੰਦਰ ਜਵੰਦਾ, ਸਟੇਜ ਸੈਕਟਰੀ ਮਾਸਟਰ ਸਤਿੰਦਰ ਲਾਲ, ਰਜਿੰਦਰ ਫਤਿਹਪੁਰ, ਪ੍ਰਦੀਪ ਸ਼ਰਮਾ, ਹੈਪੀ ਸ਼ਰਮਾ, ਪ੍ਰਵੀਨ ਗਰਗ ਟਿੱਟੂ, ਨੀਟਾ ਸ਼ਰਮਾ, ਸੋਮਨਾਥ ਸੱਗੂ, ਮਨਜੀਤ ਸਿੰਘ ਜੇ ਈ, ਸੁਨੀਲ ਸਿੰਗਲਾ, ਦੇਸ ਰਾਜ ਕੋਚ, ਸੰਜੇ ਬਾਂਸਲ, ਸੁਰਿੰਦਰ ਸ਼ਰਮਾ, ਇੰਦਰਜੀਤ ਸੱਗੂ, ਤੀਰਥ ਮੇਨਕਾ, ਰਿੰਪੀ ਮੇਨਕਾ, ਮੋਹਨ ਲਾਲ ਅਨੇਜਾ, ਪਰਮਜੀਤ ਪੰਮਾ, ਮਨੂੰ ਸ਼ਰਮਾ, ਮਨੋਜ ਚੋਪੜਾ, ਮੋਹਿਤ ਸੇਠੀ, ਰਮਨਦੀਪ ਸੱਗੂ, ਲਵਪ੍ਰੀਤ ਕੌਰ, ਸਚਿਨ ਮਹਿਰਾ, ਸੋਮਨਾਥ ਸੋਮੀ, ਇੰਦੂ ਰਾਣੀ, ਗਗੱਲੀ ਵਿਰਕ, ਅਦਿਤਯ ਜੈਨ, ਪ੍ਰਦੀਪ ਸੇਠੀ, ਹਨੀ ਕੁਮਾਰ, ਅਨੁਭਵ ਮਨੀ ਸ਼ਰਮਾ, ਸਾਹਿਲ ਭਟਨਾਗਰ ਮਨੋਜ ਕੁਮਾਰ, ਰਵਿੰਦਰ ਕਾਂਸਲ, ਮੰਗਤ ਸ਼ਰਮਾ ਆਦਿ ਮੌਜੂਦ ਰਹੇ।

## ਠੇਕਾ ਮੁਲਾਜ਼ਮ 11 ਨੂੰ ਕਰਨਗੇ ਅਰਥੀ ਫੂਕ ਪ੍ਰਦਰਸ਼ਨ : ਵਰਿੰਦਰ ਮੋਮੀ

■ 25 ਨੂੰ ਸੰਗਰੂਰ 'ਚ ਸੂਬਾ ਪੱਧਰੀ ਧਰਨਾ ਦੇਣ ਦਾ ਐਲਾਨ



ਜਲਾਲਾਬਾਦ (ਜੀਤ ਕੁਮਾਰ)-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਇਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ 'ਚ ਸਾਲਾਂਬੱਧੀ ਸਮੇਂ ਤੋਂ ਇੱਕ ਵਰਕਰ ਦੇ ਰੂਪ ਵਿੱਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ ਵਿੱਚ ਮਰਜ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰਪੋਜਲ ਨੂੰ ਲਾਗੂ ਕਰਨਾ ਅਤੇ ਜਦੋਂ ਤੱਕ ਇਹ ਮੰਗ ਪੂਰੀ ਨਹੀਂ ਕੀਤੀ ਜਾਂਦੀ, ਉਸ ਸਮੇਂ ਤੱਕ ਵੱਧਦੀ ਮਹਿੰਗਾਈ ਨੂੰ ਮੁੱਖ ਰੱਖ ਕੇ ਕਿਰਤ ਕਾਨੂੰਨ ਮੁਤਾਬਿਕ ਵਧੀਆ ਉਜਰਤਾਂ ਵਿੱਚ ਵਾਧਾ ਕਰਨਾ, ਈ.ਪੀ.ਐੱਫ., ਈ.ਐੱਸ.ਆਈ. ਤੇ 8.33 ਪ੍ਰਤੀਸ਼ਤ ਬੋਨਸ ਲਾਗੂ ਕਰਨਾ, ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਲੋਕ ਨੀਤੀਆਂ ਨੂੰ ਰੱਦ ਕਰਨਾ ਸਮੇਤ ਮੰਗ-ਪੱਤਰ ਵਿੱਚ ਦਰਜ ਤਮਾਮ ਮੰਗਾਂ ਦਾ ਹੱਲ ਕੀਤਾ ਜਾਵੇ। ਜੇਕਰ 22 ਅਕਤੂਬਰ 2024 ਨੂੰ ਕੈਬਨਿਟ ਸਬ ਕਮੇਟੀ ਦੇ ਮੰਤਰੀਆਂ ਤੇ ਵਿਭਾਗੀ ਅਧਿਕਾਰੀਆਂ ਨਾਲ ਹੋਣ ਵਾਲੀ ਪੈਨਲ ਮੀਟਿੰਗ ਵਿੱਚ ਯੂਨੀਅਨ ਦੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਜਾਂਦਾ ਜਾਂ ਇਸ 'ਪੈਨਲ-ਮੀਟਿੰਗ' ਨੂੰ ਰੱਦ ਕੀਤਾ ਜਾਂਦਾ ਹੈ ਤਾਂ ਯੂਨੀਅਨ ਵੱਲੋਂ ਮਜਬੂਰ ਹੋ ਕੇ ਪੰਜਾਬ ਸਰਕਾਰ ਤੇ ਵਿਭਾਗੀ ਮੈਨੇਜਮੈਂਟ ਦੇ ਵਿਰੁੱਧ 25 ਅਕਤੂਬਰ 2024 ਨੂੰ ਸੰਗਰੂਰ ਵਿਖੇ ਜਲ ਸਪਲਾਈ ਵਰਕਰਾਂ ਵੱਲੋਂ ਆਪਣੇ ਪਰਵਾਰਾਂ ਤੇ ਬੱਚਿਆਂ ਸਮੇਤ ਪੁਰ ਅਮਨ ਢੰਗ ਨਾਲ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ। ਜਦੋਂਕਿ ਦੁਸਹਿਰੇ ਦੇ ਇੱਕ ਦਿਨ ਪਹਿਲਾਂ 11 ਅਕਤੂਬਰ ਨੂੰ ਸਾਰੇ ਪੰਜਾਬ ਵਿੱਚ ਜ਼ਿਲ੍ਹਾ ਤੇ ਬ੍ਰਾਂਚ ਪੱਧਰ 'ਤੇ ਪੰਜਾਬ ਸਰਕਾਰ ਖਿਲਾਫ ਅਰਥੀ ਫੂਕ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੀਆਂ ਤਿਆਰੀਆਂ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਆਗੂ ਹਾਕਮ ਸਿੰਘ ਧਨੇਠਾ, ਭੁਪਿੰਦਰ ਸਿੰਘ ਕੁਤਬੇਵਾਲ, ਰੁਪਿੰਦਰ ਸਿੰਘ, ਪ੍ਰਦੁਮਣ ਸਿੰਘ, ਜਗਰੂਪ ਸਿੰਘ, ਉਂਕਾਰ ਸਿੰਘ, ਗੁਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਤਰਜਿੰਦਰ ਸਿੰਘ, ਜਸਵੀਰ ਸਿੰਘ, ਬਲਜੀਤ ਸਿੰਘ ਭੱਟੀ, ਸੁਰਿੰਦਰ ਸਿੰਘ ਆਦਿ ਮੌਜੂਦ ਸਨ।

# ਕਾਂਗੜ ਦੀ ਅਗਵਾਈ 'ਚ ਰਾਜਗੜ੍ਹ ਦੇ ਕਈ ਪਰਵਾਰ ਕਾਂਗਰਸ 'ਚ ਸ਼ਾਮਲ



ਬਠਿੰਡਾ (ਰਾਜੀਵ ਗੋਇਲ)

ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਸਤਾਏ ਲੋਕ ਹੁਣ ਪੁਰਾਣਾ ਵੇਲਾ ਯਾਦ ਕਰਦੇ ਹੋਏ ਕਾਂਗਰਸ ਨੂੰ ਤਰਜੀਹ ਦਿੰਦੇ ਨਜ਼ਰ ਆ ਰਹੇ ਹਨ, ਜਿਸ ਦੇ ਤਹਿਤ ਭਗਤਾ ਭਾਈ ਕਾ ਦੇ ਨੇੜਲੇ ਪਿੰਡ ਰਾਜਗੜ੍ਹ ਦੇ ਕਈ ਦਰਜਨ ਪਰਵਾਰ ਬੀਤੀ ਸ਼ਾਮ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਦੀ ਅਗਵਾਈ ਹੇਠ ਕਾਂਗਰਸ ਵਿੱਚ ਸ਼ਾਮਲ ਹੋ ਗਏ। ਸ਼ਾਮਲ ਹੋਣ ਵਾਲੇ ਲੋਕਾਂ 'ਚ ਸ਼ਾਮਲ ਇੱਕ ਔਰਤ ਦਾ ਕਹਿਣਾ ਸੀ ਕਿ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦੀ ਗੱਲ ਕਰਨ ਵਾਲੀ ਝਾੜੂ ਸਰਕਾਰ ਦੇ ਦਾਅਵੇ ਖੋਖਲੇ ਸਾਬਿਤ ਹੋਏ ਹਨ ਤੇ ਇਸ ਵਕਤ ਪਿੰਡਾਂ ਅੰਦਰ ਖੰਡ ਘੱਟ ਤੇ ਚਿੱਟਾ ਵੱਧ ਮਿਲਦਾ ਹੈ। ਉਧਰ ਦੂਜੇ ਪਾਸੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਦੀ ਵਧਦੀ ਲੋਕਪ੍ਰਿਅਤਾ ਤੇ 2027 ਦਾ ਸਮਾਂ ਕਾਂਗਰਸ ਦਾ ਆਉਂਦਾ ਦੇਖ ਟਕਸਾਲੀ ਅਕਾਲੀ ਆਗੂ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਪੱਬਾਂ ਭਾਰ ਹੋ ਰਹੇ ਹਨ। ਤਤਕਾਲੀ ਕਾਂਗਰਸ ਦੀ ਸਰਕਾਰ ਸਮੇਂ ਲੋਕਾਂ ਨੂੰ ਫਸਲਾਂ ਲਈ ਵਾਧੂ ਕੀਤੇ ਪਾਣੀ, ਬਿਜਲੀ ਦੀ ਘਾਟ ਨੂੰ ਪੂਰਾ ਕਰਨਾ ਤੇ ਭਗਤਾ ਭਾਈ ਕਾ ਵਿਖੇ ਬਿਜਲੀ ਬੋਰਡ ਦਫਤਰ ਵਿਖੇ ਬਣਾਏ ਗਏ ਸਟੋਰ ਵਰਗੇ ਕੀਤੇ ਕੰਮ ਅੱਜ ਵੀ ਲੋਕਾਂ ਦੀ ਜ਼ੁਬਾਨੀ ਬੋਲ ਰਹੇ ਹਨ। ਜੇਕਰ ਗੱਲ ਕਾਂਗਰਸ ਦੇ ਸਮੇਂ ਤੋਂ ਪਹਿਲਾਂ ਦੀ ਕੀਤੀ ਜਾਵੇ ਤਾਂ ਆਮ ਲੋਕਾਂ ਨੂੰ ਜੇਕਰ ਕੋਈ ਬਿਜਲੀ ਟ੍ਰਾਂਸਫਾਰਮਰ ਸੜ ਜਾਂਦਾ ਸੀ ਤਾਂ ਬਠਿੰਡੇ ਤੱਕ ਜਾਣਾ ਪੈਂਦਾ ਸੀ, ਪਰ ਹੁਣ ਇਹੀ ਸਟੋਰ ਭਗਤਾ ਭਾਈਕਾ ਵਿਖੇ ਖੋਲ੍ਹੇ ਜਾਣ ਕਾਰਨ ਆਮ ਲੋਕਾਂ ਦੀ ਖੱਜਲ ਖੁਆਰੀ ਘੱਟ ਗਈ ਹੈ, ਜਿਸ ਕਾਰਨ ਲੋਕ ਕਾਂਗੜ ਨੂੰ ਮੁੜ ਯਾਦ ਕਰਦੇ ਨਜ਼ਰ ਆ ਰਹੇ ਹਨ। ਸੂਬੇ ਅੰਦਰ ਪੰਚਾਇਤੀ ਚੋਣਾਂ ਦੇ ਕੀਤੇ ਐਲਾਨ ਤੋਂ ਬਾਅਦ ਸੱਤਰ ਸਾਲਾਂ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਉਮੀਦਵਾਰਾਂ ਨੂੰ ਕਾਗਜ਼ ਭਰਨ ਲਈ ਤੜਕੇ ਤਿੰਨ ਵਜੇ ਭਗਤਾ ਭਾਈ ਕਾ ਦੀਆਂ ਕਚਹਿਰੀਆਂ ਮੱਲਣ ਲਈ ਮਜਬੂਰ ਹੋਣਾ ਪਿਆ ਹੋਵੇ। ਕਚਹਿਰੀ ਵਿੱਚ ਬਹੁਤੇ ਆਮ ਆਦਮੀ ਪਾਰਟੀ ਦੇ ਆਗੂ ਤਾਂ ਚੋਰੀ ਛੁਪੇ ਇਹ ਵੀ ਕਹਿੰਦੇ ਨਜ਼ਰ ਆਏ ਕਿ ਇਸ ਤੋਂ ਤਾਂ ਕਾਂਗਰਸੀ ਹੀ ਚੰਗੇ ਸੀ, ਜਿਨ੍ਹਾਂ ਦੀ ਸਰਕਾਰ ਅੰਦਰ ਕਾਗਜ਼ ਭਰਨ ਵਿੱਚ ਤਾਂ ਕੋਈ ਦਿੱਕਤ ਨਹੀਂ ਸੀ ਆਉਂਦੀ। ਕੁਝ ਵੀ ਹੋਵੇ, ਇਨ੍ਹੀਂ ਦਿਨੀਂ ਸਾਬਕਾ ਵਜ਼ੀਰ ਕੋਲ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ ਹੈ ਅਤੇ ਥੋੜ੍ਹੇ ਹੀ ਸਮੇਂ ਵਿੱਚ ਅਕਾਲੀ ਦਲ ਦੇ ਮੁੱਢ ਕਹਾਉਣ ਵਾਲੇ ਕੁਝ ਆਗੂ ਕਾਂਗੜ ਦੀ ਅਗਵਾਈ ਵਿੱਚ ਕਾਂਗਰਸ 'ਚ ਸ਼ਾਮਲ ਹੋਣ ਦੀ ਕਨਸੋਅ ਵੀ ਕੰਨੀ ਪਈ ਹੈ।

## ਜੈ ਭੋਲੇ ਡਾਕ ਕਾਂਵਟ ਸੰਘ ਵੱਲੋਂ ਖੀਰ ਦਾ ਲੰਗਰ



ਜੈਤੋ (ਸਤੀਸ਼ ਕੁਮਾਰ ਭੀਰੀ)

ਸਮਾਜਸੇਵੀ ਕੰਮਾਂ ਵਿੱਚ ਮੋਹਰੀ ਇਲਾਕੇ ਦੀ ਨਾਮਵਰ ਸੰਸਥਾ ਜੈ ਭੋਲੇ ਡਾਕ ਕਾਂਵਟ ਸੰਘ ਵੱਲੋਂ ਪਾਵਨ ਨਵਰਾਤਰੀ ਦੇ ਪਹਿਲੇ ਦਿਨ ਭਗਵਾਨ ਸ੍ਰੀ ਅਗਰਸੈਨ ਮਹਾਰਾਜ ਦੀ ਸ਼ੁਭ ਜਯੰਤੀ ਮੌਕੇ ਸ਼ਹਿਰ ਦੇ ਸਥਾਨਕ ਰਾਮਲੀਲ੍ਹਾ ਗਰਾਊਂਡ ਵਿਖੇ ਧੂਮਧਾਮ ਨਾਲ ਦੀਪਮਾਲਾ ਕੀਤੀ ਗਈ ਅਤੇ ਇਸ ਦੇ ਨਾਲ ਹੀ ਰਾਮਲੀਲ੍ਹਾ ਦਾ ਆਨੰਦ ਮਾਣ ਰਹੀ ਤਮਾਮ ਜਨਤਾ ਵਿੱਚ ਖੀਰ ਦਾ ਲੰਗਰ ਵਰਤਾਇਆ ਗਿਆ।ਦੱਸਣਯੋਗ ਹੈ ਕਿ ਜੈ ਭੋਲੇ ਡਾਕ ਕਾਂਵਟ ਸੰਘ ਵੱਲੋਂ ਹਰ ਸਾਲ ਹੀ ਸ੍ਰੀ ਰਾਮਲੀਲ੍ਹਾ ਦੇਖਣ ਲਈ ਆਉਣ ਵਾਲੇ ਹਰ ਵੱਡੇ ਛੋਟੇ ਲਈ ਪਾਣੀ ਦੀ ਸੇਵਾ ਕੀਤੀ ਜਾਂਦੀ ਹੈ।ਇਸ ਮੌਕੇ ਸੰਸਥਾ ਦੇ ਪ੍ਰਧਾਨ ਰਿੰਕੂ ਬਿੰਦਲ, ਸ਼ਿਲਪ ਮਿੱਤਲ, ਕਰਨ ਬਾਂਸਲ, ਅਸ਼ੋਕ ਗੋਇਲ, ਪਵਨ ਗਰਗ, ਧੀਰਜ ਗਰਗ, ਪ੍ਰਦੀਪ, ਲੋਹਿਤ, ਬਿੱਲੂ ਚਾਚਾ, ਲੱਕੀ ਮਿੱਤਲ, ਚਰਨਜੀਤ ਸਿੰਘ ਚੰਨੀ, ਪਵਨ ਮਹਾਂਵੀਰ, ਕੁੱਕੜ, ਨੀਰਜ, ਕਮਲ ਗੁਪਤਾ, ਟੀਨੂੰ ਮਾਸਟਰ, ਰਾਹੁਲ ਬਾਂਸਲ, ਗਗਨ ਮਿੱਤਲ, ਅਸ਼ੋਕ ਮਿੱਤਲ ਤੇ ਸਮਾਜ ਸੇਵੀ ਕੋਮਲ ਸ਼ਰਮਾ ਸਮੇਤ ਅਨੇਕਾਂ ਸੱਜਣ ਹਾਜ਼ਰ ਸਨ।

## 10 ਗ੍ਰਾਮ ਹੈਰੋਇਨ ਸਮੇਤ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਨੇ 10 ਗ੍ਰਾਮ ਹੈਰੋਇਨ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਪਿੰਡ ਬਾਹਮਣੀਵਾਲਾ ਸੇਮਨਾਲੇ ਕੋਲ ਪੁੱਜੇ ਤਾਂ ਪੱਟੜ ਤੋਂ ਇੱਕ ਮੋਨਾ ਨੌਜਵਾਨ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਇਕਦਮ ਆਪਣੇ ਹੱਥ ਫੜੇ ਲਿਫਾਫੇ ਨੂੰ ਪਿੱਛੇ ਸੁੱਟ ਦਿੱਤਾ ਅਤੇ ਤੇਜ਼ ਰਫਤਾਰ ਨਾਲ ਪਿੰਡ ਸਿਮਰੇਵਾਲਾ ਨੂੰ ਮੁੜਨ ਲੱਗਾ ਤਾਂ ਪੁਲਸ ਪਾਰਟੀ ਨੇ ਇਸ ਵਿਅਕਤੀ ਨੂੰ ਕਾਬੂ ਕਰ ਲਿਆ ਅਤੇ ਸੁੱਟੇ ਗਏ ਲਿਫਾਫੇ ਦੀ ਚੈਕਿੰਗ ਕੀਤੀ ਗਈ ਤਾਂ ਉਸ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ।

ਥਾਣਾ ਵੈਰੋਕੇ ਦੀ ਪੁਲਸ ਵੱਲੋਂ ਕਾਬੂ ਕੀਤੇ ਗਏ ਕੁਲਵੰਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਹਾਲਮ (ਚੱਕ ਬਲੋਚਾ) ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਸਿਰਜਣਾ ਤੇ ਸੰਵਾਦ ਸਾਹਿਤ ਸਭਾ ਬਰਨਾਲਾ ਵੱਲੋਂ ਸਾਹਿਤਕ ਸਮਾਗਮ



ਹਠੂਰ (ਨਛੱਤਰ ਸੰਧੂ)-ਸਿਰਜਣਾ ਤੇ ਸੰਵਾਦ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਸ਼ਹੀਦ ਸ੍. ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਦੂਸਰਾ ਸਾਲਾਨਾ ਸਾਹਿਤਕ ਸਮਾਗਮ ਸ.ਸ.ਸ. ਸਕੂਲ ਆਫ ਐਮੀਨੈਂਸ ਬਰਨਾਲਾ ਵਿਖੇ ਕਰਵਾਇਆ ਗਿਆ।ਸਭਾ ਦੇ ਪ੍ਰਧਾਨ ਅੰਜਨਾ ਮੈਨਨ ਨੇ ਦੱਸਿਆ ਕਿ ਸਮਾਗਮ ਦੇ ਮੁੱਖ ਮਹਿਮਾਨ ਬਿੰਦਰ ਸਿੰਘ ਖੁੱਡੀ ਕਲਾਂ ਜ਼ਿਲ੍ਹਾ ਭਾਸ਼ਾ ਅਫ਼ਸਰ ਬਰਨਾਲਾ ਤੇ ਪ੍ਰਸਿੱਧ ਨਾਵਲਕਾਰ ਜਸਵੀਰ ਰਾਣਾ, ਹਰੀਸ਼ ਬਾਂਸਲ ਪ੍ਰਿੰ. ਸਕੂਲ ਆਫ ਐਮੀਨੈਂਸ ਬਰਨਾਲਾ, ਸ. ਚਰਨ ਸਿੰਘ ਭਦੌੜ ਸਰਪ੍ਰਸਤ ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਬੱਚਿਆਂ ਦੇ 7 ਤਰ੍ਹਾਂ ਸਾਹਿਤਕ ਤੇ ਕਲਾਤਮਕ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਪ੍ਰਾਇਮਰੀ, ਮਿਡਲ ਤੇ ਸੈਕੰਡਰੀ ਤਿੰਨਾਂ ਵਰਗਾਂ ਦੇ ਸਰਕਾਰੀ ਤੇ ਨਿੱਜੀ ਸਕੂਲਾਂ ਦੇ ਬੱਚਿਆਂ ਨੇ ਕਵਿਤਾ ਸਿਰਜਣ, ਕਵਿਤਾ ਉਚਾਰਨ, ਗੀਤ ਗਾਇਨ, ਲੇਖ ਰਚਨਾ, ਕਹਾਣੀ ਸਿਰਜਣ, ਸੁੰਦਰ ਲਿਖਾਈ ਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ।ਸਮਾਗਮ 'ਚ ਲਗਭਗ 200 ਬੱਚਿਆਂ ਨੇ ਭਾਗ ਲਿਆ।

ਇਸ ਸਮੇਂ ਕਹਾਣੀਕਾਰ ਰਜਨੀ ਦੀ ਮਿੰਨੀ ਕਹਾਣੀਆਂ ਦੀ ਪੁਸਤਕ 'ਕੂਲੇ ਕੰਡੇ', ਦਵਿੰਦਰ ਖੁਸ਼ ਧਾਲੀਵਾਲ ਦੀ ਪੁਸਤਕ 'ਖੁਦਕੁਸ਼ੀ ਹੈ ਜਾਂ ਕਤਲ', ਰੁਪਿੰਦਰ ਕੌਰ ਸ਼ਹਿਣਾ ਦੀ ਪੁਸਤਕ 'ਮੈਂ ਤੇ ਮੇਰੇ ਗੀਤ', ਗੁਰਪ੍ਰੀਤ ਕੌਰ ਕੱਟੂ ਦੀ ਪੁਸਤਕ 'ਮੇਰੇ ਜਜ਼ਬਾਤ' 4 ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ।ਇਨ੍ਹਾਂ ਲੇਖਕਾਵਾਂ ਨੂੰ ਫੁਲਕਾਰੀਆਂ ਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਮੁਕਾਬਲਿਆਂ ਵਿੱਚੋਂ ਪਹਿਲੇ ਚਾਰ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ, ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਚਰਨ ਸਿੰਘ ਭਦੌੜ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਭਾ ਪੰਜਾਬੀ ਮਾਂ ਬੋਲੀ ਨੂੰ ਜਿਉਂਦਿਆਂ ਰੱਖਣ ਲਈ ਨਵੀਂ ਪਨੀਰੀ ਸਿਰਜ ਰਹੀ ਹੈ। ਪ੍ਰਿੰ. ਹਰੀਸ਼ ਬਾਂਸਲ ਨੇ ਸਕੂਲ ਵੱਲੋਂ ਸਭਾ ਦੇ ਅਜਿਹੇ ਸਮਾਗਮਾਂ ਦਾ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ।ਸਭਾ ਦੀ ਮੀਤ ਪ੍ਰਧਾਨ ਮਨਦੀਪ ਕੌਰ ਭਦੌੜ ਨੇ ਦੱਸਿਆ ਕਿ ਕਵਿਤਾ ਉਚਾਰਨ ਤੇ ਗੀਤ ਗਾਇਨ ਮੁਕਾਬਲੇ ਲਈ ਮਨਜੀਤ ਸਿੰਘ ਸਾਗਰ, ਤਰੁਨ ਸਿੰਗਲਾ, ਸ਼ੰਮੀ ਸੈਮੂਅਲ, ਕਵਿਤਾ ਸਿਰਜਣ ਮੁਕਾਬਲੇ ਲਈ ਡਾ. ਗਗਨਦੀਪ ਕੌਰ, ਡਾ. ਹਰਪ੍ਰੀਤ ਕੌਰ ਰੂਬੀ, ਹਰਦੀਪ ਕੁਮਾਰ, ਰੁਪਿੰਦਰ ਕੌਰ ਸ਼ਹਿਣਾ। ਲੇਖ ਰਚਨਾ ਮੁਕਾਬਲੇ ਲਈ ਡਾ. ਹਰਪ੍ਰੀਤ ਕੌਰ। ਕਹਾਣੀ ਸਿਰਜਣ ਮੁਕਾਬਲੇ ਲਈ ਅੰਮ੍ਰਿਤ ਪਾਲ ਕੌਰ ਕਲੇਰ, ਸੁਖਚਰਨ ਸਿੰਘ, ਪੇਂਟਿੰਗ ਮੁਕਾਬਲੇ ਲਈ ਦਿਲਪ੍ਰੀਤ ਸਿੰਘ ਚੌਹਾਨ, ਜਸਪ੍ਰੀਤ ਕੌਰ ਬੱਬੂ, ਜਗਤਾਰ ਸਿੰਘ ਖੁੱਡੀ ਕਲਾਂ ਤੇ ਸੁੰਦਰ ਲਿਖਾਈ ਮੁਕਾਬਲੇ ਲਈ ਸ਼ਰਨਜੀਤ ਸਿੰਘ ਰੂੜੇਕੇ ਕਲਾਂ, ਕੁਲਦੀਪ ਸਿੰਘ, ਪਰਦੀਪ ਕੌਰ ਟੱਲੇਵਾਲ ਨੇ ਜੱਜਮੈਂਟ ਦੀ ਜ਼ਿੰਮੇਵਾਰੀ ਨਿਭਾਈ।ਇਸ ਮੌਕੇ ਹੈੱਡਮਾਸਟਰ ਰਕੇਸ਼ ਕੁਮਾਰ, ਗੁਰਪਾਲ ਸਿੰਘ ਬਿਲਾਵਲ, ਅਮਨਦੀਪ ਸਿੰਘ ਟੱਲੇਵਾਲ, ਹਾਕਮ ਸਿੰਘ ਰੂੜੇਕੇ, ਰਘਵੀਰ ਗਿੱਲ ਕੱਟੂ, ਸੁਖਵਿੰਦਰ ਸਨੇਹ, ਗੁਰਜੀਤ ਸਿੰਘ, ਕੁਲਦੀਪ ਰਾਣੀ, ਸੁਖਵਿੰਦਰ ਕੌਰ, ਬਲਵੀਰ ਕੌਰ, ਹਰਮਨਦੀਪ ਕੌਰ, ਹਰਕਮਲ ਕੌਰ, ਕੁਲਵੰਤ ਕੌਰ, ਗੁਰਬਿੰਦਰ ਗਿੱਲ ਬੱਧਨੀ, ਰਵਿੰਦਰ ਕੌਰ ਧਾਲੀਵਾਲ, ਸੁਖਪਾਲ ਸਿੰਘ, ਕਮਲਦੀਪ ਸ਼ਰਮਾ, ਨਿਰਮਲ ਅਨੇਜਾ, ਅਸ਼ਵਨੀ ਕੌਰ, ਵਿਜੇ ਸਿੰਗਲਾ, ਮਧੂ, ਸੁਖਪਾਲ ਸਿੰਘ ਢਿੱਲੋਂ, ਅਮਨਦੀਪ ਕੌਰ, ਸਾਰਿਕਾ, ਰਮਨਦੀਪ ਭੰਡਾਰੀ, ਸੁਖਵਿੰਦਰ ਕੌਰ, ਮਨਦੀਪ ਕੌਰ, ਪੱਤਰਕਾਰ ਬਘੇਲ ਸਿੰਘ ਤੇ ਬੱਚਿਆਂ ਦੇ ਮਾਪੇ ਅਤੇ ਗਾਈਡ ਅਧਿਆਪਕ ਮੌਜੂਦ ਸਨ।ਇਸ ਸਮਾਗਮ ਦੇ ਪ੍ਰਬੰਧਕੀ ਕਾਰਜਾਂ ਵਿੱਚ ਰਜਿੰਦਰ ਕੌਰ, ਨਰਿੰਦਰ ਕੌਰ, ਡਾ. ਸਰਬਜੀਤ ਕੌਰ ਬਰਾੜ ਨੇ ਜ਼ਿੰਮੇਵਾਰੀ ਨਿਭਾਈ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਉਰਵਸ਼ੀ ਗੁਪਤਾ ਇੰਚ. ਸਸਸਸ ਸਕੂਲ ਧਨੌਲਾ (ਕੰ) ਨੇ ਬਾਖੂਬੀ ਨਿਭਾਈ।

## ਜਥੇਦਾਰ ਮਲਕੀਤ ਸਿੰਘ ਮਹਿਲ ਖ਼ੁਰਦ ਨੂੰ ਸਦਮਾ, ਮਾਤਾ ਦਾ ਦਿਹਾਂਤ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਜਥੇਦਾਰ ਮਲਕੀਤ ਸਿੰਘ ਮਹਿਲ ਖ਼ੁਰਦ ਦੇ ਮਾਤਾ ਮਹਿੰਦਰ ਕੌਰ ਪਤਨੀ ਬਾਬਾ ਸਾਧੂ ਸਿੰਘ ਮਹਿਲ ਖ਼ੁਰਦ ਅਕਾਲ ਚਲਾਣਾ ਕਰ ਗਏ ਹਨ।ਇਸ ਦੁਖਦਾਈ ਮੌਕੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ, ਹਲਕਾ ਇੰਚਾਰਜ ਭਾਈ ਗੁਰਜੰਟ ਸਿੰਘ ਕੱਟੂ, ਜਥੇ: ਦਰਸ਼ਨ ਸਿੰਘ ਮੰਡੇਰ, ਭਾਈ ਜੱਸਾ ਸਿੰਘ ਮਾਨਕੀ, ਡਾ. ਜਗਰਾਜ ਸਿੰਘ ਮੂੰਮ, ਜਥੇ. ਮੁਖਤਿਆਰ ਸਿੰਘ ਛਾਪਾ, ਜਥੇ: ਮਹਿੰਦਰ ਸਿੰਘ ਸਹਿਜੜਾ, ਅਜੈਬ ਸਿੰਘ ਸੋਢਾ, ਮਨਜੀਤ ਸਿੰਘ ਛਾਪਾ, ਸੁਖਵਿੰਦਰ ਸਿੰਘ ਭੋਲਾ, ਮਲਕੀਤ ਸਿੰਘ ਮਹਿਲ ਕਲਾਂ ਤੇ ਜਗਦੇਵ ਸਿੰਘ ਨਿਹਾਲੂਵਾਲ ਆਦਿ ਆਗੂਆਂ ਨੇ ਪੀੜਤ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

# ਸ਼੍ਰੋਮਣੀ ਅਕਾਲੀ ਦਲ ਫਤਹਿ ਨੇ ਪੰਜਾਬ ਸਰਕਾਰ ਦੇ ਨਾਂਅ ਸੌਂਪਿਆ ਮੰਗ ਪੱਤਰ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)

ਸ਼੍ਰੋਮਣੀ ਅਕਾਲੀ ਦਲ ਫਤਹਿ ਵੱਲੋਂ ਸੂਬੇ ਦੇ ਲੋਕਾਂ ਦੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਪੰਜਾਬ ਦੀ 'ਆਪ' ਸਰਕਾਰ ਵੱਲੋਂ ਚੋਣ ਸਮੇਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਸਬੰਧੀ ਮੁੱਖ ਮੰਤਰੀ ਪੰਜਾਬ ਦੇ ਨਾਂਅ ਜਾਰੀ ਮੰਗ ਪੱਤਰ ਡਿਊਟੀ ਮੈਜਿਸਟ੍ਰੇਟ ਨਾਇਬ ਤਹਿਸੀਲਦਾਰ ਮਨਮੋਹਨ ਸਿੰਘ ਨੂੰ ਸੌਂਪਿਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਫਤਹਿ ਦੇ ਕੌਮੀ ਪ੍ਰਧਾਨ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੇ ਸੀਨੀਅਰ ਕੌਮੀ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਦੱਸਿਆ ਕਿ ਪੰਜਾਬ ਦੀ ਆਪ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੂਜੀਆਂ ਰਵਾਇਤੀ ਪਾਰਟੀਆਂ ਦੀ ਤਰ੍ਹਾਂ ਚੋਣ ਮੈਨੀਫੈਸਟੋ ਜਾਰੀ ਕਰਕੇ ਮੀਟਿੰਗਾਂ, ਸ਼ਹਿਰਾਂ, ਕਸਬਿਆਂ, ਗਲੀਆਂ, ਮੁਹੱਲਿਆਂ ਚੋਣ ਜਲਸਿਆਂ ਤੇ ਚੋਣ ਰੈਲੀਆਂ ਵਿੱਚ ਪੰਜਾਬ ਦੇ ਲੋਕਾਂ ਨਾਲ ਕੁਝ ਮੁਫਤ ਸਹੂਲਤਾਂ ਦੇਣ ਦੇ ਚੋਣ ਵਾਅਦੇ ਕੀਤੇ ਸਨ, ਜਿਵੇਂ ਕਿ ਫਰੀ ਸਿਹਤ ਸਹੂਲਤਾਂ, ਫਰੀ ਵਿੱਦਿਆ, ਕਰਜ਼ਾ ਮੁਕਤ, ਨਸ਼ਾ ਖਤਮ ਕਰਨਾ, ਬੀਬੀਆਂ ਨੂੰ ਪੈਨਸ਼ਨ 2000 ਪ੍ਰਤੀ ਮਹੀਨਾ ਦੇਣਾ, ਭੰਗ ਕੀਤੀਆਂ ਟਰਾਂਸਪੋਰਟ ਯੂਨੀਅਨ ਨੂੰ ਬਹਾਲ ਕਰਨਾ, ਸੰਘਰਸ਼ ਕਰ ਰਹੇ ਸਾਰੇ ਬੇਰੁਜ਼ਗਾਰਾਂ ਨੂੰ ਤੁਰੰਤ ਰੋਜ਼ਗਾਰ ਦੇ ਕੇ ਧਰਨਿਆਂ ਮੁਜ਼ਾਹਰਿਆਂ 'ਚੋਂ ਮੁਕਤ ਕਰਨਾ ਤੋਂ ਇਲਾਵਾ ਹੋਰ ਅਨੇਕਾਂ ਵਾਅਦੇ ਕੀਤੇ ਗਏ ਸਨ, ਜੋ ਪੂਰੇ ਦੋ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਪੂਰੇ ਨਹੀਂ ਕੀਤੇ ਗਏ, ਨੂੰ ਤੁਰੰਤ ਪੂਰਾ ਕੀਤਾ ਜਾਵੇ ਤਾਂ ਜੋ ਚੋਣ ਮੈਨੀਫੈਸਟੋ ਵਿੱਚ ਕੀਤੇ ਗਏ ਵਾਅਦੇ ਵਾਅਦਾ-ਖਿਲਾਫੀ ਨਾ ਹੋ ਸਕਣ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਫਤਹਿ) ਪੰਜਾਬ ਸਰਕਾਰ ਤੋਂ 13ਵੇਂ ਮੈਮੋਰੰਡਮ ਰਾਹੀਂ ਜਮਹੂਰੀਅਤ ਢੰਗ ਨਾਲ ਹਰ ਮਹੀਨੇ ਮੰਗ ਕਰ ਰਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਚੋਣ ਮੈਨੀਫੈਸਟੋ ਵਿੱਚ ਕੀਤੇ ਕੱਝ ਚੀਜ਼ਾਂ ਫਰੀ ਕਰਨ ਵਾਲੇ ਵਾਅਦੇ ਤੁਰੰਤ ਲਾਗੂ ਕੀਤੇ ਜਾਣ, ਜਿਨ੍ਹਾਂ ਵਿੱਚ ਸਿਹਤ ਸਹੂਲਤਾਂ ਨੂੰ ਬਿਲਕੁਲ ਫਰੀ ਕਰੋ, ਸਿੱਖਿਆ ਸਹੂਲਤਾਂ ਸਾਰਿਆਂ ਲਈ ਮੁਫ਼ਤ ਕਰੋ, ਕਿਸਾਨਾਂ-ਮਜ਼ਦੂਰਾਂ ਤੇ ਦੁਕਾਨਦਾਰਾਂ ਦੇ ਸਾਰੇ ਕਰਜ਼ੇ ਮੁਆਫ ਕਰੋ, ਪੰਜਾਬ ਨੂੰ ਤੁਰੰਤ ਨਸ਼ਾ ਮੁਕਤ ਕਰੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰੋ ਤੇ ਐੱਸਜੀਪੀਸੀ ਵਿੱਚੋਂ 328 ਸਰੂਪ ਚੋਰੀ ਕਰਨ ਤੇ ਕਰਵਾਉਣ ਵਾਲਿਆਂ 'ਤੇ ਫੌਜਦਾਰੀ ਮੁਕੱਦਮੇ ਤੁਰੰਤ ਦਰਜ ਕਰੋ, ਭੰਗ ਕੀਤੀਆਂ ਪੰਜਾਬ ਦੀਆਂ ਸਾਰੀਆਂ ਯੂਨੀਅਨਾਂ, ਜੋ ਕੈਪਟਨ ਸਰਕਾਰ ਨੇ ਤੋੜੀਆਂ ਸਨ, ਉਨ੍ਹਾਂ ਨੂੰ ਦੁਬਾਰਾ ਬਹਾਲ ਕਰੋ, ਬੀਬੀਆਂ ਦੀ 2000 ਰੁਪੈ ਪੈਨਸ਼ਨ ਨਾਲ 1000 ਰੁਪਏ ਮਾਣ-ਭੱਤਾ ਲਾਗੂ ਕਰੋ। ਇਸ ਮੌਕੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਕੌਮੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਫਤਹਿ, ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਸੀਨੀਅਰ ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਫਤਹਿ, ਸੁਖਚੈਨ ਸਿੰਘ ਅਤਲਾ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਫਤਹਿ, ਜਗਦੀਪ ਸਿੰਘ ਚੀਮਾ ਜ਼ਿਲ੍ਹਾ ਪ੍ਰਧਾਨ ਬਰਨਾਲਾ, ਜੈ ਸਿੰਘ ਭਾਦੜਾ ਜ਼ਿਲ੍ਹਾ ਯੂਥ ਪ੍ਰਧਾਨ ਮਾਨਸਾ, ਚਮਨ ਸਿੰਘ ਸਿੱਧੂ ਪ੍ਰਧਾਨ ਮਾਲਵਾ ਜ਼ੋਨ ਯੂਥ ਪਾਵਰ ਆਫ਼ ਪੰਜਾਬ, ਗੁਰਨੂਰਪ੍ਰੀਤ ਸਿੰਘ ਜ਼ਿਲ੍ਹਾ ਪ੍ਰਧਾਨ ਬਰਨਾਲਾ, ਨਵਨੀਤ ਸਿੰਘ ਮੀਤ ਪ੍ਰਧਾਨ ਬਰਨਾਲਾ, ਗੁਰਵਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਰਮੇਸ਼ ਸਿੰਘ ਸ਼ਹਿਰੀ ਪ੍ਰਧਾਨ ਯੂਥ ਵਿੰਗ ਬਰਨਾਲਾ, ਪਰਵਿੰਦਰ ਸਿੰਘ, ਬਿਕਰਮਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਸੰਗਰੂਰ, ਹਰਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਪਰਾਲੀ ਦੇ ਮਸਲੇ ਸੰਬੰਧੀ ਕੇਂਦਰ ਤੇ ਪੰਜਾਬ ਸਰਕਾਰ ਗੱਠਾਂ ਬਣਾਉਣ ਵਾਲੀਆਂ ਮਸ਼ੀਨਾਂ ਦਾ ਪ੍ਰਬੰਧ ਕਰਨ : ਬੀ ਕੇ ਯੂ ਡਕੌਂਦਾ

ਬੁਢਲਾਡਾ (ਅਸ਼ੋਕ ਲਾਕੜਾ)

ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਲਾਕ ਪ੍ਰਧਾਨ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੱਜ ਪੰਜਾਬ ਵਿੱਚ ਝੋਨੇ ਦੀ ਪਰਾਲੀ ਨੂੰ ਲੈ ਕੇ ਕੇਂਦਰ ਤੇ ਪੰਜਾਬ ਸਰਕਾਰ ਅਤੇ ਇੱਥੋਂ ਦੀ ਅਫਸਰਸ਼ਾਹੀ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਨੂੰ ਛਿੱਕੇ ਟੰਗ ਕੇ ਸਿਰਫ ਖਾਨਾਪੂਰਤੀ ਲਈ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨ ਲੱਗੀ ਹੋਈ ਹੈ, ਕਿਉਂਕਿ ਜੋ ਝੋਨੇ ਦੀ ਫਸਲ ਹੈ, ਇਸ ਨੂੰ ਪੰਜਾਬ ਦੇ ਕਿਸਾਨ ਨਹੀਂ ਲੈ ਕੇ ਆਏ, ਜੋ ਇੱਥੋਂ ਦੀਆਂ ਮੌਕੇ ਮੌਕੇ ਦੀਆਂ ਸਰਕਾਰਾਂ ਤੇ ਖੇਤੀਬਾੜੀ ਵਿਭਾਗ ਦੀ ਦੇਣ ਹੈ।ਜਿੱਥੋਂ ਤੱਕ ਇਸ ਦੇ ਪ੍ਰਦੂਸ਼ਣ ਸਬੰਧੀ ਰੌਲਾ ਪਾ ਕੇ ਕਿਸਾਨਾਂ ਸਿਰ ਮੜ੍ਹਿਆ ਜਾ ਰਿਹਾ ਹੈ, ਇਹ ਵੀ ਇਨ੍ਹਾਂ ਦੀ ਹੀ ਦੇਣ ਹੈ, ਕਿਉਂਕਿ ਅੱਜ ਤੋਂ ਦਸ-ਪੰਦਰਾਂ ਸਾਲ ਪਹਿਲਾਂ ਝੋਨੇ ਦੀ ਪਰਾਲੀ ਦਾ ਕੋਈ ਪ੍ਰਦੂਸ਼ਣ ਨਹੀਂ ਸੀ। ਇਹ ਪ੍ਰਦੂਸ਼ਣ ਪੰਜਾਬ ਸਰਕਾਰ ਤੇ ਇਸ ਦੀ ਅਫਸਰਸ਼ਾਹੀ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਦੇਣ ਹੈ।ਜਦੋਂ ਇਨ੍ਹਾਂ ਨੇ ਪਾਣੀ ਦੇ ਪੱਧਰ ਨੂੰ ਲੈ ਕੇ ਇਸ ਦੀ ਤਰੀਕ ਨਿਸ਼ਚਿਤ ਕੀਤੀ ਹੈ, ਬਿਨਾਂ ਜ਼ਮੀਨੀ ਪੱਧਰ 'ਤੇ ਤਜਰਬਾ ਕਰੇ ਬਿਨਾਂ ਸਾਰੇ ਹੀ ਪੰਜਾਬ ਵਿੱਚ ਇੱਕ ਤਰੀਕ ਨਿਸ਼ਚਿਤ ਕਰ ਦਿੱਤੀ ਹੈ, ਜਿਸ ਕਾਰਨ ਇਕੱਠਾ ਝੋਨਾ ਲੱਗਦਾ ਹੈ ਤੇ ਅੱਗੇ ਜਾ ਕੇ ਮੌਸਮ ਨਮੀ ਵਾਲਾ ਬਣ ਜਾਂਦਾ ਹੈ, ਜਿਸ ਕਾਰਨ ਪ੍ਰਦੂਸ਼ਣ ਹੁੰਦਾ ਹੈ।ਜੇਕਰ ਕਿਸਾਨ ਪਰਾਲੀ ਨੂੰ ਜ਼ਮੀਨ ਵਿੱਚ ਵਾਹੁੰਦਾ ਹੈ ਤਾਂ ਫਿਰ ਉੱਗਦੀ ਕਣਕ ਨੂੰ ਸੁੰਡੀ ਖਤਮ ਕਰ ਦਿੰਦੀ ਹੈ।ਜੇਕਰ ਸਰਕਾਰਾਂ ਸੱਚਮੁੱਚ ਪ੍ਰਦੂਸ਼ਣ ਸਬੰਧੀ ਗੰਭੀਰ ਹਨ ਤਾਂ ਗੱਠਾਂ ਬਣਾਉਣ ਵਾਲੀਆਂ ਮਸ਼ੀਨਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਤੋਂ ਬਿਨਾਂ ਹੋਰ ਕੋਈ ਸਾਰਥਿਕ ਹੱਲ ਨਹੀਂ ਹੈ।ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਤੋਂ ਬਿਨਾਂ ਹੀ ਸਰਕਾਰ ਉਪਰੋਂ ਜ਼ਮੀਨਾਂ 'ਤੇ ਲਾਲ ਲਕੀਰਾਂ ਤੇ ਪਰਚਿਆਂ ਦੇ ਡਰਾਵੇ, ਜਿਸ ਕਾਰਨ ਫਿਰ ਜ਼ਿਆਦਾਤਰ ਕਿਸਾਨ ਇਸ ਦਾ ਹੋਰ ਕੋਈ ਢੁੱਕਵਾਂ ਹੱਲ ਨਾ ਹੋਣ ਕਾਰਨ ਇਕੱਠੇ ਅੱਗ ਲਗਾ ਦਿੰਦੇ ਹਨ, ਕਿਉਂਕਿ ਜੇਕਰ ਇਨ੍ਹਾਂ ਨੂੰ ਪਾਣੀ ਦੇ ਪੱਧਰ ਦਾ ਇੰਨਾ ਜ਼ਿਆਦਾ ਫਿਕਰ ਹੈ ਤਾਂ ਇਨ੍ਹਾਂ ਨੂੰ ਬਾਰਿਸ਼ਾਂ ਦੇ ਪਾਣੀ ਦੀ ਸੰਭਾਲ ਕਰਨੀ ਚਾਹੀਦੀ ਹੈ, ਜੋ ਹੜ੍ਹਾਂ ਦੇ ਰੂਪ ਵਿੱਚ ਬਾਹਰ ਚਲਿਆ ਜਾਂਦਾ ਹੈ।ਉਨ੍ਹਾ ਕਿਹਾ ਕਿ ਕਿਸਾਨ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਨਹੀਂ ਲਗਾਉਣਾ ਚਾਹੁੰਦੇ, ਜੇਕਰ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ 'ਤੇ ਪਿੰਡਾਂ ਵਿੱਚ ਪਰਾਲੀ ਦੀਆਂ ਗੱਠਾਂ ਬਣਾਉਣ ਵਾਲੀਆਂ ਮਸ਼ੀਨਾਂ ਦਾ ਢੁੱਕਵਾਂ ਪ੍ਰਬੰਧ ਕੀਤਾ ਜਾਵੇ ਤੇ ਨਾਲ ਹੀ ਗੱਠਾਂ ਚੁੱਕਣ ਦਾ ਜਲਦੀ ਤੋਂ ਜਲਦੀ ਪ੍ਰਬੰਧ ਹੋਵੇ। ਜੇਕਰ ਕਿਸਾਨਾਂ ਨੂੰ ਪਰਾਲੀ ਸਬੰਧੀ ਕੇਂਦਰ ਤੇ ਪੰਜਾਬ ਸਰਕਾਰ ਨੇ ਕੋਈ ਯੋਗ ਪ੍ਰਬੰਧ ਕਰਕੇ ਨਹੀਂ ਦੇਣਾ ਤਾਂ ਉਨ੍ਹਾਂ ਨੂੰ ਕੋਈ ਹੱਕ ਨਹੀਂ ਕਿ ਉਹ ਕਿਸਾਨਾਂ ਨੂੰ ਨਿੱਤ ਨਵੀਆਂ ਧਮਕੀਆਂ ਦੇਣ, ਕਿਸਾਨ ਕੋਈ ਅੱਤਵਾਦੀ ਨਹੀਂ, ਜੋ ਦੇਸ਼ ਲਈ ਅਨਾਜ ਪੈਦਾ ਕਰਕੇ ਦੇ ਰਹੇ ਹਨ।ਇਸ ਸਬੰਧੀ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਇੱਕਮੱਤ ਹਨ ਤੇ ਕਿਸਾਨਾਂ ਦੇ ਨਾਲ ਹਨ।ਕਿਸਾਨਾਂ ਨੂੰ ਜ਼ਲੀਲ ਕਰਨ ਦਾ ਮੌਕਾ ਨਹੀਂ ਦਿੱਤਾ ਜਾਵੇਗਾ।

# ਥਾਣਾ ਸਰਾਏ ਅਮਾਨਤ ਖਾਂ ਅੱਗੇ ਧਰਨਾ ਪ੍ਰਦਰਸ਼ਨ

## ਹਾਕਮ ਧਿਰ ਦੀ ਸ਼ਰੇਆਮ ਗੁੰਡਾਗਰਦੀ ਦਾ ਡਟਵਾਂ ਵਿਰੋਧ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਚਾਇਤੀ ਚੋਣਾਂ ਹਾਕਮ ਪਾਰਟੀ ਦੀ ਧਿਰ ਵੱਲੋਂ ਸ਼ਰੇਆਮ ਗੁੰਡਾਗਰਦੀ ਕੀਤੀ ਜਾ ਰਹੀ ਹੈ।ਬਲਾਕ ਗੰਡੀਵਿੰਡ 'ਚ ਪੈਂਦੇ ਪਿੰਡ ਚੀਮਾ ਖੁਰਦ 'ਚ ਪੰਚੀ ਦੀ ਉਮੀਦਵਾਰੀ ਲਈ ਚੋਣ 'ਚ ਭਾਗ ਲੈਣ ਲਈ ਲਾਈਨ 'ਚ ਲੱਗੀ ਪਰਮਜੀਤ ਕੌਰ ਚੀਮਾ ਖੁਰਦ ਦੀ ਆਮ ਆਦਮੀ ਪਾਰਟੀ ਦੇ ਸਮਰਥਕਾਂ ਵੱਲੋਂ ਸ਼ਰੇਆਮ ਗੁੰਡਾਗਰਦੀ ਦਾ ਨਾਚ ਕਰਦਿਆਂ ਹੋਇਆਂ ਫਾਈਲ ਖੋਹ ਕੇ ਪਾੜ ਦਿੱਤੀ ਗਈ ਜਿਸ ਦੇ ਰੋਹ ਵਿੱਚ ਆਏ ਲੋਕਾਂ ਨੇ ਖਰੂਦੀਆਂ ਨੂੰ ਫੜ ਕੇ ਪੁਲਸ ਹਵਾਲੇ ਕਰ ਦਿੱਤਾ ਗਿਆ।ਇਸ ਦੇ ਰੋਸ ਵਜੋਂ ਵਿਰੋਧੀ ਧਿਰ ਦੇ ਲੋਕਾਂ ਜਿਸ ਦੀ ਅਗਵਾਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਜਮਹੂਰੀ ਕਿਸਾਨ ਸਭਾ ਦੇ ਆਗੂ ਹਰਦੀਪ ਸਿੰਘ ਰਸੂਲਪੁਰ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਜਰਨੈਲ ਸਿੰਘ ਰਸੂਲਪੁਰ, ਗੁਰਵੇਲ ਸਿੰਘ ਚੀਮਾ ਖੁਰਦ, ਮੀਨਾ ਕੌਰ ਚੀਮਾ ਨੇ ਕੀਤੀ। ਥਾਣਾ ਸਰਾਏ ਅਮਾਨਤ ਖਾ ਅੱਗੇ ਧਰਨਾ ਲਾ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ।ਧਰਨਾਕਾਰੀ ਮੰਗ ਕਰ ਰਹੇ ਸਨ ਕਿ ਦੋਸ਼ੀ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਧਰਨੇ ਨੂੰ ਹੋਰਨਾ ਤੋਂ ਇਲਾਵਾ ਸੰਤੋਖ ਸਿੰਘ ਮੱਖੀ, ਜਸਵੰਤ ਸਿੰਘ ਭਿੱਖੀਵਿੰਡ, ਪਰਮਜੀਤ ਸਿੰਘ ਗੰਡੀਵਿੰਡ, ਬਗੀਚਾ ਸਿੰਘ ਗੰਡੀਵਿੰਡ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਬਿਨਾਂ ਇਜਾਜ਼ਤ ਤੋਂ ਛੁੱਟੀ ਨਹੀਂ ਤੇ ਨਾ ਹੀ ਸਟੇਸ਼ਨ ਛੱਡਣ ਦੀ ਆਗਿਆ : ਐੱਸ ਡੀ ਐੱਮ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਵਿਕਰਮਜੀਤ ਸਿੰਘ ਐੱਸਡੀਐੱਮ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ (ਪੰਚਾਇਤ ਚੋਣਾਂ) ਬਟਾਲਾ ਵੱਲੋਂ ਜਾਰੀ ਕੀਤੇ ਇੱਕ ਹੁਕਮ ਵਿੱਚ ਦੱਸਿਆ ਗਿਆ ਕਿ ਪੰਚਾਇਤੀ ਚੋਣਾਂ 2024 ਦੇ ਮੱਦੇਨਜ਼ਰ ਤਹਿਸੀਲ ਬਟਾਲਾ ਦੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਕੋਈ ਵੀ ਅਧਿਕਾਰੀ/ਕਰਮਚਾਰੀ ਪੰਚਾਇਤੀ ਚੋਣਾਂ-2024 ਦੀ ਚੋਣ ਪ੍ਰਕਿਰਿਆ ਖਤਮ ਹੋਣ ਤੱਕ ਇਜਾਜ਼ਤ ਤੋਂ ਬਿਨਾਂ ਛੁੱਟੀ ਨਹੀਂ ਕਰੇਗਾ ਅਤੇ ਨਾ ਹੀ ਬਿਨਾਂ ਇਜਾਜ਼ਤ ਸਟੇਸ਼ਨ ਛੱਡੇਗਾ।ਨਾ ਟਾਲਣਯੋਗ ਮੈਡੀਕਲ ਜਾਂ ਹੋਰ ਗੰਭੀਰ ਸਮੱਸਿਆ ਹੋਣ ਤੇ ਕੋਈ ਵੀ ਅਧਿਕਾਰੀ/ਕਰਮਚਾਰੀ ਛੁੱਟੀ ਮਨਜ਼ੂਰ ਕਰਵਾ ਕੇ ਛੁੱਟੀ 'ਤੇ ਜਾਵੇਗਾ।ਹੁਕਮਾਂ ਵਿੱਚ ਅੱਗੇ ਕਿਹਾ ਗਿਆ ਹੈ ਕਿ ਕਿਸੇ ਵੀ ਅਧਿਕਾਰੀ/ਕਰਮਚਾਰੀ ਵੱਲੋਂ ਚੋਣ ਪ੍ਰਕਿਰਿਆ ਖਤਮ ਹੋਣ ਤੱਕ ਆਪਣਾ ਫੋਨ ਹਰ ਹਾਲਤ ਵਿੱਚ ਚਾਲੂ ਰੱਖਿਆ ਜਾਵੇ। ਇਹ ਹੁਕਮ ਤੁਰੰਤ ਲਾਗੂ ਕੀਤੇ ਜਾਂਦੇ ਹਨ।ਅਣਗਹਿਲੀ ਦੀ ਸੂਰਤ ਵਿੱਚ ਚੋਣ ਨਿਯਮਾਂ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਸਪੋਰਟਸ ਕਲੱਬ ਗਿੱਲ ਕਲੇਰ ਨੇ ਕਰਾਇਆ ਪਹਿਲਾ ਯਾਦਗਾਰੀ ਕ੍ਰਿਕਟ ਟੂਰਨਾਮੈਂਟ



ਬੁਤਾਲਾ (ਨਿਰਮਲ ਸੰਘਾ)-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਹਿਯੋਗ ਨਾਲ ਨਵੀਂ ਹੋਂਦ ਵਿੱਚ ਆਈ ਸਾਹਿਤਕ ਅਤੇ ਸਭਿਆਚਾਰਕ ਸੰਸਥਾ ਚਰਚਿੱਤ ਸੰਸਥਾ ਲੇਖਕ ਅਦਾਕਾਰ ਕਲਾ ਮੰਚ ਅਤੇ ਐੱਨ. ਆਰ. ਆਈ. ਸਪੋਰਟਸ ਕਲੱਬ ਗਿੱਲ ਕਲੇਰ ਵੱਲੋਂ ਕਰਵਾਇਆ ਗਿਆ ਪਹਿਲਾ ਕ੍ਰਿਕਟ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ।ਇਸ ਟੂਰਨਾਮੈਂਟ ਵਿੱਚ ਪਹਿਲੇ ਸਥਾਨ ਤੇ ਟਾਂਗਰਾ, ਦੂਸਰੇ ਸਥਾਨ 'ਤੇ ਮੀਆਂਵਿੰਡ, ਤੀਸਰੇ ਸਥਾਨ ਤੇ ਪੱਖੋਕੇ, ਚੌਥੇ ਸਥਾਨ 'ਤੇ ਪਿੰਡ ਭਿੰਡਰ ਦੀ ਟੀਮ ਜੇਤੂ ਰਹੀ। ਜੇਤੂ ਰਹੀਆਂ ਟੀਮਾਂ ਨੂੰ ਨਗਦ ਇਨਾਮ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਛੋਟੇ ਬੱਚਿਆਂ ਦੇ ਹੋਏ ਮੁਕਾਬਲੇ ਦੌਰਾਨ ਪਹਿਲਾ ਸਥਾਨ ਪਿੰਡ ਗਿੱਲ ਕਲੇਰ ਅਤੇ ਦੂਸਰਾ ਸਥਾਨ ਪਿੰਡ ਉੱਪਲ ਦੀ ਟੀਮ ਨੇ ਪ੍ਰਾਪਤ ਕੀਤਾ, ਜੇਤੂ ਬੱਚਿਆਂ ਨੂੰ ਨਗਦ ਇਨਾਮ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਸ਼ੇਲਿੰਦਰਜੀਤ ਸਿੰਘ ਰਾਜਨ (ਮੁੱਖ ਸੰਚਾਲਕ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਅਤੇ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਚੇਅਰਮੈਨ ਜਤਿੰਦਰ ਸਿੰਘ ਸੋਨੂੰ (ਯੁਵਰਾਜ ਮੈਡੀਕਲ ਸਟੋਰ), ਸੁਮੀਤ ਕਾਲੀਆ ਮੈਨੇਜਰ ਭਾਰਤ ਗੈਸ ਏਜੰਸੀ ਰਈਆ, ਕਮੇਡੀਅਨ ਚਾਚੀ ਚਤਰੋ ਅਤੇ ਕੋਚ ਜਸਵੰਤ ਸਿੰਘ ਗਿੱਲ ਨੇ ਕੀਤੀ। ਇਸ ਮੌਕੇ ਲੇਖਕ ਅਦਾਕਾਰ ਕਲਾ ਮੰਚ ਦੇ ਮੁਖੀ ਸੁਲੱਖਣ ਸਿੰਘ ਦੇਲਾਂਵਾਲ, ਸਕੱਤਰ ਸਿੰਘ ਪੁਰੇਵਾਲ, ਮੱਖਣ ਸਿੰਘ ਭੈਣੀਵਾਲਾ, ਮੁੱਖ ਸਲਾਹਕਾਰ ਡਾ: ਰਮਨ ਕੁਮਾਰ, ਪ੍ਰਧਾਨ ਗੁਰਪ੍ਰੀਤ ਸਿੰਘ ਪੁਰੇਵਾਲ,ਧਰਮਵੀਰ ਬਾਵਾ, ਸੁਦੀਪ ਕੁਮਾਰ ਖਿਲਚੀਆਂ, ਸਰਮੁੱਖ ਸਿੰਘ ਗਿੱਲ, ਕਵੀ ਅਜੈਬ ਸਿੰਘ ਬੋਦੇਵਾਲ ਨੇ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਅਹਿਮ ਭੂਮਿਕਾ ਨਿਭਾਈ।ਇਸ ਮੌਕੇ ਕਬੱਡੀ ਖਿਡਾਰੀ ਗੁਰਦੇਵ ਸਿੰਘ ਗਿੱਲ ਕਲੇਰ ਦੇ ਪਿਤਾ ਭਾਈ ਕਿਰਪਾਲ ਸਿੰਘ ਨੂੰ ਮੰਚ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਿੱਲ ਕਲੇਰ, ਪ੍ਰਧਾਨ ਗੁਰਦੀਪ ਸਿੰਘ, ਸੁਖਚੈਨ ਸਿੰਘ, ਦਲੇਰ ਸਿੰਘ, ਵਰਿਆਮ ਸਿੰਘ, ਸਾਬਕਾ ਸਰਪੰਚ ਅਮਰੀਕ ਸਿੰਘ ਗਿੱਲ ਕਲੇਰ, ਸਲਵੰਤ ਸਿੰਘ ਪੁਰੇਵਾਲ, ਪ੍ਰਧਾਨ ਮਹਿਲਾ ਵਿੰਗ ਸੁਨੀਤਾ ਰਾਣੀ, ਜਸਬੀਰ ਕੌਰ, ਰਮਨਪ੍ਰੀਤ ਕੌਰ, ਸੀਮਾ ਕਾਲੀਆ, ਵੀਨਾ ਸ਼ਰਮਾ, ਐਨੀ ਸ਼ਰਮਾ, ਕ੍ਰਿਸ਼ਨਾਵਤੀ, ਸ਼ਰਨਜੀਤ ਕੌਰ, ਮਨਪ੍ਰੀਤ ਕੌਰ, ਮਨਜੀਤ ਕੌਰ, ਹਰਜੀਤ ਕੌਰ,ਪ੍ਰਭਨੂਰ ਕੌਰ, ਕੁਲਵਿੰਦਰ ਕੌਰ, ਗੁਰਸਿਮਰਨ ਸ਼ਰਮਾ, ਮਨਜੀਤ ਸਿੰਘ, ਮਿ: ਕਰਤਾਰ ਸਿੰਘ, ਨੈਤਿਕ ਸ਼ਰਮਾ (ਕੈਪਟਨ), ਹਰਪਾਲ ਸਿੰਘ, ਲਖਵਿੰਦਰ ਉੱਪਲ,ਮੋਨੂ ਅੱਲੋਵਾਲ, ਪ੍ਰਦੀਪ ਸਿੰਘ ਕੰਗ, ਚਰਨਜੀਤ ਸਿੰਘ, ਸੁਬੇਗ ਸਿੰਘ ਮੀਆਂ ਵਿੰਡ, ਅੰਗਰੇਜ਼ ਸਿੰਘ ਖਡੂਰ ਸਾਹਿਬ, ਅਰਜਨ ਸਿੰਘ ਸਰਾਂ ਤਲਵੰਡੀ, ਸਤਨਾਮ ਸਿੰਘ ਸਰਾਂ ਤਲਵੰਡੀ, ਅਰਮਾਨ ਜੋਤ ਸਿੰਘ ਦਿਉਲ, ਸ਼ਮਸ਼ੇਰ ਸਿੰਘ, ਕੁਲਬੀਰ ਸਿੰਘ, ਹਰਪ੍ਰੀਤ ਸਿੰਘ, ਗੁਰਮੀਤ ਸਿੰਘ ਵੀ ਮੌਜੂਦ ਸਨ।

## ਦਬੁਰਜੀ, ਅਕਰਪੁਰਾ ਤੇ ਉਦੋਵਾਲੀ ਕਲਾਂ 'ਚ ਬੇਲਰਾਂ ਨਾਲ ਇਕੱਠੀ ਕੀਤੀ ਪਰਾਲੀ

ਗੁਰਦਾਸਪੁਰ (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਰਾਲੀ ਦੇ ਯੋਗ ਪ੍ਰਬੰਧਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਵੱਖ-ਵੱਖ ਪਿੰਡਾਂ ਵਿਚੋਂ ਯੋਗ ਢੰਗ ਨਾਲ ਨਾੜ/ਪਰਾਲੀ ਇਕੱਠੀ (ਗੱਠਾਂ) ਕੀਤੀ ਜਾ ਚੁੱਕੀ ਹੈ। ਪਰਾਲੀ ਦੇ ਪ੍ਰਬੰਧਨ ਬਾਰੇ ਗੱਲ ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ ਨੇ ਦੱਸਿਆ ਕਿ ਛੋਟੇ ਕਿਸਾਨ ਜੋ ਟਰੈਕਟਰ ਜਾਂ ਸੁਪਰਸੀਡਰ ਲੈਣ ਤੋਂ ਅਸਮਰਥ ਹਨ, ਉਨਾਂ ਕਿਸਾਨਾਂ ਲਈ ਬੇਲਰ ਨਾਲ ਪਰਾਲੀ ਸੰਭਾਲਣੀ ਬਹੁਤ ਵਧੀਆ ਰਸਤਾ ਹੈ। ਉਨਾਂ ਦੱਸਿਆ ਕਿ ਬੇਲਰ ਮਾਲਕ ਵਲੋਂ ਖੇਤਾਂ ਵਿਚੋ ਪਰਾਲੀ ਇਕੱਠੀ ਕੀਤੀ ਜਾ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਡੇਰਾ ਬਾਬਾ ਨਾਨਕ ਬਲਾਕ ਵਿੱਚੋ ਬੇਲਰਾਂ ਰਾਹੀਂ ਪਿੰਡ ਦਬੁਰਜੀ ਤੋਂ 5 ਏਕੜ, ਪਿੰਡ ਅਕਰਪੁਰਾ ਤੋਂ 10.5 ਏਕੜ ਅਤੇ ਉਦੋਵਾਲੀ ਕਲਾਂ ਤੋਂ 12 ਏਕੜ ਵਿਚੋਂ ਪਰਾਲੀ ਇਕੱਠੀ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ/ਨਾੜ ਨੂੰ ਅੱਗ ਨਾ ਲਗਾਉਣ। ਖੇਤੀਬਾੜੀ ਵਿਭਾਗ ਵਲੋਂ ਪਰਾਲੀ ਦੇ ਪ੍ਰਬੰਧਨ ਲਈ ਯੋਗ ਪ੍ਰਬੰਧ ਕੀਤੇ ਹਨ ਅਤੇ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਦੇ ਪ੍ਰਬੰਧਨ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਨੇੜਲੇ ਖੇਤੀਬਾੜੀ ਵਿਭਾਗ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹਨ ਜਾਂ ਹੈਲਪ ਲਾਈਨ ਨੰਬਰ 1800-180-1852 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ : ਦਦੇਹਰ ਸਾਹਿਬ



ਚੋਹਲਾ ਸਾਹਿਬ (ਰਮਨ ਚੱਢਾ)-ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਪੰਚਾਇਤੀ ਚੋਣਾਂ ਦੀਆਂ ਧਾਂਦਲੀਆਂ ਖਿਲਾਫ ਬੋਲਣ ਵਾਲੇ ਕਾਂਗਰਸੀਆਂ ਦੀ ਤਾਂ ਉਹ ਗੱਲ ਹੋਈ ਕਿ ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ। ਉਨ੍ਹਾਂ ਕਿਹਾ ਕਿ 2018 ਦੀਆਂ ਪੰਚਾਇਤੀ ਚੋਣਾਂ ਵਿੱਚ ਕਾਂਗਰਸ ਦੇ ਪੱਟੀ ਹਲਕੇ ਦੇ ਸਾਬਕਾ ਵਿਧਾਇਕ ਨੇ ਇਹ ਰੀਤ ਪਾਈ ਹੈ।ਬਿਨਾਂ ਵੋਟਾਂ ਤੋਂ ਸਰਪੰਚ/ਪੰਚ ਬਣਾ ਦਿੱਤੇ ਗਏ ਸਨ। ਹੁਣ 'ਆਪ' ਦੀ ਵਾਰੀ ਆਈ ਤਾਂ ਕਾਂਗਰਸੀਏ ਡੀਸੀ ਅਤੇ ਐੱਸਐੱਸਪੀ ਨੂੰ ਮਿਲ ਰਹੇ ਹਨ।ਉਨ੍ਹਾਂ ਕਿਹਾ ਕਿ ਕਾਂਗਰਸੀਆਂ ਵੱਲੋਂ ਆਪਣੀਆਂ ਬੀਜੀਆਂ ਵੱਢਣੀਆਂ ਪੈ ਰਹੀਆਂ ਹਨ। ਹੁਣ ਆਪਣੀਆਂ ਪਾਈਆਂ ਗੈਰ-ਜਮਹੂਰੀ ਰਵਾਇਤਾਂ ਦੇ ਅਮਲ ਨੂੰ ਕੋਸਣਾ ਕਿਥੋਂ ਦੀ ਸਮਝਦਾਰੀ ਹੈ ਜਿਨ੍ਹਾਂ ਨੂੰ ਕਦੀ ਖੁਦ ਪੰਚਾਇਤੀ ਚੋਣ ਦਾ ਢੰਗ-ਤਰੀਕਾ ਬਣਾਇਆ ਸੀ।

## 'ਵੀ ਗੇਮ ਟੂ ਫੇਮ' ਭਾਰਤ 'ਚ ਈ-ਸਪੋਰਟਸ ਗੇਮਿੰਗ ਨੂੰ ਨਿਵੇਕਲਾ ਰੂਪ ਦੇਣ ਲਈ ਤਿਆਰ

ਲੁਧਿਆਣਾ : ਵੀ ਗੇਮ ਟੂ ਫੇਮ ਦਾ ਉਦੇਸ਼ ਦੇਸ਼ ਭਰ ਦੇ ਈ-ਸਪੋਰਟਸ ਪ੍ਰਸ਼ੰਸਕਾਂ ਨੂੰ ਇੱਕ ਮੰਚ 'ਤੇ ਲਿਆ ਕੇ ਮੁਕਾਬਲਾ ਕਰਨ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨਾ ਹੈ।ਇਸ ਮੁਕਾਬਲੇ ਦਾ ਪਹਿਲਾ ਐਡੀਸ਼ਨ 1 ਅਕਤੂਬ 2024 ਤੋਂ ਸ਼ੁਰੂ ਹੋ ਰਿਹਾ ਹੈ ਅਤੇ ਇਸ ਵਿੱਚ ਕਾਲ ਆਫ਼ ਡਿਊਟੀ: ਮੋਬਾਇਲ ਸ਼ਾਮਿਲ ਹੋਵੇਗਾ। ਇਸਦਾ ਗ੍ਰਾਂਡ ਫਿਨਾਲੇ ਏਸ਼ੀਆ ਦੇ ਸਭ ਤੋਂ ਵੱਡੇ ਟੈਕ ਫੈਸਟ ਇੰਡੀਆ ਮੋਬਾਇਲ ਕਾਂਗਰਸ 2024 ਵਿੱਚ ਹੋਵੇਗਾ।ਜੇਤੂਆਂ ਨੂੰ ਪੈਰਿਸ ਵਿੱਚ ਟੀਮ ਵਾਈਟਿਲਟੀ ਫੈਸਿਲਟੀ ਦਾ ਦੌਰਾ ਕਰਨ ਅਤੇ ਵਿਸ਼ਵ ਪੱਧਰੀ ਈ-ਸਪੋਰਟਸ ਟੀਮਾਂ ਅਤੇ ਮੈਨੇਜਿੰਗ ਪਾਰਟਨਰਜ਼ ਦੇ ਨਾਲ ਗੱਲਬਾਤ ਕਰਨ ਦਾ ਮੌਕਾ ਮਿਲੇਗਾ।ਵੀ ਦੀ ਵੈਬਸਾਈਟ ਅਤੇ ਵੀ ਐਪ ਦੁਆਰਾ 1 ਅਕਤੂਬਰ ਤੋਂ 5 ਅਕਤੂਬਰ 2024 ਤੱਕ ਵੀ ਗੇਮ ਟੂ ਫੇਮ ਲਈ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ।

## 8 ਨੂੰ ਲਾਂਚ ਹੋਵੇਗਾ ਟੈਕਨੋ ਦਾ 5ਜੀ ਸਮਾਰਟਫ਼ੋਨ

ਚੰਡੀਗੜ੍ਹ : ਟੈਕਨੋ ਲਗਾਤਾਰ ਆਪਣੇ 5ਜੀ ਸਮਾਰਟਫੋਨ ਪ੍ਰੋਡਕਟ ਪੋਰਟਫੋਲੀਓ ਦਾ ਵਿਸਥਾਰ ਕਰ ਰਿਹਾ ਹੈ।ਹੁਣ ਕੰਪਨੀ ਸਪਾਰਕ 30 ਸੀਰੀਜ਼ ਦੇ ਤਹਿਤ ਟੈਕਨੋ ਸਪਾਰਕ 30ਸੀ 5ਜੀ ਲੈ ਕੇ ਆ ਰਹੀ ਹੈ, ਜੋ ਕਿ ਕੁਆਲਟੀ ਅਤੇ ਉਪਯੋਗਿਤਾ ਦੇ ਪੱਖ ਤੋਂ ਤੁਹਾਡਾ ਸੱਚਾ ਪਾਰਟਨਰ ਸਾਬਤ ਹੋਵੇਗਾ।ਕੰਪਨੀ 8 ਅਕਤੂਬਰ ਨੂੰ ਭਾਰਤ ਵਿਚ ਟੈਕਨੋ ਸਪਾਰਕ 30ਸੀ 5ਜੀ ਸਮਾਰਟਫੋਨ ਲਾਂਚ ਕਰੇਗੀ।ਟੈਕਨੋ ਨੇ ਇਸ ਆਉਣ ਵਾਲੀ ਡਿਵਾਈਸ ਦੀ ਟੈਗ ਲਾਈਨ 'ਕ੍ਰੇਜ਼ੀਲੀ ਰੀਲਾਏਬਲ' ਰੱਖੀ ਹੈ।ਸਪਾਰਕ 30ਸੀ ਪ੍ਰਾਈਸ ਬੈਰੀਅਰਸ ਨੂੰ ਘੱਟ ਕਰਕੇ ਸਪੀਡ ਨੂੰ ਹੋਰ ਫਾਸਟ ਕਰਦਾ ਹੈ।ਫੋਟੋਗ੍ਰਾਫੀ ਦੇ ਸ਼ੌਕੀਨਾਂ ਨੂੰ ਇਸ ਦਾ 48ਐੱਮਪੀ ਸੋਨੀ ਕੈਮਰਾ ਪਸੰਦ ਆਵੇਗਾ।ਇੰਟਰਟੇਨਮੈਂਟ ਕੰਟੈਂਟ ਵਿੱਚ ਰੁਚੀ ਨੂੰ ਸਮਝਦੇ ਹੋਏ ਸਪਾਰਕ 30ਸੀ ਨੂੰ ਜੋ ਚੀਜ਼ ਵੱਖਰਾ ਬਣਾਉਂਦੀ ਹੈ ਉਹ ਹੈ ਇਸਦਾ 120 ਐੱਚਜ਼ੈੱਡ ਰਿਫਰੈਸ਼ ਰੇਟ, ਜੋ ਇਸ ਸੈਗਮੈਂਟ ਵਿੱਚ ਇੱਕ ਰੇਅਰ ਫੀਚਰ ਹੈ।

## ਆਖਰੀ ਦਿਨ ਹੋਣ ਕਰਕੇ ਨਾਮਜ਼ਦਗੀਆਂ ਭਰਨ ਵਾਲਿਆਂ ਦੀ ਲੱਗੀ ਭੀੜ

ਬੁਤਾਲਾ (ਨਿਰਮਲ ਸਿੰਘ ਸੰਘਾ)-ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਅੱਜ ਨਾਮਜ਼ਦਗੀ ਕਾਗਜ਼ ਭਰਨ ਦਾ ਆਖਰੀ ਦਿਨ ਹੋਣ ਕਰਕੇ ਲੋਕਾਂ ਦੀਆਂ ਸਵੇਰ ਤੋਂ ਹੀ ਲੰਮੀਆਂ ਕਤਾਰਾਂ ਲੱਗ ਗਈਆਂ ਸਨ।ਪੰਚ ਸਰਪੰਚ ਸਵੇਰ ਤੋਂ ਹੀ ਆਉਣੇ ਸ਼ੁਰੂ ਹੋ ਗਏ ਸਨ। ਪੰਜਾਬ ਵਿੱਚ 15 ਅਕਤੂਬਰ ਨੂੰ ਹੋ ਰਹੀਆਂ ਪੰਚਾਇਤੀ ਚੋਣਾਂ ਨੂੰ ਲੈਕੇ ਜਿਥੇ ਬਾਬਾ ਬਕਾਲਾ ਸਾਹਿਬ ਹਲਕੇ ਵਿੱਚ ਵੱਖ-ਵੱਖ ਪਾਰਟੀ ਦੇ ਨੁਮਾਇੰਦਿਆਂ ਵੱਲੋਂ ਇੰਨਾ ਚੋਣਾਂ ਨੂੰ ਲੜਨ ਲਈ ਉਤਸ਼ਾਹ ਦੇਖਿਆ ਜਾ ਰਿਹਾ ਹੈ ਅਤੇ ਆਪਣੇ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਜਾ ਰਹੇ ਹਨ, ਤਹਿਤ ਬਲਾਕ ਰਈਆ ਅੰਦਰ ਅੱਜ ਨਾਮਜ਼ਦਗੀਆਂ ਪੱਤਰ ਦਾਖਲ ਕਰਨ ਲਈ ਬਲਾਕ ਦੀਆਂ 99 ਪੰਚਾਇਤਾ ਵਿੱਚੋਂ ਅੱਜ ਆਖ਼ਰੀ ਦਿਨ ਹੋਣ ਕਰਕੇ ਸਵੇਰੇ 9 ਵਜੇ ਤੋਂ ਹੀ ਲੰਮੀਆਂ ਕਤਾਰਾਂ ਲੱਗ ਗਈਆ ਸਨ। ਇਸ ਦੌਰਾਨ ਕਾਂਗਰਸ ਦੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਨੇ ਰੋਸ ਜਿਤਾਇਆ ਕਿ ਸਰਕਾਰ ਲੋਕਾਂ ਨੂੰ ਖੱਜਲ-ਖੁਆਰ ਕਰ ਰਹੀ ਹੈ। ਕੋਈ ਸੁਚੱਜਾ ਪ੍ਰਬੰਧ ਨਹੀਂ ਹੈ।ਭੀੜ ਏਨੀ ਜਿਆਦਾ ਹੈ ਕਿ ਉਮੀਦਵਾਰ ਕਾਗਜ਼ ਭਰਨ ਸਮੇਂ ਬੇਹੋਸ਼ ਹੋ ਰਹੇ ਹਨ।

## ਨਿੱਜੀ ਸਕੂਲਾਂ ਦੀਆਂ ਬੇਨਿਯਮੀਆਂ ਖਿਲਾਫ ਸਿੱਖਿਆ ਵਿਭਾਗ ਨੇ ਕਮਰ ਕੱਸੀ



ਰਈਆ (ਡੀ. ਕੇ. ਰੈਡੀ)-ਪ੍ਰਾਈਵੇਟ ਸਕੂਲਾਂ ਖਿਲਾਫ ਵਿਭਾਗੀ ਕਾਰਵਾਈ ਕਰਨ ਲਈ ਸਿੱਖਿਆ ਵਿਭਾਗ ਨੇ ਆਖਰ ਕਮਰਕੱਸਾ ਕਰ ਹੀ ਲਿਆ ਹੈ।ਹੁਣ ਮਾਨਤਾ ਪ੍ਰਾਪਤ ਸਕੂਲ, ਐਸੋਸੀਏਟਿਡ ਸਕੂਲ ਬੇਨਿਯਮੀਆਂ ਕਰਕੇ ਵਿਭਾਗ ਦੀ ਉੱਚ ਪੱਧਰੀ ਜਾਂਚ ਦੇ ਘੇਰੇ ਹੇਠ ਆਉਣ ਜਾ ਰਹੇ ਹਨ।ਇਸ ਸਬੰਧੀ ਅਧਿਕਾਰਤ ਤੌਰ 'ਤੇ ਜਾਣਕਾਰੀ ਦਿੰਦਿਆਂ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਅਤੇ ਪਟੀਸ਼ਨਕਰਤਾ ਧਿਰ ਸਤਨਾਮ ਸਿੰਘ ਗਿੱਲ ਨੇ ਮੀਡੀਆ ਕਰਮੀਆਂ ਨੂੰ ਦੱਸਿਆ ਕਿ ਅੰਮ੍ਰਿਤਸਰ ਜ਼ਿਲੇ ਦੇ ਬਹੁ ਗਿਣਤੀ ਪ੍ਰਾਈਵੇਟ ਸਕੂਲਾਂ (ਬਲਾਕ ਰਈਆ, ਬਲਾਕ ਤਰਸਿੱਕਾ, ਬਲਾਕ ਵੇਰਕਾ ਆਦਿ) ਵੱਲੋਂ ਕੀਤੀਆਂ ਜਾ ਰਹੀਆਂ ਬੇਨਿਯਮੀਆਂ ਅਤੇ ਕਾਨੂੰਨ ਦੀ ਕੀਤੀ ਜਾ ਰਹੀ ਉਲੰਘਣਾ ਦੇ ਮੁੱਦੇ ਤੇ ਜਨਤਕ ਹਿੱਤ 'ਚ ਸ਼ਿਕਾਇਤ ਸਟੇਟ ਗੌਰਮਿੰਟ ਨੂੰ ਭੇਜੀ ਸੀ।ਮਾਮਲਾ ਅਪਰਾਧ ਅਤੇ ਕਾਨੂੰਨ ਨਾਲ ਕੀਤੇ ਜਾ ਰਹੇ ਖਿਲਵਾੜ ਨਾਲ ਸਬੰਧਿਤ ਹੋਣ ਕਰਕੇ ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇੱਕ ਵਿਸ਼ੇਸ਼ ਪੱਤਰ ਭੇਜ ਕੇ ਮੇਰੇ ਤੋਂ ਉਨ੍ਹਾਂ ਸਮੂਹ ਸਕੂਲਾਂ ਦੀ ਸੂਚੀ ਮੰਗੀ ਹੈ।ਜਿਨ੍ਹਾਂ ਸਕੂਲਾਂ ਖਿਲਾਫ ਮੈਂ ਪਿਛਲੇ ਲੰਮੇ ਸਮੇਂ ਤੋਂ ਕਾਨੂੰਨੀ ਪੱਧਰ ਤੇ ਚਾਰਾਜੋਈ ਕਰਦਾ ਆ ਰਿਹਾ ਹਾਂ।ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਮੇਰੇ ਵੱਲੋਂ ਸ਼ਿਕਾਇਤ ਸੀ ਕਿ ਉਕਤ ਸਕੂਲ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਜੋ ਕਿ ਪੰਜਾਬ 'ਚ ਲਾਗੂ ਹੀ ਨਹੀਂ ਹੈ, ਫਿਰ ਇੰਜ ਹਰ ਸਾਲ ਮਾਨਤਾ ਨੂੰ ਕਿਵੇਂ ਨਵਿਆਉਂਦੇ ਆ ਰਹੇ ਹਨ? ਇਸ ਤੋਂ ਇਲਾਵਾ 8 ਫੀਸਦੀ ਤੋਂ ਜ਼ਿਆਦਾ ਫੀਸਾਂ 'ਚ ਵਾਧੇ ਨਾਲ ਜੁੜੀਆਂ ਸ਼ਿਕਾਇਤਾਂ ਹਨ।ਟਰਾਂਸਪੋਰਟ ਨੀਤੀ ਦੀ ਪਾਲਣਾ ਕਰਨ 'ਚ ਕੀਤੀ ਜਾ ਰਹੀ ਚੂਕ ਨਾਲ ਸਬੰਧਿਤ ਮਾਮਲੇ ਤੋਂ ਇਲਾਵਾ ਬੈਲੰਸ ਸ਼ੀਟਾਂ 'ਚ ਹੋਈ ਧਾਂਦਲੀ ਅਤੇ ਜਾਂਚ ਦੌਰਾਨ ਕਈ ਸਕੂਲਾਂ ਵੱਲੋਂ ਸਟਾਫ ਅਤੇ ਰਜਿਸਟਰਡ ਸੋਸਾਇਟੀਆਂ 'ਚ ਕੀਤੇ ਗਏ ਫੇਰਬਦਲ, ਐੱਫਡੀ ਤੁੜਵਾਉਣ ਅਤੇ ਪੰਚਾਇਤੀ ਜ਼ਮੀਨਾਂ ਤੇ ਕਥਿਤ ਤੌਰ ਤੇ ਕੀਤੇ ਗਏ ਕਬਜ਼ੇ ਨਾਲ ਜੁੜੇ ਮੁੱਦੇ ਤੇ ਸ਼ਿਕਾਇਤਾਂ ਪੰਜਾਬ ਸਰਕਾਰ ਦੇ ਟੇਬਲ 'ਤੇ ਪਹੁੰਚੀਆਂ ਸਨ।ਵਰਦੀਆਂ ਤੇ ਕਿਤਾਬਾ ਸਕੂਲਾਂ 'ਚ ਮਹਿੰਗੇ ਭਾਅ ਵੇਚੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸਕੂਲਾਂ ਦੀ ਬਣੀਆਂ ਸੂਚੀਆਂ ਉਹ ਇਸੇ ਹਫਤੇ ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੌਂਪਣਗੇ ਤਾਂ ਕਿ ਨਵੇਂ ਅਕਾਦਮਿਕ ਦਾਖਲਿਆਂ ਦੇ ਸੈਸ਼ਨ 'ਚ ਸ਼ੱਕੀ ਅਤੇ ਡਿਫਾਲਟਰ ਸਕੂਲਾਂ 'ਤੇ ਪਾਬੰਦੀ ਲਗਾਈ ਜਾ ਸਕੇ।ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਨੇ ਕਿਹਾ ਕਿ ਬੱਚਿਆਂ ਅਤੇ ਮਾਪਿਆਂ ਦਾ ਆਰਥਿਕ ਸ਼ੋਸ਼ਣ ਰੋਕਣਾ ਉਨ੍ਹਾਂ ਦਾ ਮੁੱਖ ਏਜੰਡਾ ਹੈ।

## ਸਮਾਜ ਸੇਵੀ ਅੰਮ੍ਰਿਤਪਾਲ ਸਿੰਘ ਬਬਲੂ ਦੇ ਹੱਕ 'ਚ ਪ੍ਰੈੱਸ ਕਾਨਫਰੰਸ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਉਪਕਾਰ ਸਿੰਘ ਸੰਧੂ ਨੇ ਸਮਾਜ ਸੇਵੀ ਅੰਮ੍ਰਿਤਪਾਲ ਸਿੰਘ ਬਬਲੂ ਦੇ ਹੱਕ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਮਨਦੀਪ ਸਿੰਘ ਮੰਨਾ ਨੂੰ ਸਵਾਲ ਪੁੱਛੇ ਕਿ ਕਿਵੇਂ ਇੱਕ ਦਿਨ ਵਿੱਚ ਬਬਲੂ ਖ਼ਿਲਾਫ਼ ਐੱਫਆਈਆਰ ਦਰਜ ਹੋ ਗਈ ਤੇ ਉਸ ਕੋਲ ਕਰੋੜਾਂ ਰੁਪਏ ਦਾ ਪੈਸਾ ਬਿਨਾ ਕੰਮ ਕਿੱਥੋਂ ਆਉਂਦਾ ਹੈ? ਉਪਕਾਰ ਸਿੰਘ ਸੰਧੂ ਨੇ ਦੱਸਿਆ ਕਿ ਮਨਦੀਪ ਸਿੰਘ ਮੰਨਾ ਖਿਲਾਫ ਬੋਲਣ ਤੇ ਅੰਮ੍ਰਿਤਪਾਲ ਸਿੰਘ ਬਬਲੂ ਖਿਲਾਫ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਪਰ ਉਹ ਹੈਰਾਨ ਹਨ ਕਿ 25 ਸਤੰਬਰ ਨੂੰ ਕ੍ਰਾਈਮ ਬ੍ਰਾਂਚ ਵਲੋਂ ਇਕ ਹੀ ਦਿਨ ਵਿਚ ਬਿਨਾਂ ਕਿਸੇ ਜਾਂਚ ਦੇ ਕਿਵੇਂ ਐਫਆਈਆਰ ਹੋ ਗਈ ਜਦਕਿ ਕਈ ਵੱਡੀਆਂ ਵਾਰਦਾਤਾਂ ਤੋਂ ਬਾਦ ਵੀ ਦਿਨਾਂ ਤਕ ਐਫਆਈਆਰ ਦਰਜ ਨਹੀਂ ਹੁੰਦੀ। ਉਪਕਾਰ ਸਿੰਘ ਸੰਧੂ ਨੇ ਕਿਹਾ ਕਿ ਐਫਆਈਆਰ ਇੱਕ ਸਾਲ ਪਹਿਲਾਂ ਲਏ ਪੈਸਿਆਂ ਦੇ ਆਧਾਰ 'ਤੇ ਦਰਜ ਕੀਤੀ ਗਈ ਹੈ, ਜਦੋਂ ਕਿ ਜੇਕਰ ਪੈਸੇ ਜ਼ਬਰਦਸਤੀ ਲਏ ਗਏ ਸਨ ਤਾਂ ਇੱਕ ਸਾਲ ਪਹਿਲਾਂ ਕਿਉਂ ਨਹੀਂ ਕਿਹਾ ਗਿਆ। ਉਸ ਨੇ ਕਿਹਾ ਕਿ ਉਸ @ਤੇ ਜੋ ਪੈਸੇ ਜ਼ਬਰਦਸਤੀ ਲੈਣ ਦਾ ਦੋਸ਼ ਹੈ, ਉਹ ਬਬਲੂ ਦੀ ਤਨਖਾਹ ਦੇ ਪੈਸੇ ਸਨ ਜੋ ਕਿ ਉਹ ਮਨਦੀਪ ਸਿੰਘ ਮੰਨਾ ਦੇ ਸੋਸ਼ਲ ਮੀਡੀਆ ਦਾ ਕੰਮ ਕਰਨ ਬਦਲੇ ਲੈਂਦਾ ਸੀ।ਉਪਕਾਰ ਸਿੰਘ ਸੰਧੂ ਨੇ ਸਵਾਲ ਉਠਾਇਆ ਕਿ ਸਾਰੇ ਅਧਿਕਾਰੀ ਮਨਦੀਪ ਸਿੰਘ ਮੰਨਾ ਤੋਂ ਕਿਉਂ ਡਰਦੇ ਹਨ ਅਤੇ ਉਹ ਅਜਿਹਾ ਕੀ ਕੰਮ ਕਰਦੇ ਹਨ ਕਿ ਕੁਝ ਸਾਲਾਂ ਵਿਚ ਹੀ ਕਰੋੜਾਂ ਦੀ ਜਾਇਦਾਦ ਬਣ ਗਈ।ਉਪਕਾਰ ਸਿੰਘ ਸੰਧੂ ਨੇ ਕਿਹਾ ਕਿ ਮਨਦੀਪ ਸਿੰਘ ਮੰਨਾ ਕੋਲ ਕੁਝ ਨਹੀਂ ਸੀ ਅਤੇ ਕੋਵਿਡ ਤੋਂ ਪਹਿਲਾਂ ਉਨ੍ਹਾਂ ਕੋਲ ਕੁਝ ਨਹੀਂ ਸੀ ਪਰ ਹੁਣ ਇਹ ਕਿਵੇਂ ਆਇਆ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਉਪਕਾਰ ਸਿੰਘ ਸੰਧੂ ਨੇ ਕਿਹਾ ਕਿ ਐਫਆਈਆਰ ਬਿਲਕੁਲ ਝੂਠੀ ਹੈ ਅਤੇ ਇਸ ਦੀ ਜਾਂਚ ਹੋਣੀ ਚਾਹੀਦੀ ਹੈ।

## ਵੱਡੀ ਗਿਣਤੀ 'ਚ ਉਮੀਦਵਾਰਾਂ ਪੰਚੀ ਤੇ ਸਰਪੰਚੀ ਲਈ ਕਾਗਜ਼ ਦਾਖਲ ਕਰਵਾਏ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਵਿੱਚ 15 ਅਕਤੂਬਰ ਨੂੰ ਹੋਣ ਜਾ ਰਹੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਅੱਜ ਆਖਰੀ ਦਿਨ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਆਪਣੇ ਨਾਮਜ਼ਦਗੀ ਲਈ ਕਾਗਜ਼ ਦਾਖਲ ਕਰਵਾਏ ਗਏ।ਇਸ ਤਰਾਂ ਅੱਜ ਬਲਾਕ ਡੇਰਾ ਬਾਬਾ ਨਾਨਕ ਵਿਖੇ ਵੀ ਨਾਮਜ਼ਦਗੀ ਕੇਂਦਰਾਂ ਬਾਹਰ ਲੱਗੀਆਂ ਲੰਮੀਆਂ ਕਤਾਰਾਂ ਦੇਖਣ ਨੂੰ ਮਿਲੀਆਂ।ਇਸ ਮੌਕੇ ਬੀਡੀਪੀਓ ਦਫ਼ਤਰ ਵਿਖੇ ਉਪ ਮੰਡਲ ਮੇਜਿਸਟ੍ਰੇਟ ਕਮ ਆਲ ਓਵਰ ਇੰਚਾਰਜ ਪੰਚਾਇਤੀ ਚੋਣਾਂ ਡੇਰਾ ਬਾਬਾ ਨਾਨਕ ਰਾਜਪਾਲ ਸਿੰਘ ਸੇਖੋਂ ਨੇ ਦੱਸਿਆਂ ਕਿ ਡੇਰਾ ਬਾਬਾ ਨਾਨਕ ਵਿਖੇ 14 ਨਾਮਜ਼ਦਗੀ ਸੈਂਟਰ ਬਣਾਏ ਗਏ ਹਨ, ਜਿਸ 14 ਆਰ ਓ ਅਤੇ 14 ਅਸਿਸਟੈਂਟ ਆਰਓ ਦੇ ਨਾਲ ਹੋਰ ਚੋਣ ਅਮਲਾਂ ਉਮੀਦਵਾਰਾਂ ਕੋਲੋਂ ਨਾਮਜ਼ਦਗੀ ਪੇਪਰ ਲੈ ਰਹੇ ਹਨ, ਉਨਾਂ ਕਿਹਾ ਵੱਡੀ ਗਿਣਤੀ ਵਿੱਚ ਉਮੀਦਵਾਰਾਂ ਵੱਲੋਂ ਪੰਚ ਅਤੇ ਸਰਪੰਚ ਲਈ ਨਾਮਜ਼ਦਗੀ ਪੇਪਰ ਦਾਖਲ ਕਰਵਾਏ ਜਾ ਰਹੇ ਹਨ, ਇੱਕਾ ਦੁੱਕਾ ਘਟਨਾਵਾਂ ਤੋ ਇਲਾਵਾ ਨਾਮਜ਼ਦਗੀ ਦਾ ਸਾਰਾ ਕੰਮ ਪੂਰਨ ਅਮਨ ਅਮਾਨ ਨਾਲ ਚੱਲ ਰਿਹਾ ਹੈ, ਉਨਾਂ ਕਿਹਾ ਕਿ ਪੁਲਿਸ ਵੱਲੋਂ ਸੁਰੱਖਿਆਂ ਨੂੰ ਲੈ ਕੇ ਪੂਰੇ ਪ੍ਰਬੰਧ ਕੀਤੇ ਗਏ ਹਨ।ਇਸ ਮੌਕੇ ਡੇਰਾ ਬਾਬਾ ਨਾਨਕ ਵਿਖੇ ਇਸ ਮੌਕੇ ਸੁਰੱਖਿਆਂ ਪ੍ਰਬੰਧਾਂ ਦਾ ਜਾਇਜ਼ਾ ਲੈਣ ਡੇਰਾ ਬਾਬਾ ਨਾਨਕ ਵਿਖੇ ਪੁੱਜੇ ਬਾਰਡਰ ਰੇਂਜ ਦੇ ਡੀਆਈਜੀ ਸਤਿੰਦਰ ਪਾਲ ਸਿੰਘ ਅਤੇ ਸੁਹੇਲ ਕਾਸਿਮ ਮੀਰ, ਆਈਪੀਐਸ., ਐਸਐਸਪੀ. ਬਟਾਲਾ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਡੇਰਾ ਬਾਬਾ ਨਾਨਕ ਵਿਖੇ ਸਥਿਤੀ ਪੂਰੀ ਕੰਟਰੋਲ ਹੈ ਅਤੇ ਕਲਾਨੌਰ ਵਿਖੇ ਇੱਕ ਵਿਅਕਤੀ ਵੱਲੋਂ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਉਸ ਨੂੰ ਗ੍ਰਿਫਤਾਰ ਕਰਕੇ ਪੁਲਿਸ ਵੱਲੋਂ ਪਰਚਾ ਦਰਜ ਕਰ ਲਿਆ ਗਿਆ ਹੈ।ਇਸ ਮੌਕੇ ਆਰਓ ਸੁਰਿੰਦਰ ਸਿੰਘ ਕਾਹਲੋਂ, ਅਸਿਸਟੈਂਟ ਆਰਓ ਜਗਜੀਤ ਸਿੰਘ, ਚੋਣ ਇੰਚਾਰਜ ਪੰਕਜ ਵਰਮਾ, ਸਤਿਨਾਮ ਸਿੰਘ, ਨੀਰਜ ਸ਼ਰਮਾ, ਮੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

## ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੈਦਲ ਯਾਤਰਾ 7 ਨੂੰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪਿੰਡ ਕੀੜੀ ਅਫਗਾਨਾ ਵਿਖੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਸਮੂਹ ਪਿੰਡ ਦੀ ਸੰਗਤ ਅਤੇ ਇਲਾਕਾ ਨਿਵਾਸੀਆਂ ਦੇ ਭਰਵੇਂ ਸਹਿਯੋਗ ਨਾਲ ਸੰਪਰਦਾਇ ਦਲ ਬਾਬਾ ਬਿਧੀ ਚੰਦ ਜ਼ਿਲਾ ਗੁਰਦਾਸਪੁਰ ਦੇ ਜਥੇਦਾਰ ਸੰਤ ਬਾਬਾ ਸਤਨਾਮ ਸਿੰਘ ਜੀ ਦੀ ਅਗਵਾਈ ਵਿੱਚ ਪਿੰਡ ਕੀੜੀ ਅਫਗਾਨਾ ਤੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਲਾਨਾ ਪੈਦਲ ਯਾਤਰਾ 7 ਅਕਤੂਬਰ ਨੂੰ ਰਵਾਨਾ ਹੋਵੇਗੀ।ਜਾਣਕਾਰੀ ਦਿੰਦਿਆਂ ਸੰਤ ਬਾਬਾ ਸਤਨਾਮ ਸਿੰਘ ਡਾਕਟਰ ਜਸਵਿੰਦਰ ਸਿੰਘ, ਭਾਈ ਸੁਖਵਿੰਦਰ ਸਿੰਘ ਬੱਗਾ ਅਤੇ ਕਥਾਵਾਚਕ ਭਾਈ ਆਕਾਸ਼ਦੀਪ ਸਿੰਘ ਨੇ ਦੱਸਿਆ ਕਿ ਇਹ ਸਾਲਾਨਾ ਪੈਦਲ ਯਾਤਰਾ ਸੰਪਰਦਾਇ ਦਲ ਬਾਬਾ ਬਿਧੀ ਚੰਦ ਸੱਚਖੰਡ ਵਾਸੀ ਸੰਤ ਬਾਬਾ ਦਇਆ ਸਿੰਘ ਜੀ ਦੀ ਪ੍ਰੇਰਨਾ ਸਦਕਾ ਆਰੰਭ ਹੋਈ ਇਹ ਪੈਦਲ ਯਾਤਰਾ 7 ਅਕਤੂਬਰ ਨੂੰ ਅੰਮ੍ਰਿਤ ਵੇਲੇ ਆਰੰਭ ਹੋ ਕੇ ਪਹਿਲੀ ਰਾਤ ਗੁਰਦੁਆਰਾ ਫਲਾਹੀ ਸਾਹਿਬ ਵਿਖੇ ਸੰਗਤਾਂ ਵਿਸ਼ਰਾਮ ਕਰਨਗੀਆਂ ਅਤੇ ਦੂਸਰੀ ਰਾਤ ਗੁਰਦੁਆਰਾ ਛੇਵੀਂ ਪਾਤਸ਼ਾਹੀ ਪਿੰਡ ਅਲਕੜੇ ਵਿਖੇ ਸੰਗਤਾਂ ਵਿਸ਼ਰਾਮ ਕਰਨਗੀਆਂ।ਇਸ ਵਿੱਚ 8 ਤੇ 9 ਅਕਤੂਬਰ ਨੂੰ ਡਾਕਟਰ ਜਸਵਿੰਦਰ ਸਿੰਘ ਸੰਧੂ ਕੀੜੀ ਅਫਗਾਨਾ ਵੱਲੋਂ ਮੁਫਤ ਮੈਡੀਕਲ ਕੈਂਪ ਹਰ ਪੜਾਅ ਤੇ ਦੋ ਰੋਜ਼ਾ ਲਗਾਇਆ ਜਾਵੇਗਾ ਅਤੇ ਇਸ ਕੈਂਪ ਵਿੱਚ ਮਰੀਜ਼ਾਂ ਨੂੰ ਚੈਕਅਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ।ਇਸ ਮੌਕੇ ਉਨ੍ਹਾਂ ਨੇ ਅੱਗੇ ਦੱਸਿਆ ਕਿ ਇਸ ਸਬੰਧੀ ਪੈਦਲ ਯਾਤਰਾ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਬਾਬਾ ਜੀ ਨੇ ਸਮੂਹ ਸੰਗਤਾਂ ਨੂੰ ਇਸ ਪੈਦਲ ਯਾਤਰਾ ਵਿੱਚ ਵੱਧ-ਚੜ ਕੇ ਪਹੁੰਚਣ ਦੀ ਅਪੀਲ ਕੀਤੀ।

## ਕਾਲਜ ਆਫ ਐਜੂਕੇਸ਼ਨ ਪਠਾਨਕੋਟ ਦੇ ਵਿਦਿਆਰਥੀਆਂ ਵੱਲੋਂ ਬਿਰਧ ਆਸ਼ਰਮ ਝਾਖੋਲਾਹੜੀ ਦਾ ਦੌਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਜ਼ੁਰਗਾਂ ਦਾ ਆਪਣਾ ਘਰ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਰਹਿ ਰਹੇ ਬਜ਼ੁਰਗਾਂ ਨੂੰ ਗਰੁੱਪ ਆਫ ਐਜੂਕੇਸ਼ਨ ਕਾਲਜ ਪਠਾਨਕੋਟ ਦੇ ਵਿਦਿਆਰਥੀ ਮਿਲਣ ਲਈ ਪਹੁੰਚੇ।ਇਸ ਮੌਕੇ ਬਿਰਧ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੇ ਆਏ ਹੋਏ ਸਾਰੇ ਵਿਦਿਆਰਥੀਆ ਨੂੰ ਕਿਹਾ ਕਿ ਸਾਡਾ ਸਮਾਜ ਦਿਨੋਂ ਦਿਨ ਆਪਣੇ ਪੰਜਾਬੀ ਸੱਭਿਆਚਾਰ ਨੂੰ ਭੁੱਲਦਾ ਜਾ ਰਿਹਾ ਹੈ ਅਤੇ ਵੱਡੇ ਵਡੇਰਿਆਂ ਦਾ ਸਤਿਕਾਰ ਵੀ ਭੁੱਲੀ ਜਾ ਰਹੇ ਹਨ। ਸਾਨੂੰ ਇਸ ਮੁਹਿੰਮ ਨੂੰ ਖਤਮ ਕਰਨਾ ਚਾਹੀਦਾ ਹੈ ਅਤੇ ਆਪਣੇ ਮਾਂ ਬਾਪ ਦੀ ਸੇਵਾ ਕਰਨੀ ਚਾਹੀਦੀ ਹੈ।ਬਿਰਧ ਅਵਸਥਾ ਵਿੱਚ ਆ ਕੇ ਮਾਂ ਬਾਪ ਨੂੰ ਆਪਣੇ ਬੱਚਿਆਂ ਦੇ ਸਹਾਰੇ ਦੀ ਜਰੂਰਤ ਹੁੰਦੀ ਹੈ। ਇੱਕ ਸਮਾਂ ਸੀ ਜਦੋਂ ਪੰਜ ਪੰਜ ਬੱਚਿਆਂ ਨੂੰ ਇੱਕ ਇਕੱਲੇ ਮਾਂ- ਬਾਪ ਸਾਂਭ ਲੈਂਦੇ ਸਨ। ਅੱਜ ਪੰਜ ਪੰਜ ਬੱਚੇ ਇੱਕ ਮਾਂ-ਬਾਪ ਨੂੰ ਨਹੀਂ ਸੰਭਾਲਦੇ ਜਿਹੜੀ ਸਾਡੇ ਸਾਰਿਆਂ ਦੇ ਲਈ ਬਹੁਤ ਜ਼ਿਆਦਾ ਗਲਤ ਗੱਲ ਹੈ! ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਇਸ ਦੇ ਨਾਲ ਹੀ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਕਿਹਾ ਕਿ ਜੇਕਰ ਘਰ ਵਿੱਚ ਕੋਈ ਗੱਲਬਾਤ ਹੁੰਦੀ ਹੈ ਤਾਂ ਉਸਨੂੰ ਘਰ ਵਿੱਚ ਬੈਠ ਕੇ ਹੀ ਨਿਪਟਾਉਣਾ ਚਾਹੀਦਾ ਹੈ ਨਾ ਕਿ ਬਿਰਧ ਮਾਤਾ-ਪਿਤਾ ਨੂੰ ਘਰੋਂ ਬੇਘਰ ਕਰਨਾ ਚਾਹੀਦਾ। ਇਸ ਮੌਕੇ ਆਏ ਹੋਏ ਕਾਲਜ ਦੇ ਅਧਿਆਪਕਾਂ ਨੇ ਆਸ਼ਰਮ ਪ੍ਰਬੰਧਕਾਂ ਨੂੰ ਕਿਹਾ ਕਿ ਤੁਸੀਂ ਜੋ ਮਾਨਵਤਾ ਦੀ ਸੇਵਾ ਕਰ ਰਹੇ ਹੋ ਇਹ ਸਭ ਤੋਂ ਵੱਡੀ ਅਤੇ ਉਤਮ ਸੇਵਾ ਹੈ। ਅਸੀਂ ਤੁਹਾਡਾ ਸਾਥ ਜ਼ਰੂਰ ਦਿਆਂਗੇ।ਇਸ ਮੌਕੇ ਗਰੁੱਪ ਆਫ ਐਜੂਕੇਸ਼ਨ ਕਾਲਜ ਪਠਾਨਕੋਟ ਦੇ ਅਧਿਆਪਕ ਸਾਹਿਬਾਨ ਵੀ ਪਹੁੰਚੇ।ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੇ ਆਏ ਹੋਏ ਸਾਰੇ ਬੱਚਿਆਂ ਦਾ ਅਤੇ ਅਧਿਆਪਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਬਜ਼ੁਰਗਾਂ ਦੇ ਨਾਲ ਹਾਸੇ ਮਜ਼ਾਕ ਕਰਕੇ ਉਨ੍ਹਾਂ ਦਾ ਮਨੋਰੰਜਨ ਕੀਤਾ। ਇਸ ਮੌਕੇ ਆਸ਼ਰਮ ਸਮੂਹ ਸਟਾਫ ਸਵਿਤਾ, ਸੁਖਵਿੰਦਰ ਕੌਰ, ਅੰਜੂ ਬਾਲਾ, ਰੂਪ ਰਾਣੀ, ਰੂਬੀ, ਰਾਜਰਾਣੀ, ਤਰਸੇਮ ਲਾਲ, ਰਮੇਸ਼ ਚੰਦਰ ਆਦਿ ਮੌਜੂਦ ਸਨ।

## ਵਾਤਾਵਰਨ ਦੀ ਸੁਚੱਜੀ ਸਾਂਭ-ਸੰਭਾਲ ਤੇ ਵਿਕਾਸ ਨੂੰ ਮੁੱਖ ਰੱਖਦਿਆਂ ਕੈਂਪ ਆਯੋਜਿਤ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਦੇ ਐੱਨਐੱਸਐੱਸ ਵਿਭਾਗ ਅਤੇ ਪੰਜਾਬ ਸਰਕਾਰ ਦੇ ਯੂਥ ਆਫ ਮਨਿਸਟਰੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕਾਲਜ ਦੇ ਐੱਨ. ਐੱਸ. ਐੱਸ ਵਿਭਾਗ ਦੁਆਰਾ ਸਮਾਜ ਸੁਧਾਰ, ਵਾਤਾਵਰਨ ਦੀ ਸੁਚੱਜੀ ਸਾਂਭ-ਸੰਭਾਲ ਅਤੇ ਵਿਕਾਸ ਨੂੰ ਮੁੱਖ ਰੱਖਦਿਆਂ ਇੱਕ ਰੋਜ਼ਾ ਕੈਂਪ ਦਾ ਆਯੋਜਿਤ ਕੀਤਾ ਗਿਆ ਜਿਸ ਵਿੱਚ ਐੱਨ. ਐੱਸ. ਐੱਸ ਵਿਭਾਗ ਦੇ ਵਿਦਿਆਰਥੀਆਂ ਤੋਂ ਇਲਾਵਾ ਕਾਲਜ ਦੇ ਵੱਖ-ਵੱਖ ਵਿਭਾਗਾਂ ਤੋਂ ਕਰੀਬ 100 ਵਿਦਿਆਰਥੀਆਂ ਨੇ ਇਸ ਕੈਂਪ ਵਿੱਚ ਭਾਗ ਲਿਆ। ਇਸ ਕੈਂਪ ਦਾ ਮੁੱਖ ਮੰਤਵ 'ਸਵੱਛਤਾ ਹੀ ਸੇਵਾ ਹੈ' ਵਿੱਚ ਜਿੱਥੇ ਕਾਲਜ ਕੈਂਪਸ ਦੀ ਸਮੁੱਚੀ ਸਫਾਈ ਕਰਨਾ ਸੀ ਉੱਥੇ ਸਮਾਜ ਸੁਧਾਰ ਦੇ ਨਿਯਮਾਂ ਬਾਰੇ ਜਾਣਕਾਰੀ ਵੀ ਮੁਹੱਈਆ ਕਰਵਾਉਣਾ ਸੀ।ਇਸ ਮੌਕੇ ਵਿਦਿਆਰਥੀਆਂ ਨੂੰ ਜਿੱਥੇ ਪੈੱਨ, ਕਾਪੀਆਂ, ਪੈਨਸਲਾਂ ਦਿੱਤੀਆਂ ਗਈਆਂ ਉੱਥੇ ਉਨ੍ਹਾਂ ਦੀ ਸਿਹਤ ਸੰਭਾਲ ਨੂੰ ਧਿਆਨ ਵਿੱਚ ਰੱਖਦਿਆਂ ਦਸਤਾਨੇ ਵੀ ਦਿੱਤੇ ਗਏ।ਇਸ ਸਮੁੱਚੇ ਪ੍ਰੋਗਰਾਮ ਨੂੰ ਉਲੀਕਣ ਅਤੇ ਵਿਧੀਵਤ ਢੰਗ ਨਾਲ ਚਲਾਉਣ ਲਈ ਕਾਲਜ ਦੇ ਪ੍ਰਿੰਸੀਪਲ ਡਾ.ਬਲਵੰਤ ਸਿੰਘ ਸੰਧੂ ਨੇ ਯੋਗ ਅਗਵਾਈ ਕੀਤੀ।ਇਸ ਸਮੇਂ ਪ੍ਰੋ. ਸਰਤਾਜ ਸਿੰਘ ਛੀਨਾ (ਕੋਆਰਡੀਨੇਟਰ), ਡਾ. ਕੰਵਲਜੀਤ ਸਿੰਘ, ਪ੍ਰੋ. ਮਨਪ੍ਰੀਤ ਕੌਰ (ਪ੍ਰੋਗਰਾਮ ਅਫ਼ਸਰ), ਪ੍ਰੋ. ਹਰਦੀਪ ਸਿੰਘ, ਡਾ. ਸੁਖਬੀਰ ਕੌਰ, ਪ੍ਰੋ. ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।




## ਝਬਾਲ ਸਕੂਲ ਦੇ ਬੱਚਿਆਂ ਬੈਂਡ ਮੁਕਾਬਲੇ 'ਚ ਮਾਰੀਆਂ ਮੱਲਾਂ



ਝਬਾਲ (ਹਰਜਿੰਦਰ ਸਿੰਘ ਸੋਨੀ)—ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੀ ਬੈਂਡ ਟੀਮ ਨੇ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਵਿੱਚ ਕਰਵਾਏ ਗਏ ਬੈਂਡ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਉਸ ਵਿੱਚੋਂ ਦੂਜਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰਦਿਆਂ ਸਕੂਲ ਲਈ ਟਰਾਫ਼ੀ ਅਤੇ ਮੈਡਲ ਹਾਸਲ ਕੀਤਾ। ਇਹ ਮੁਕਾਬਲੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਸ਼ੁਭਮ ਇਨਕਲੇਵ ਦੁਬਰਜੀ ਵਿਖੇ ਕਰਵਾਏ ਗਏ ਸਨ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰ, ਅਨੁਰੀਤ ਬਾਵਾ ਨੇ ਬੈਂਡ ਅਧਿਆਪਕ ਬਲਜਿੰਦਰ ਸਿੰਘ ਅਤੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਸਫ਼ਲਤਾ 'ਤੇ ਵਧਾਈ ਦਿੰਦਿਆਂ ਇਸੇ ਤਰ੍ਹਾਂ ਸਖ਼ਤ ਮਿਹਨਤ ਕਰਨ ਦੇ ਲਈ ਪ੍ਰੇਰਿਤ ਕੀਤਾ।

## ਮਹਾਰਿਸ਼ੀ ਦਯਾਨੰਦ ਸਰਸਵਤੀ ਦੀ 200ਵੀਂ ਜਯੰਤੀ ਨੂੰ ਸਮਰਪਿਤ ਸਮਾਰੋਹ ਦੀਆਂ ਤਿਆਰੀਆਂ ਆਰੰਭ

ਗੁਰਦਾਸਪੁਰ (ਜਨਕ ਮਹਾਜਨ)-ਆਰੀਆ ਸਮਾਜ ਮੰਦਰ ਪਿੰਡ ਬਰਨਾਲਾ ਕਮੇਟੀ ਦੀ ਇਕ ਬੈਠਕ ਮਾਸਟਰ ਗੁਰਦਿਆਲ ਸਿੰਘ ਜੱਗੀ ਦੀ ਪ੍ਰਧਾਨਗੀ ਹੇਠ ਹੋਈ।

ਬੈਠਕ ਵਿਚ ਪੰਜਾਬ ਦੇ ਆਰੀਆ ਨੇਤਾ ਵੇਦ ਪ੍ਰਕਾਸ਼ ਮਹਾਜਨ ਲੁਧਿਆਣਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਬੈਠਕ ਵਿਚ ਮਹਾਰਿਸ਼ੀ ਦਯਾਨੰਦ ਸਰਸਵਤੀ ਜੀ ਦੀ 200ਵੀਂ ਜਯੰਤੀ ਅਤੇ ਆਰੀਆ ਸਮਾਜ ਬਰਨਾਲਾ ਦੀ 50ਵੀਂ ਵਰ੍ਹੇਗੰਢ ਸਮਾਰੋਹ 4 ਨਵੰਬਰ ਤੋਂ 10 ਨਵੰਬਰ ਤਕ ਮਨਾਉਣ ਦੀਆਂ ਤਿਆਰੀਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਆਰੀਆ ਸਮਾਜ ਦੇ ਮਹਾਮੰਤਰੀ ਤਰਸੇਮ ਲਾਲ ਆਰੀਆ ਨੇ ਦੱਸਿਆ ਕਿ 4 ਨਵੰਬਰ ਨੂੰ ਇਸ ਸਮਾਰੋਹ ਦੀ ਸ਼ੁਰੂਆਤ ਸਵੇਰੇ ਪ੍ਰਭਾਤ ਫੇਰੀ ਨਾਲ ਹੋਵੇਗੀ। 4 ਤੋਂ 7 ਨਵੰਬਰ ਤੱਕ ਪਰਿਵਾਰਕ ਸਤਿਸੰਗ ਕੀਤਾ ਜਾਵੇਗਾ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਨੂਰਪੁਰ ਹਿਮਾਚਲ ਤੋਂ ਸਵਾਮੀ ਵੇਦ ਪ੍ਰਕਾਸ ਜੀ ਆਪਣੇ ਪ੍ਰਵਚਨਾਂ ਰਾਹੀਂ ਸ਼ਰਧਾਲੂਆਂ ਨੂੰ ਆਸ਼ੀਰਵਾਦ ਦੇਣਗੇ। 8 ਨਵੰਬਰ ਨੂੰ 'ਵੈਦਿਕ ਚੇਤਨਾ ਯਾਤਰਾ' ਗੁਰਦਾਸਪੁਰ ਤੋਂ ਪਿੰਡ ਬਰਨਾਲਾ ਤੱਕ ਆਯੋਜਿਤ ਕੀਤੇ ਜਾਵੇਗੀ। 10 ਨਵੰਬਰ ਨੂੰ ਸਵੇਰੇ 9 ਵਜੇ 51 ਹਵਨਯੱਗ ਦੀ ਸ਼ੁਰੂਆਤ ਭੰਗਵਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਕੇ ਕੀਤੀ ਜਾਵੇਗੀ।

ਇਸ ਸਮਾਰੋਹ ਦੀ ਪ੍ਰਧਾਨਗੀ ਪੂਜਨੀਕ ਸਵਾਮੀ ਆਰੀਆ ਵੇਸ਼ ਜੀ ਪ੍ਰਧਾਨ ਸਾਰਵਦੇਸ਼ਿਕ ਆਰੀਆ ਪ੍ਰਤੀਨਿਧ ਸਭਾ ਦਿੱਲੀ ਕਰਨਗੇ। ਇਸ ਬੈਠਕ ਵਿਚ ਗੁਰਦਿੱਤ ਸਿੰਘ, ਪ੍ਰੈੱਸ ਸਕੱਤਰ ਸੁਸ਼ੀਲ ਬਰਨਾਲਾ, ਅਮਰੀਕੀ ਸਿੰਘ, ਸਰਵਨ ਕੁਮਾਰ, ਵਿਜੈ ਕੁਮਾਰ, ਸਤਪਾਲ ਫੌਜੀ, ਰਮੇਸ਼ ਚੰਦਰ, ਸ਼ਾਮ ਲਾਲ, ਦਮਨ ਸਿੰਘ, ਨਰਿੰਦਰ ਕੁਮਾਰ, ਪਲਵਿੰਦਰ ਡੋਗਰਾ, ਲਖਵਿੰਦਰ ਸਿੰਘ ਮੰਨਾ, ਅਜੇ ਸਿੰਘ, ਰਾਜਿੰਦਰ ਸਿੰਘ, ਇਕਬਾਲ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

## ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ 'ਤੇ ਵਾਤਾਵਰਨ ਮਾਹਿਰਾਂ ਵੱਲੋਂ ਚਿੰਤਾ ਦਾ ਪ੍ਰਗਟਾਵਾ



ਗੁਰਦਾਸਪੁਰ (ਜਨਕ ਮਹਾਜਨ)- ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਬੇਸ਼ੱਕ ਸਮੇਂ-ਸਮੇਂ ਦੀਆਂ ਸਰਕਾਰਾਂ ਵਲੋਂ ਵੱਖ-ਵੱਖ ਯੋਗ ਉਪਰਾਲੇ ਕੀਤੇ ਜਾਂਦੇ ਰਹੇ ਹਨ ਪਰ ਅੱਜ ਵੀ ਪਾਣੀ ਦੀ ਦੁਰਵਰਤੋ ਭਵਿੱਖ ਲਈ ਇਕ ਚਿੰਤਾ ਦਾ ਵਿਸ਼ਾ ਹੈ। ਮਾਹਿਰਾਂ ਮੁਤਾਬਿਕ ਧਰਤੀ ਹੇਠਾਂ ਪੀਣ ਯੋਗ ਪਾਣੀ ਕੁਝ ਸਾਲਾਂ ਦਾ ਹੀ ਬਚਿਆ ਹੈ ਪਰ ਫ਼ਿਰ ਵੀ ਲੋਕ ਪਾਣੀ ਦੀ ਸਾਂਭ-ਸੰਭਾਲ ਵੱਲ ਖ਼ਾਸ ਖਿਆਲ ਨਹੀਂ ਦੇ ਰਹੇ। ਇਸ ਸਬੰਧੀ ਗੱਲਬਾਤ ਕਰਦਿਆਂ ਸਮਾਜ ਸੇਵੀਆਂ ਨੇ ਦੱਸਿਆ ਕਿ ਮਨੁੱਖੀ ਜੀਵਨ ਪਾਣੀ ਤੋਂ ਬਿਨ੍ਹਾਂ ਅਸੰਭਵ ਹੈ ਇਸ ਲਈ ਪਾਣੀ ਦੀ ਸਾਂਭ-ਸੰਭਾਲ ਕਰਨਾ ਸਾਡੀ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਵਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਦਾ ਹੋਕਾ ਵਾਰ-ਵਾਰ ਦਿੱਤਾ ਜਾਂਦਾ ਹੈ ਪਰ ਸਿੱਧੀ ਬਿਜਾਈ ਵੱਲ ਕਿਸਾਨਾਂ ਵਲੋਂ ਕੋਈ ਖ਼ਾਸ ਤਰਜੀਹ ਨਹੀਂ ਦਿੱਤੀ ਜਾਂਦੀ। ਉਨ੍ਹਾਂ ਕਿਹਾ ਜਿਲ੍ਹਾ ਗੁਰਦਾਸਪੁਰ ਅੰਦਰ ਇਸ ਵਾਰ ਵੀ ਕਿਸਾਨਾਂ ਵਲੋਂ ਘੱਟ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਅਤੇ ਜ਼ਿਆਦਾਤਰ ਕਿਸਾਨਾਂ ਨੇ ਕੱਦੂ ਕਰਕੇ ਹੀ ਝੋਨਾ ਲਗਾਉਣ ਨੂੰ ਪਹਿਲ ਦਿੱਤੀ। ਸਮਾਜ ਸੇਵੀਆਂ ਦਾ ਕਹਿਣਾ ਹੈ ਕਿ ਮੋਟਰਾਂ ਦੇ ਬਿਲ ਮਾਫ਼ ਹੋਣ ਕਿਸਾਨਾਂ ਵਲੋਂ ਮੋਟਰਾਂ ਨੂੰ ਆਟੋਕੱਟ ਲਗਾ ਦਿੱਤੇ ਗਏ ਹਨ ਅਤੇ ਬਿਜਲੀ ਆਉਣ 'ਤੇ ਮੋਟਰਾਂ ਲਗਾਤਾਰ ਚਲਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਵਾਟਰ ਸਪਲਾਈ ਵਾਲੀਆਂ ਟੂਟੀਆਂ ਦਾ ਪਾਣੀ ਬੇਵਜ੍ਹਾ ਵਗਦਾ ਰਹਿੰਦਾ ਹੈ। ਉਨ੍ਹਾਂ ਕਿਹਾ ਇਸੇ ਤਰ੍ਹਾਂ ਪਿੰਡਾਂ ਅੰਦਰ ਕੁਝ ਲੋਕ ਆਪਣੇ ਘਰਾਂ ਦੇ ਬਾਹਰ ਗੱਡੀਆਂ ਮੋਟਰਾਂ ਤੋਂ ਇਲਾਵਾਂ ਵੱਡੀਆਂ ਪਾਈਪਾਂ ਲਗਾ ਕੇ ਸਬਜ਼ੀਆਂ ਵਾਲੀਆਂ ਕਿਆਰੀਆਂ ਅਤੇ ਗਲੀਆਂ ਨੂੰ ਲੰਬਾ ਸਮਾਂ ਸਾਫ਼ ਕਰਦੇ ਰਹਿੰਦੇ ਹਨ ਜਿਸ ਨਾਲ ਪਾਣੀ ਦੀ ਦੁਰਵਰਤੋਂ ਹੁੰਦੀ ਰਹਿੰਦੀ ਹੈ। ਉਨ੍ਹਾਂ ਕਿਹਾ ਜੇਕਰ ਇਸੇ ਤਰ੍ਹਾਂ ਪਾਣੀ ਦੀ ਦੁਰਵਰਤੋਂ ਹੁੰਦੀ ਰਹੀ ਤਾਂ ਆਉਣ ਵਾਲੀ ਪੀੜ੍ਹੀ ਲਈ ਜ਼ਿੰਦਗੀ ਜਿਉਣਾ ਹੋਰ ਮੁਸ਼ਕਿਲ ਹੋ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਪਾਣੀ ਦੀ ਦੁਰਵਰਤੋ ਨੂੰ ਰੋਕਣ ਲਈ ਠੋਸ ਉਪਰਾਲੇ ਕੀਤੇ ਜਾਣ ਜਿਸ ਨਾਲ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ।

## ਸੀ. ਪੀ. ਆਈ. (ਐੱਮ) ਵੱਲੋਂ ਬ੍ਰਾਂਚ ਕਮੇਟੀਆਂ ਦੇ ਸਕੱਤਰਾਂ ਦੀ ਚੋਣ

### ਰਾਮਗੜ੍ਹੀਆ ਬੁੰਗਾ ਵਿਖੇ ਤਹਿਸੀਲ ਕਮੇਟੀ ਤਰਨ ਤਾਰਨ ਦਾ ਅਜਲਾਸ 10 ਨੂੰ



ਝਬਾਲ (ਹਰਜਿੰਦਰ ਸਿੰਘ ਸੋਨੀ)-ਸੀਪੀਆਈ (ਐੱਮ) ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਹਰਪ੍ਰੀਤ ਕੌਰ ਝਬਾਲ, ਜ਼ਿਲ੍ਹਾ ਕਮੇਟੀ ਮੈਂਬਰ ਕਾਮਰੇਡ ਸੁਖਦੇਵ ਸਿੰਘ ਗੋਹਲਵੜ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿੰਡ ਝਬਾਲ ਦੀ ਬ੍ਰਾਂਚ ਦੀ 10 ਮੈਂਬਰੀ ਕਮੇਟੀ ਦੇ ਸਕੱਤਰ ਕਾਮਰੇਡ ਨਰਿੰਦਰ ਸਿੰਘ ਝਬਾਲ ਸਰਬਸੰਮਤੀ ਨਾਲ ਚੁਣੇ ਗਏ। ਪਿੰਡ ਪੰਜਵੜ ਕਲਾਂ ਦੀ ਬ੍ਰਾਂਚ 10 ਮੈਂਬਰੀ ਕਮੇਟੀ ਦੇ ਸਕੱਤਰ ਕਾਮਰੇਡ ਸਰਬਜੀਤ ਕੌਰ ਸਰਬਸੰਮਤੀ ਨਾਲ ਚੁਣੇ ਗਏ, ਪਿੰਡ ਐਮਾ ਦੀ ਬ੍ਰਾਂਚ 10 ਮੈਂਬਰੀ ਕਮੇਟੀ ਦੇ ਸਕੱਤਰ ਕਾਮਰੇਡ ਜਸਪਾਲ ਸਿੰਘ ਐਮਾਂ ਸਰਬਸੰਮਤੀ ਨਾਲ ਚੁਣੇ ਗਏ। ਪਿੰਡ ਬਘਿਆੜੀ ਦੀ ਬ੍ਰਾਂਚ 4 ਮੈਂਬਰੀ ਕਮੇਟੀ ਦੇ ਸਕੱਤਰ ਕਾਮਰੇਡ ਨਿਰਮਲ ਸਿੰਘ ਬਘਿਆੜੀ ਸਕੱਤਰ ਸਰਬਸੰਮਤੀ ਨਾਲ ਚੁਣੇ ਗਏ।ਪਿੰਡ ਛਾਪਾ ਦੀ ਬਰਾਂਚ 3 ਮੈਂਬਰੀ ਕਮੇਟੀ ਦੇ ਸਕੱਤਰ ਕਾਮਰੇਡ ਕੁਲਵੰਤ ਸਿੰਘ ਛਾਪਾ ਸਰਬਸੰਮਤੀ ਨਾਲ ਚੁਣੇ ਗਏ। ਪਿੰਡ ਝਬਾਲ ਦੀ ਬਰਾਂਚ 4 ਮੈਂਬਰੀ ਦੇ ਸਕੱਤਰ ਕਾਮਰੇਡ ਮਲੂਕ ਸਿੰਘ ਝਬਾਲ ਸਰਬਸੰਮਤੀ ਨਾਲ ਚੁਣੇ ਗਏ, ਮੀਰਪੁਰ ਦੀ ਬਰਾਂਚ 5 ਮੈਂਬਰੀ ਕਮੇਟੀ ਦੇ ਸਕੱਤਰ ਕਾਮਰੇਡ ਦਿਲਬਾਗ ਸਿੰਘ ਮੀਰਪੁਰ ਸਰਬਸੰਮਤੀ ਨਾਲ ਚੁਣੇ ਗਏ। ਇਸ ਮੌਕੇ ਸੀਪੀਆਈ (ਐੱਮ) ਦੇ ਕੁਲ ਹਿੰਦ ਜਨਰਲ ਸਕੱਤਰ ਕਾਮਰੇਡ ਸੀਤਾਰਾਮ ਯੇਚੁਰੀ, ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਕਾਮਰੇਡ ਬੁਧਦੇਵ ਭੱਟਾਚਾਰੀਆ ਨੂੰ ਦੋ ਮਿੰਟ ਲਈ ਮੌਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਨ੍ਹਾਂ ਬ੍ਰਾਂਚਾਂ ਦੀਆਂ ਕਾਨਫ਼ਰੰਸਾਂ ਨੂੰ ਉਕਤ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੇ ਦਸ ਸਾਲ ਦੀ ਕਾਰਗੁਜ਼ਾਰੀ ਵਿੱਚ ਦਲਿਤਾਂ, ਘੱਟ ਗਿਣਤੀਆਂ ਤੇ ਔਰਤਾਂ 'ਤੇ ਹਮਲਿਆਂ ਵਿੱਚ ਅਥਾਹ ਵਾਧਾ ਹੋਇਆ ਹੈ। ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਆਗੂਆਂ ਨੇ ਕਿਹਾ ਕਿ ਨਸ਼ਾ ਘਰ ਘਰ ਵਿੱਕ ਰਿਹਾ, ਰੇਤ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਇਸ ਮੌਕੇ ਤਹਿਸੀਲ ਤਰਨ ਤਾਰਨ ਦੇ ਡੈਲੀਗੇਟ ਅਜਲਾਸ ਵਾਸਤੇ ਡੈਲੀਗੇਟ ਚੁਣੇ ਗਏ। ਤਹਿਸੀਲ ਕਮੇਟੀ ਤਰਨ ਤਾਰਨ ਦਾ ਅਜਲਾਸ 10 ਅਕਤੂਬਰ ਦਿਨ ਵੀਰਵਾਰ ਨੂੰ ਰਾਮਗੜ੍ਹੀਆ ਬੁੰਗਾ ਵਿਖੇ ਹੋਵੇਗਾ।ਇਸ ਮੌਕੇ ਨਰਿੰਦਰ ਸਿੰਘ ਬਘਿਆੜੀ, ਸਰਬਜੀਤ ਕੌਰ ਪਜਵੜ, ਕੁਲਵੰਤ ਸਿੰਘ ਛਾਪਾ, ਜਸਪਾਲ ਸਿੰਘ ਐਮਾ, ਨਿਰਮਲ ਸਿੰਘ ਬਘਿਆੜੀ, ਮਲੂਕ ਸਿੰਘ ਝਬਾਲ, ਦਿਲਬਾਗ ਸਿੰਘ ਮੀਰਪੁਰ ਆਦਿ ਹਾਜ਼ਰ ਸਨ।

# ਨਿਰਮਲ ਸਿੰਘ ਸੇਖੋਂ ਐੱਮ ਬੀ ਈ ਦਾ ਸਨਮਾਨ



ਨਿਰਮਲ ਸਿੰਘ ਸੇਖੋਂ MBE

ਮੁਸਲਿਮ ਭਾਈਚਾਰੇ ਦੀਆਂ ਉੱਘੀਆ ਸ਼ਖਸੀਅਤਾਂ ਵਿੱਚੋਂ ਇੱਕ ਫ਼ਜ਼ਲ ਹੁਸੈਨ MBE ਵੱਲੋਂ Dr. ਨਿਰਮਲ ਸਿੰਘ ਸੇਖੋਂ MBE ਦਾ ਸ਼ੀਸ਼ ਮਹਿਲ ਰੈਸਟੋਰੈਂਟ ਬ੍ਰੈੱਡਫੋਰਡ ਵਿੱਚ ਬੜੀ ਧੂਮ-ਧਾਮ ਨਾਲ ਸਵਾਗਤ ਕੀਤਾ ਗਿਆ ਤੇ ਉੱਥੇ ਖਾਣ-ਪੀਣ ਦਾ ਵੀ ਬਹੁਤ ਵਧੀਆ ਇੰਤਜ਼ਾਮ ਕੀਤਾ ਗਿਆ ਸੀ। ਇਸ ਮੀਟਿੰਗ ਵਿੱਚ ਨਿਰਮਲ ਸਿੰਘ ਨੇ ਮੁਸਲਿਮ ਭਾਈਚਾਰੇ ਵਾਸਤੇ ਮਸਜਿਦ ਲਈ ਜੋ ਉਪਰਾਲਾ ਕੀਤਾ, ਉਸ ਦਾ ਸਾਰਿਆਂ ਨੇ ਆਪਣੇ ਭਾਸ਼ਣਾਂ ਵਿੱਚ ਜ਼ਿਕਰ ਕੀਤਾ। ਨਿਰਮਲ ਸਿੰਘ ਨੇ ਪੁਲਸ ਲਾਈਨ committee ਦੇ ਚੇਅਰਮੈਨ ਹੋਣ ਵਜੋਂ ਬਹੁਤ ਸਾਰੀਆਂ ਬੱਚੀਆਂ, ਜਿਨ੍ਹਾਂ ਨੂੰ ਵਰਗਲਾ ਕੇ ਤੰਗ ਕੀਤਾ ਜਾ ਰਿਹਾ ਸੀ, ਉਨ੍ਹਾਂ ਨੂੰ ਪੁਲਸ ਦੇ ਸਹਿਯੋਗ ਨਾਲ ਉਨ੍ਹਾਂ ਦੇ ਮਾਤਾ-ਪਿਤਾ ਕੋਲ ਪਹੁੰਚਾਇਆ। ਨਿਰਮਲ ਸਿੰਘ ਨੇ ਬ੍ਰੈੱਡਫੋਰਡ ਹਸਪਤਾਲ ਲਈ ਵੀ ਸਕੈਨਿੰਗ ਮਸ਼ੀਨ ਦਾ ਉਪਰਾਲਾ ਕੀਤਾ, ਜਿਸ ਦੀ ਲਾਗਤ 1.2 ਮਿਲੀਅਨ ਪਾਊਂਡ ਸੀ, ਜਿਸ ਵਿੱਚ ਬ੍ਰੈੱਡਫੋਰਡ ਦੇ ਨਾਮੀ ਬੈਂਕ ਵਪਾਰੀਆਂ ਤੇ ਕਮਿਊਨਿਟੀ ਲੀਡਰ ਨੇ ਵੀ ਆਪਣਾ ਸਾਥ ਦਿੱਤਾ। ਉਨ੍ਹਾ ਨੇ 9000 ਪਾਊਂਡ ਇਕੱਠਾ ਕਰਕੇ ਲੀਡਸ ਹਸਪਤਾਲ ਦੇ ਲੀਵਰ ਡਿਪਾਰਟਮੈਂਟ ਨੂੰ ਵੀ ਦਿੱਤਾ। ਉਨ੍ਹਾ ਲੀਡਸ, ਬ੍ਰੈੱਡਫੋਰਡ ਤੇ ਹੱਦਰਸਫ਼ੀਲਡ ਦੇ ਹਸਪਤਾਲ ਦੀ ਵੀ ਬਹੁਤ ਮਦਦ ਕੀਤੀ। ਉਨ੍ਹਾ ਨੇ ਇੰਡੀਆ ਦੇ ਸਟੂਡੈਂਟਸ ਨੂੰ ਬ੍ਰੈੱਡਫੋਰਡ ਯੂਨੀਵਰਸਿਟੀ ਵਿੱਚ ਦਾਖਲਾ ਦੁਆ ਕੇ ਯੂਨੀਵਰਸਿਟੀ ਦੇ ਖਜ਼ਾਨੇ ਵਿੱਚ ਇਜ਼ਾਫਾ ਕੀਤਾ। ਉਨ੍ਹਾ ਬ੍ਰੈੱਡਫੋਰਡ ਦੇ ਨਾਮੀ ਕਬੱਡੀ ਤੇ ਫੁੱਟਬਾਲ ਕਲੱਬਾਂ ਨੂੰ ਵੀ ਪੈਸੇ ਦੇ ਕੇ ਉਨ੍ਹਾਂ ਦੀ ਹੌਸਲਾ-ਅਫਜ਼ਾਈ ਕੀਤੀ ਤੇ ਖਿਡਾਰੀਆਂ ਦੇ ਹੌਸਲੇ ਬੁਲੰਦ ਕੀਤੇ। ਨਿਰਮਲ ਸਿੰਘ ਸੇਖੋਂ ਦਾ ਪੁੱਤਰ ਇਕਬਾਲ ਸਿੰਘ ਸੇਖੋਂ, ਜਿਨ੍ਹਾ ਦਾ ਨਿਕਨੇਮ ਸਿੰਮੀ ਹੈ, ਜੋ ਕਿ ਆਪਣੇ ਪਿਤਾ ਦੇ ਨਕਸ਼ੇ-ਕਦਮ ’ਤੇ ਚਲਦਿਆਂ ਹੋਇਆਂ 65 ਤੋਂ ਉੱਪਰ ਬੱਚਿਆਂ ਨੂੰ ਗੋਦ ਲੈ ਕੇ ਉਨ੍ਹਾਂ ਦੀ ਪੜ੍ਹਾਈ, ਖਾਣ-ਪੀਣ ਤੇ ਉਨ੍ਹਾਂ ਦੇ ਰਹਿਣ ਦਾ ਤੇ ਉਨ੍ਹਾਂ ਦੇ ਕੱਪੜਿਆਂ ਦਾ ਵੀ ਇੰਤਜ਼ਾਮ ਕੀਤਾ। ਇਸ ਮੀਟਿੰਗ ਵਿੱਚ ਮੁਸਲਿਮ ਭਾਈਚਾਰੇ ਦੇ ਫ਼ਜ਼ਲ ਹੁਸੈਨ MBE ਵੱਲੋਂ ਡਾਕਟਰ ਨਿਰਮਲ ਸਿੰਘ ਸੇਖੋਂ MBE ਦੇ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਉਨ੍ਹਾ ਨੂੰ ਸਨਮਾਨਤ ਕੀਤਾ ਗਿਆ।

